ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਵ ਨੂੰ ਸਮਰਪਿਤ ਅੰਕ

SAINI BHAWAN RUPNAGAR
PUNJAB
ਸਰਬਤ ਦਾ ਭਲਾ
Estb. 1971

# ਸੈਣੀ ਸੰਸਾਰ
# Saini Sansar

41
July - Sep. 2021

ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥ ਕੀਨੋ ਬਡੋ ਕਲੂ ਮਹਿ ਸਾਕਾ



## ਅੰਦਰ ਪੜ੍ਹੋ


- ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ
- ਸੈਣੀ ਭਵਨ ਦੀਆਂ ਸਰਗਰਮੀਆਂ
- ਅਚੰਭਾਜਨਕ ਪ੍ਰਕ੍ਰਿਤਿਕ ਰਚਨਾਵਾਂ
- ਸਿਹਤਮੰਦ ਸਾਹਿਤਕ ਰਚਨਾਵਾਂ
- ਸੈਣੀ ਸਖ਼ਸ਼ੀਅਤਾਂ
- ਮੈਟਰੀਮੋਨੀਅਲਜ਼


P U B L I S H E R S

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

**First Page** R.N.I. No. : PUNBIL/2011/48578

Volume - XI, Issue - III

# Saini Sansar

(Quarterly)

July - Sep. 2021

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**FOUNDER**
**Late Sh. L.R. Mundra**
Asstt. Police Commissioner
(Delhi) (Retd.)

**CHIEF EDITOR**
**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate
(Retd.)
Ph. : 94646-49922

**MANAGER (Circulation)**
**S. Jagdev Singh**
J.E. PSPCL (Retd.)
Ph. : 98883-96364

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Daljit Singh**
Desk Controller, PSPCL (Retd.)
Ph. : 99148-30323

**ADVISORS :**

**India** : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

**Australia** : **Harjit Singh Saini (Lasara)**
#41, Morris Crescent, Bellbird Park, 4300 Lpswic QLD-Australia

**U.S.A.** : **Dr. Manavpreet Kaur** Professor (English)
# 10936, Brighton Lane, Frisco, Tx-75033 (USA)

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI

| **Subscription / Assistance Money** | **India** | **Abroad** | **ਚੰਦਾ/ਸਹਾਇਤਾ ਰਾਸ਼ੀ** | **ਭਾਰਤ** | **ਵਿਦੇਸ਼** |
|---|---|---|---|---|---|
| One Copy | ₹ 30 | 2 £, 4 $, 4 € | ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| Annual (Four Copies) | ₹ 100 | 8 £, 15 $, 15 € | ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| For Five Years | ₹ 500 | 40 £, 75 $, 75 € | ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ________ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 03.07.2021**

# ਸੈਣੀ ਸੰਸਾਰ

ਜਿਲਦ 11, ਅੰਕ 3 (ਤਿਮਾਹੀ) ਜੁਲਾਈ - ਸਤੰਬਰ 2021

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com
ਫੋਨ : 9876626588

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)



ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)



ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।


ਮੁੱਖ ਪੰਨੇ 'ਤੇ ਫੋਟੋ : ਸਿੱਖਾਂ ਦੇ ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ।

## ਤੱਤਕਰਾ


| ਕੀ | ਕਿੱਥੇ |
|---|---|
| ਸੰਪਾਦਕੀ - ਪੰਜਾਬੀ ਸਭਿਆਚਾਰ ਦੀ ਪੁਨਰ ਸਿਰਜਣਾ | 3-4 |
| ਸੈਣੀ ਭਵਨ ਦੀਆਂ ਸਰਗਰਮੀਆਂ | 5-6 |
| ਅਦੁੱਤੀ ਸ਼ਹਾਦਤ | 7-8 |
| ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਮਹੱਤਤਾ | 9-10 |
| ਗੁਰੂ ਤੇਗ ਬਹਾਦਰ ਜੀ ਦੀ ਪੂਰਬ ਵੱਲ ਯਾਤਰਾ | 11-12 |
| ਗੁਰੂ ਤੇਗ ਬਹਾਦਰ ਜੀ ਨਾਲ ਸ਼ਹੀਦ ਹੋਏ ਸਿੱਖ | 13-15 |
| ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ | 16 |
| ਸ਼ਹੀਦੀ ਯਾਤਰਾ ਦਾ ਆਖ਼ਰੀ ਪੜਾਅ- ਗੁਰੂ ਕਾ ਤਾਲ | 17 |
| ਗੀਤ ਅਤੇ ਗ਼ਜ਼ਲ | 18 |
| ਸਾਡੇ ਚਾਨਣ ਮੁਨਾਰੇ - ਸੈਣੀ ਸਖ਼ਸ਼ੀਅਤਾਂ | 19-22 |
| ਕਹਾਣੀ - ਵਾਰਸ | 23-24 |
| ਸ਼ਰਧਾਂਜਲੀਆਂ | 24 |
| ਲਹੂ-ਭਿੱਜਾ ਇਤਿਹਾਸ - ਮੌਤ ਰੇਲਵੇ | 25 |
| ਜੋਤਿਸ਼ - ਇੱਕ ਭਰਮ | 26 |
| Remembering The Good Samaritan-L.R. Mundra | 27 |
| ਕੁਦਰਤੀ ਕ੍ਰਿਸ਼ਮਾ - ਨਿਆਗਰਾ ਫਾਲਜ਼ | 28-29 |
| ਲੇਖ - ਨਹਾਉਂਦਾ ਫਿਰੇਂ ਤੀਰਥਾਂ 'ਤੇ | 30-31 |
| ਕਵਿਤਾ - ਬੂੰਦ ਬਣ ਜਾਵਾਂ | 31 |
| ਵਿਰਸੇ ਦਾ ਹੇਰਵਾ - ਕਿੱਲੇ ਵਾਲਾ ਖੂਹ | 32-33 |
| ਕਹਾਣੀ - ਔਰਤ | 34 |
| ਲੇਖ - ਅਮਨ ? ਆਮੀਨ | 35-36 |
| ਕਿਸਾਨ ਅੰਦੋਲਨ - ਛੇ ਮਹੀਨਿਆਂ ਦਾ ਲੇਖਾ-ਜੋਖਾ | 37 |
| ਇਤਿਹਾਸਕ ਬੀਚ - ਵੈਂਚੂਰਾ, ਕੈਲੇਫੋਰਨੀਆ | 38 |
| ਪੰਜਾਬੀਆਂ ਦੀ ਬੱਲੇ - ਬੱਲੇ | 39 |
| ਮਨੁੱਖੀ ਦਰਦ ਦਾ ਅਹਿਸਾਸ | 40 |
| ਸੈਣੀ ਲਿਖਾਰੀ | 41 |
| Matrimonials | 42-48 |



## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਈਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |

ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. : 500 ਰੁ: 8 ਸੈ.ਮੀ. x 6 ਸੈ.ਮੀ. = 1000 ਰੁ:



ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

## ਸੰਪਾਦਕੀ



# ਪੰਜਾਬੀ ਸੱਭਿਆਚਾਰ ਦੀ ਪੁਨਰ ਸਿਰਜਣਾ

ਅਜਮੇਰ ਸਿੰਘ (ਡਾ.)
ਰੂਪਨਗਰ

ਪੰਜਾਬ ਦਾ ਵਿਰਸਾ ਸੰਗਰਾਮਮਈ ਹੈ। ਇਹ ਸਦੀਆਂ ਦੇ ਲੋਕ-ਘੋਲਾਂ ਅਤੇ ਸੰਘਰਸ਼ਮਈ ਲਹਿਰਾਂ ਵਿੱਚੋਂ ਉਪਜਿਆ ਹੈ। ਇਸ ਵਿੱਚ ਧਾੜਵੀਆਂ ਤੇ ਜਾਬਰ ਹਾਕਮਾਂ ਨਾਲ ਲੋਹਾ ਲੈਣ ਦੀਆਂ ਰਵਾਇਤਾਂ ਹਨ। ਸਿੱਖ ਗੁਰੂਆਂ ਦੀਆਂ ਕੁਰਬਾਨੀਆਂ ਨੇ ਇਸ ਜੁਝਾਰੂ ਵਿਰਸੇ ਦੀ ਨੀਂਹ ਰੱਖੀ; ਖਾਲਸੇ ਦੀ ਸਿਰਜਣਾ ਨੇ ਇਸ ਨੂੰ ਬਲ ਬਖਸ਼ਿਆ; ਨਾਦਰ ਸ਼ਾਹ ਅਤੇ ਅਬਦਾਲੀ ਜਿਹੇ ਜਰਵਾਣਿਆਂ ਦਾ ਰਾਹ ਰੋਕਣ ਵਾਲੇ ਸਿੱਖ ਯੋਧਿਆਂ ਨੇ ਇਸ ਨੂੰ ਪੱਕੇ ਪੈਰੀਂ ਕੀਤਾ; ਕੂਕਾ ਲਹਿਰ, ਪਗੜੀ ਸੰਭਾਲ ਜੱਟਾ ਲਹਿਰ, ਗਦਰ ਲਹਿਰ, ਗੁਰੂਦੁਆਰਾ ਸੁਧਾਰ ਲਹਿਰ, ਬੱਬਰ ਅਕਾਲੀ ਲਹਿਰ, ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀਆਂ ਕੁਰਬਾਨੀਆਂ ਨੇ ਇਸ ਨੂੰ ਮਾਣਮੱਤੇ ਸਿਖਰਾਂ 'ਤੇ ਪਹੁੰਚਾਇਆ। ਇਸ ਤਰ੍ਹਾਂ ਇੱਕ ਸਵੈਮਾਨੀ ਤੇ ਵਿਲੱਖਣ ਪੰਜਾਬੀ ਵਿਰਸੇ ਦੀ ਸਿਰਜਣਾ ਹੋਈ।

ਪਿਛਲੇ ਕੁੱਝ ਦਹਾਕਿਆਂ ਤੋਂ ਇਸ ਗੌਰਵਮਈ ਪੰਜਾਬੀ ਵਿਰਸੇ ਨੂੰ ਗ੍ਰਹਿਣ ਜਿਹਾ ਲਗਦਾ ਜਾਪਦਾ ਸੀ। ਇਸ ਦਾ ਬੌਧਿਕ ਤੇ ਸੱਭਿਆਚਾਰਕ ਪਤਨ ਹੋਣ ਲੱਗਾ ਸੀ। ਇਸ ਦਾ ਮਿਹਨਤੀ ਤੇ ਹਿੰਮਤੀ ਕਿਸਾਨ ਨਿੱਜੀ ਅਤੇ ਸਰਕਾਰੀ ਗਲਤੀਆਂ ਕਾਰਨ ਕਰਜ਼ੇ ਦੇ ਭਾਰ ਹੇਠ ਦੱਬ ਕੇ ਮਨੋਬਲ ਗੁਆ ਕੇ ਖੁਦਕਸ਼ੀਆਂ ਕਰਨ ਲੱਗਾ ਸੀ। ਨੌਜਵਾਨ ਬੇਰੁਜ਼ਗਾਰੀ ਤੋਂ ਤੰਗ ਆ ਕੇ ਨਸ਼ਿਆਂ ਵਿਚ ਗ੍ਰਸਣ ਲੱਗੇ ਸਨ ਅਤੇ ਆਪਣੀ ਊਰਜਾ ਗੈਂਗਪ੍ਰਸਤੀ ਕਰਨ ਵਿੱਚ ਖਰਚ ਕਰਨ ਲੱਗੇ ਸਨ, ਅਸ਼ਲੀਲ ਗਾਇਕੀ ਨੇ ਫੋਕੀ ਸ਼ੋਹਰਤ ਤੇ ਮਾਹਰਕੇਬਾਜ਼ੀ ਨੂੰ ਪਨਪਣ ਦਾ ਮੌਕਾ ਦਿੱਤਾ, ਪੜ੍ਹਿਆ-ਲਿਖਿਆ ਹਰ ਨੌਜਵਾਨ ਪ੍ਰਬੰਧਕੀ ਤਾਣੇਬਾਣੇ ਦੇ ਭ੍ਰਿਸ਼ਟਾਚਾਰ ਤੋਂ ਅੱਕ ਕੇ ਬਿਹਤਰ ਜ਼ਿੰਦਗੀ ਜਿਉਣ ਲਈ ਵਿਦੇਸ਼ਾਂ ਵਿੱਚ ਜਾਣ ਲਈ ਕਾਹਲਾ ਸੀ। ਰਾਜਨੀਤਿਕ ਨੇਤਾਵਾਂ ਨੇ ਪੰਜਾਬੀਆਂ ਨੂੰ ਅਜਿਹਾ ਉਲਝਾਇਆ ਕਿ ਉਹ ਲੁਟੇਰੇ ਅਤੇ ਹਿਤੂ ਵਿਚਕਾਰ ਫਰਕ ਹੀ ਭੁੱਲ ਗਏ। ਇਸ ਪ੍ਰਕਾਰ ਸਾਰੇ ਪੰਜਾਬੀਆਂ ਨੂੰ ਬੇਉਮੀਦੀ ਅਤੇ ਨਿਰਾਸ਼ਤਾ ਨੇ ਘੇਰ ਲਿਆ ਸੀ। ਪੰਜਾਬੀ, ਦੇਸ਼ ਦੇ ਦੂਜੇ ਲੋਕਾਂ ਵਿੱਚ ਮਜ਼ਾਕ ਦਾ ਪਾਤਰ ਬਣਨ ਲੱਗੇ ਸਨ। ਉਹ ਆਪਣੇ ਜੁਝਾਰੂ ਵਿਰਸੇ ਨੂੰ ਭੁੱਲ ਕੇ ਖੁਦ ਹੀ ਇਸ ਨੂੰ ਘਟੀਆ ਅਤੇ ਭੁਲੇਖਾਪਾਊ ਸਮਝਣ ਲਗ ਪਏ ਸਨ। ਪੰਜਾਬੀਆਂ ਦਾ ਦੂਜਿਆਂ ਨਾਲ ਸਹਿਯੋਗ ਕਰਦਿਆਂ ਅਗਵਾਈ ਦੇਣ ਵਾਲਾ ਸੱਭਿਆਚਾਰ ਖਤਮ ਹੋਣ ਵੱਲ ਜਾ ਰਿਹਾ ਸੀ।

ਅਜਿਹੇ ਨਿਰਾਸ਼ਤਾ ਵਾਲੇ ਸਮੇਂ, ਸਾਲ 2020 ਵਿੱਚ ਭਾਰਤ ਸਰਕਾਰ ਵਲੋਂ ਪਾਸ ਕੀਤੇ ਤਿੰਨ ਖੇਤੀ ਬਾੜੀ ਕਾਨੂੰਨਾਂ ਨੇ ਪੰਜਾਬੀਆਂ ਨੂੰ ਜਗਾਇਆ ਹੈ। ਇਨ੍ਹਾਂ ਕਾਲੇ ਕਾਨੂੰਨਾਂ ਵਿਰੁੱਧ ਵਿੱਢਿਆ ਕਿਸਾਨੀ ਘੋਲ ਪੰਜਾਬੀ ਸੱਭਿਆਚਾਰ ਲਈ ਪੁਨਰਜਾਗਰਨ ਦਾ ਪਰਬ ਬਣ ਗਿਆ ਹੈ। ਇਸ ਸੰਘਰਸ਼ ਨੇ ਪੰਜਾਬੀਆਂ ਦੀ ਸੁੱਤੀ ਪਈ ਚੇਤਨਤਾ ਨੂੰ ਵੰਗਾਰਿਆ ਹੈ। ਕਿਸਾਨ ਜਥੇਬੰਦੀਆਂ ਦੇ ਆਗੂਆਂ ਦੇ ਤਜ਼ਰਬੇ ਅਤੇ ਅੰਦੋਲਨ ਦੇ ਵੇਗ ਦੇ ਸੰਗਮ ਨੇ ਇਸ ਕਿਸਾਨੀ ਸੰਘਰਸ਼ ਨੂੰ ਅਜਿਹੇ ਤੇਵਰ ਦਿੱਤੇ ਹਨ ਜਿਨ੍ਹਾਂ ਨੇ ਇਸ ਅੰਦੋਲਨ ਨੂੰ ਇਤਿਹਾਸਕ ਬਣਾ ਦਿੱਤਾ ਹੈ। ਬਾਬਾ ਨਾਨਕ ਦੇ ਸਮਾਜਿਕ ਬਰਾਬਰੀ ਦੇ ਸੰਕਲਪ ਨੇ ਇਸ ਘੋਲ ਵਿੱਚ ਅਮਲੀ ਰੂਪ ਧਾਰਨ ਕੀਤਾ। ਇਸ ਕਾਰਨ ਧਾਰਮਿਕ ਸੰਸਥਾਵਾਂ ਵਲੋਂ ਇੱਥੇ ਅਟੁੱਟ ਲੰਗਰ ਵਰਤਾਏ ਜਾ ਰਹੇ ਹਨ ਜਿਨ੍ਹਾਂ ਵਿੱਚ ਕੇਵਲ ਕਿਸਾਨ ਹੀ ਨਹੀਂ, ਸਥਾਨਿਕ ਲੋੜਵੰਦ ਕਿਰਤੀ ਵੀ ਪੇਟ ਭਰ ਰਹੇ ਹਨ। ਇਸ ਅੰਦੋਲਨ ਵਿੱਚ ਘਰੇਲੂ ਔਰਤਾਂ ਨੇ ਜਿਸ ਜੋਸ਼ ਅਤੇ ਸਰਗਰਮੀ ਨਾਲ ਹਿੱਸਾ ਲਿਆ ਉਸ ਨੇ ਬਾਬਾ ਨਾਨਕ ਦਾ ਕਿਹਾ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਸੱਚ ਸਿੱਧ ਕਰ ਦਿਖਾਇਆ ਹੈ।

ਇਸ ਕਿਸਾਨ ਅੰਦੋਲਨ ਨੇ ਪਹਿਲਾਂ ਰੇਲ ਲਾਈਨਾਂ ਅਤੇ ਕਾਰਪੋਰੇਟ ਘਰਾਣਿਆਂ ਦੇ ਅਦਾਰਿਆਂ ਅੱਗੇ ਧਰਨਿਆਂ ਵਿੱਚ ਅਤੇ ਫਿਰ ਸਿੰਘੂ ਅਤੇ ਟਿਕਰੀ ਬਾਰਡਰਾਂ 'ਤੇ ਇੱਕ ਵੱਖਰਾ ਹੀ ਸਮਾਜ ਸਿਰਜ ਲਿਆ ਹੈ। ਇੱਥੇ ਇੱਕ ਨਵੀਂ ਤਰ੍ਹਾਂ ਦੀ ਧਰਮਸ਼ਾਲਾ, ਕਮਿਊਨ ਅਤੇ ਸਮਾਜ ਸਿਰਜਿਆ ਗਿਆ ਹੈ। ਜਿੱਥੇ ਹਾਕਮ ਜਮਾਤ ਨੇ ਸਮਾਜ ਵਿੱਚ ਨਫਰਤ ਫੈਲਾ ਕੇ ਇਸ ਨੂੰ ਧਰਮ ਦੇ ਅਧਾਰ 'ਤੇ ਵੰਡਣ ਦੀ ਕੋਸ਼ਿਸ਼ ਕੀਤੀ ਹੈ ਉੱਥੇ ਕਿਸਾਨੀ ਕੈਂਪਾਂ ਵਿੱਚ ਪ੍ਰੇਮ ਅਤੇ ਅਨੁਰਾਗ ਹੈ। ਇੱਥੇ ਸਮਾਜਿਕ ਵੰਡੀਆਂ ਵਿਰੁੱਧ ਲੜਨ ਦਾ ਜਜ਼ਬਾ ਹੈ, ਅਨਿਆਂ ਵਿਰੁੱਧ ਲੜਦਿਆਂ ਕੁਰਬਾਨੀ ਦੇਣ ਦੀ ਭਾਵਨਾ ਹੈ। ਇੱਥੇ ਸਿੱਖ ਗੁਰੂਆਂ ਦੇ ਊਰਜਾਵਾਨ ਸੰਸਾਰ ਦੇ ਨਾਲ ਨਾਲ ਸਰਦਾਰ ਅਜੀਤ ਸਿੰਘ, ਬਾਬਾ ਸੋਹਣ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਹੋਰ ਲੋਕ-ਨਾਇਕਾਂ ਦੀਆਂ ਆਵਾਜ਼ਾਂ ਗੂੰਜ ਰਹੀਆਂ ਹਨ। ਇਹ ਅੰਦੋਲਨ ਭਗਤ ਰਵਿਦਾਸ, ਭਗਤ ਨਾਮਦੇਵ, ਭਗਤ ਕਬੀਰ ਦੀ ਸਰਵਸਾਂਝੀਵਾਲਤਾ ਦੀ ਸਿੱਖਿਆ ਤੋਂ ਪ੍ਰੇਰਨਾ ਲੈ ਰਿਹਾ ਹੈ। ਇਹ ਦੁਨੀਆਂ ਦੇ ਨਾਮਵਰ ਚਿੰਤਕਾਂ, ਕਾਰਲ ਮਾਰਕਸ, ਲੈਨਿਨ, ਡਾ.ਬੀ.ਆਰ.ਅੰਬੇਦਕਰ, ਮਹਾਤਮਾ ਗਾਂਧੀ ਤੋਂ ਅਗਵਾਈ ਲੈ ਰਿਹਾ ਹੈ। ਏਥੇ ਮਹਾਤਮਾ ਜਯੋਤਿਬਾ ਫੂਲੇ, ਸਵਿੱਤਰੀ ਫੂਲੇ ਤੋਂ ਲੈ ਕੇ ਮੌਜੂਦਾ ਸਮੇਂ ਬੰਦੀ ਬਣਾਏ ਗਏ ਵਰਵਰਾ ਰਾਓ, ਸੁਧਾ ਭਾਰਦਵਾਜ, ਆਨੰਦ ਤੈਲਤੁੰਬੜੇ ਤੇ ਨਫਰਤੀ ਤਾਕਤਾਂ ਦੁਆਰਾ ਕਤਲ ਕੀਤੇ ਗਏ ਸਮਾਜਿਕ ਕਾਰਕੁਨਾਂ ਗੌਰੀ ਸ਼ੰਕਰ, ਨਰਿੰਦਰ ਦਾਭੋਲਕਰ, ਗੋਵਿੰਦ ਪਨਸਾਰੇ ਨੂੰ ਯਾਦ

ਕੀਤਾ ਜਾਂਦਾ ਹੈ। ਇਸ ਵਿੱਚ ਕਿਸਾਨਾਂ ਨੂੰ ਜ਼ਮੀਨਾਂ ਦੇ ਹੱਕ ਦੇਣ ਵਾਲੇ ਜਰਨੈਲ ਬੰਦਾ ਸਿੰਘ ਬਹਾਦਰ ਅਤੇ ਹਿਤੈਸ਼ੀ ਰਾਜਨੀਤਿਕ ਨੇਤਾ ਸਰ ਛੋਟੂ ਰਾਮ ਦੀ ਆਤਮਾ ਹਾਜ਼ਰ ਹੈ। ਇਸ ਕਾਰਨ ਹੀ ਕਿਸਾਨੀ ਸੰਘਰਸ਼ ਵਿੱਚ ਸਮਾਜ ਦੇ ਹੋਰ ਵਰਗਾਂ ਦੇ ਲੋਕਾਂ, ਨੌਜਵਾਨਾਂ, ਔਰਤਾਂ, ਖੇਤ ਮਜ਼ਦੂਰਾਂ, ਸਨਅਤੀ ਕਾਮਿਆਂ, ਚਿੰਤਕਾਂ, ਗਾਇਕਾਂ, ਰੰਗਕਰਮੀਆਂ ਅਤੇ ਲੋਕ ਕਲਾਕਾਰਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ ਹੈ। ਇਹ ਅੰਦੋਲਨ ਹੁਣ ਲੋਕ-ਅੰਦੋਲਨ ਬਣ ਗਿਆ ਹੈ ਜਿੱਥੇ ਲੋਕ ਤੀਰਥ ਅਸਥਾਨਾਂ ਦੀ ਯਾਤਰਾ ਵਾਂਗ ਧਾਏ ਹਨ। ਇਸ ਅੰਦੋਲਨ ਦੇ ਆਗੂਆਂ ਨੇ ਖੇਤੀਬਾੜੀ ਕਾਨੂੰਨਾਂ ਪਿੱਛੇ ਕਾਰਪੋਰੇਟੀ ਹੱਥ ਦੀ ਪਛਾਣ ਕਰ ਕੇ ਸਮਝਦਾਰੀ ਤੇ ਸਿਆਣਪ ਦਾ ਸਬੂਤ ਦਿੱਤਾ ਹੈ। ਦੇਸ਼ ਦੇ ਲੋਕਾਂ ਨੇ ਕਿਸੇ ਸ਼ਕਤੀਸ਼ਾਲੀ ਤਾਕਤ ਦੇ ਵਿਰੋਧ ਦਾ ਇਹ ਸੰਗਰਾਮਮਈ ਰੂਪ ਕਈ ਦਹਾਕਿਆਂ ਬਾਅਦ ਦੇਖਿਆ ਹੈ।

ਇਸ ਅੰਦੋਲਨ ਨੇ ਉਸ ਭਾਵਨਾ ਨੂੰ ਨਕਸ਼ ਦਿੱਤੇ ਹਨ ਜਿਸ ਨੂੰ ਅਸੀਂ ਪੰਜਾਬੀਅਤ ਕਹਿੰਦੇ ਆਏ ਹਾਂ। ਇਸ ਅੰਦੋਲਨ ਨੇ ਸੈਂਕੜੇ ਗੀਤ, ਕਵਿਤਾਵਾਂ, ਕਹਾਣੀਆਂ ਤੇ ਨਾਟਕ ਲਿਖੇ ਹਨ ਜਿਨ੍ਹਾਂ ਚੋਂ ਪੰਜਾਬੀ ਸੱਭਿਆਚਾਰ ਉਜਾਗਰ ਹੁੰਦਾ ਹੈ। ਇਸ ਅੰਦੋਲਨ ਨੇ ਆਪਣੇ ਆਪ ਨੂੰ ਹਉਮੈਂ ਤੇ ਘਮੰਡ ਤੋਂ ਬਚਾ ਕੇ ਰੱਖਦਿਆਂ ਨਿਮਰਤਾ ਤੇ ਸੰਜਮ ਅਪਣਾਇਆ ਹੈ। ਇਸ ਨਾਲ ਇਹ ਨੈਤਿਕ ਸਫਲਤਾ ਹਾਸਲ ਕਰ ਚੁੱਕਾ ਹੈ। ਕਿਸਾਨੀ ਪਾਸੇ ਪ੍ਰੇਮ, ਸਾਂਝੀਵਾਲਤਾ, ਨਿਮਰਤਾ, ਸੰਜਮ, ਸਿਦਕ, ਸਿਰੜ, ਸਦਾਚਾਰ, ਇਖਲਾਕ ਅਤੇ ਨਿਆਂ ਦੀ ਫਸਲ ਹੈ ਜਦੋਂਕਿ ਵਿਰੋਧ ਵਿੱਚ ਹਕੂਮਤ ਦਾ ਘੁਮੰਡ, ਹੰਕਾਰ ਅਤੇ ਹਉਮੈਂ ਦਾ ਬੋਲਬਾਲਾ ਹੈ। ਇਸ ਵਲੋਂ ਅੰਦੋਲਨਕਾਰੀਆਂ ਨੂੰ ਅਤਿਵਾਦੀ, ਖਾਲਿਸਤਾਨੀ ਤੇ ਦੇਸ਼ਧਰੋਹੀ ਕਹਿ ਕੇ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਨਾਕਾਮਯਾਬ ਹੋ ਚੁਕੀਆਂ ਹਨ। ਇਸ ਨੇ ਦੇਸ਼ ਦੇ ਹੋਰ ਭਾਗਾਂ ਦੇ ਕਿਸਾਨਾਂ ਨੂੰ ਵੀ ਉਨ੍ਹਾਂ ਵਿਰੁੱਧ ਹੋ ਰਹੀ ਬੇਇਨਸਾਫੀ ਪ੍ਰਤਿ ਜਾਗ੍ਰਿਤ ਕੀਤਾ ਹੈ। ਇਸ ਕਾਰਨ ਪੰਜਾਬੀ ਕਿਸਾਨ ਨੇ ਇਤਿਹਾਸਿਕ ਜ਼ਿੰਮੇਵਾਰੀ ਨਿਭਾ ਕੇ ਇਸ ਦੇ ਮੋਹਰੀ ਬਣਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਸ ਨੇ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਵਿਚਕਾਰ ਰਾਜਸੀ ਪਾਰਟੀਆਂ ਵਲੋਂ ਐਸ.ਵਾਈ.ਐਲ ਨਹਿਰ ਦੇ ਰੂਪ ਵਿੱਚ ਖੜ੍ਹੀ ਕੀਤੀ ਦੀਵਾਰ ਕਿਸਾਨਾਂ ਨੇ ਤੋੜ ਦਿੱਤੀ ਹੈ। ਕਿਸਾਨਾਂ ਨੇ ਇਸ ਸੰਘਰਸ਼ ਦੌਰਾਨ ਆਪਣੇ ਸ਼ਹੀਦ ਹੋਏ 500 ਤੋਂ ਵੱਧ ਕਿਸਾਨਾਂ ਦੀ ਪੀੜ ਨੂੰ ਵੀ ਜਿਗਰੇ ਨਾਲ ਸਹਾਰ ਲਿਆ ਹੈ। ਅੰਦੋਲਨਕਾਰੀਆਂ ਨੇ ਸਰਕਾਰ ਦੀ 26 ਜਨਵਰੀ ਨੂੰ ਲਾਲ ਕਿਲੇ 'ਤੇ ਕੀਤੀ ਸਾਜ਼ਿਸ਼ ਨੂੰ ਵੀ ਸਿਆਣਪ ਅਤੇ ਅਨੁਭਵ ਨਾਲ ਬੇਅਸਰ ਕਰ ਦਿੱਤਾ ਹੈ। ਇਹ ਟੱਕਰ ਹੁਣ ਲੋਕਾਈ ਦੇ ਪ੍ਰੇਮ, ਨਿਮਰਤਾ ਅਤੇ ਸੰਜਮ ਦੇ ਸੰਸਾਰ ਅਤੇ ਹਾਕਮ ਜਮਾਤ ਦੀ ਅਸੰਵੇਦਨਸ਼ੀਲਤਾ, ਅਭਿਮਾਨ, ਹੰਕਾਰ ਤੇ ਘੁਮੰਡ ਦੇ ਸੰਸਾਰ ਵਿਚਕਾਰ ਟੱਕਰ ਬਣ ਗਈ ਹੈ। ਸਰਕਾਰ ਆਪਣੀ ਹਉਮੈਂ ਅਤੇ ਕਾਰਪੋਰੇਟ ਘਰਾਣਿਆਂ ਦੇ ਦਬਾਅ ਦੇ ਕਵਚ ਵਿੱਚ ਕੈਦ ਹੈ ਜਦੋਂਕਿ ਕਿਸਾਨ ਕਬੀਰ ਦੇ ਬੋਲਾਂ ਅਨੁਸਾਰ ਗਗਨ ਦਮਾਮੇ ਵਜਾਉਂਦੇ ਹੋਏ ਮੈਦਾਨ ਨਾ ਛੱਡਣ ਦਾ ਤਹੱਈਆ ਕਰ ਚੁੱਕੇ ਹਨ।

ਇਸ ਅੰਦੋਲਨ ਨੇ ਦਿਖਾ ਦਿੱਤਾ ਹੈ ਕਿ ਅਸਲੀ ਪੰਜਾਬ ਵਿੱਚ ਸਿਰ ਉੱਚਾ ਕਰ ਕੇ ਜਿਉਣ ਦੀ ਉਮੰਗ ਹੈ, ਜਿਸ ਦੀਆਂ ਆਸਾਂ ਦਾ ਸੰਸਾਰ ਮਿਹਨਤ, ਸਾਂਝੀਵਾਲਤਾ ਤੇ ਨਾਬਰੀ ਦੇ ਸਦਾਚਾਰ 'ਤੇ ਉੱਸਰਿਆ ਹੋਇਆ ਹੈ। ਇਸ ਦੀ ਵਲੂੰਧਰੀ ਹੋਈ ਰੂਹ ਵਿੱਚ ਨਿਰਮਲਤਾ ਵੀ ਹੈ ਤੇ ਤੂਫਾਨੀ ਵੇਗ ਵੀ। ਇਸ ਅੰਦੋਲਨ ਨੇ ਪੰਜਾਬ ਦੀ ਲੀਰੋਲੀਰ ਆਤਮਾ ਨੂੰ ਤੋਪੇ ਲਾ ਕੇ ਮੁੜ ਨਰੋਆ ਕੀਤਾ ਹੈ। ਇਸ ਨੇ ਪੰਜਾਬੀ ਸੱਭਿਆਚਾਰ ਨੂੰ ਨਵੀਂ ਲੀਹ 'ਤੇ ਤੋਰਿਆ ਹੈ। ਸੰਘਰਸ਼ੀ ਕਿਸਾਨਾਂ ਨੇ ਇਤਿਹਾਸਕ ਫੈਸਲੇ ਲਏ ਹਨ ਕਿ ਇੱਕ ਤਾਂ ਉਹ ਮੰਗਾਂ ਮੰਨਵਾਏ ਬਗੈਰ ਵਾਪਸ ਨਹੀਂ ਜਾਣਗੇ ਦੂਜੇ ਸ਼ਾਤਮਈ ਰਹਿ ਕੇ ਜਬਰ ਦਾ ਮੁਕਾਬਲਾ ਕਰਨਗੇ। ਹੁਣ ਭਾਰਤ ਦੀ ਲੋਕਤੰਤਰਿਕ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਕਰ ਕੇ ਇਸ ਖੜੋਤ ਨੂੰ ਤੋੜੇ ਅਤੇ ਜਲਦਬਾਜ਼ੀ ਵਿੱਚ ਬਣਾਏ ਕਿਸਾਨ-ਵਿਰੋਧੀ ਕਾਨੂੰਨਾਂ ਨੂੰ ਵਾਪਿਸ ਲੈ ਲਵੇ। ਇਸ ਕਿਸਾਨੀ ਅੰਦੋਲਨ ਦਾ ਸਿੱਟਾ ਭਾਵੇਂ ਕੋਈ ਵੀ ਨਿਕਲੇ ਪਰ ਇਸ ਨੇ ਪੰਜਾਬੀ ਸੱਭਿਆਚਾਰ ਦੀ ਪੁਨਰ ਸਿਰਜਣਾ ਦਾ ਰਾਹ ਖੋਲ੍ਹ ਦਿੱਤਾ ਹੈ। ਇਹ ਰਾਹ ਤੇਜ਼ੀ ਨਾਲ ਬਦਲਦੇ ਹਾਲਾਤਾਂ ਵਿੱਚ ਆਪਣੀ ਹੋਂਦ ਨੂੰ ਕਾਇਮ ਰੱਖਣ ਵਿੱਚ ਕਾਮਯਾਬ ਹੋਵੇ, ਇਹ ਹਰ ਚੇਤੰਨ ਤੇ ਸੁਹਿਰਦ ਪੰਜਾਬੀ ਦੀ ਕਾਮਨਾ ਹੈ।

ਕਿੱਥੇ ਵਸੇਂਗਾ ਤੂੰ ਭਲਾ ਸਾਨੂੰ ਉਜਾੜ ਕੇ।
ਪਾਏਗਾ ਕਿੱਥੇ ਆਲ੍ਹਣਾ ਸ਼ਾਖਾਂ ਨੂੰ ਝਾੜ ਕੇ।

❖❖ ❖❖ ❖❖

ਕਵਿਤਾ

## ਮਸ਼ਾਲਾਂ ਬਾਲ ਕੇ ਚੱਲਣਾ

* ਮਹਿੰਦਰ ਸਾਥੀ

ਮਸ਼ਾਲਾਂ ਬਾਲ ਕੇ ਚੱਲਣਾ, ਜਦੋਂ ਤੱਕ ਰਾਤ ਬਾਕੀ ਹੈ।
ਸੰਭਲ ਕੇ ਹਰ ਕਦਮ ਚੁੱਕਣਾ, ਜਦੋਂ ਤੱਕ ਰਾਤ ਬਾਕੀ ਹੈ।
ਪਸੀਨੇ ਦੀ ਤਾਂ ਗੱਲ ਛੱਡੋ,ਲਹੂ ਮਜ਼ਦੂਰ ਦਾ ਯਾਰੋ,
ਇਹ ਸਸਤਾ ਪਾਣੀਉਂ ਰਹਿਣਾ, ਜਦੋਂ ਤੱਕ ਰਾਤ ਬਾਕੀ ਹੈ।
ਮਿਲੂ ਮਨਸੂਰ ਨੂੰ ਸੂਲੀ, ਜ਼ਹਿਰ ਸੁਕਰਾਤ ਦੇ ਹਿੱਸੇ,
ਰਹੇਗਾ ਜੁਰਮ ਸੱਚ ਕਹਿਣਾ, ਜਦੋਂ ਤੱਕ ਰਾਤ ਬਾਕੀ ਹੈ।
ਰਗੜ ਮੱਥਾ ਤੂੰ ਮਸਜਿਦ ਵਿੱਚ, ਜਾਂ ਮੰਦਰ ਨੂੰ ਤੂੰ ਕਰ ਸਜਦੇ,
ਤੇਰੇ ਦੁੱਖਾਂ ਨਹੀਂ ਮੁਕਣਾ, ਜਦੋਂ ਤੱਕ ਰਾਤ ਬਾਕੀ ਹੈ।
ਹਕੀਕਤ ਇਹ ਕਿ ਕਈ ਮਿਰਜੇ, ਗਏ ਮਾਰੇ ਨੇ ਬੰਨ੍ਹ ਬੰਨ੍ਹ ਕੇ,
ਤੇ ਖਬਰੀਂ 'ਟਾਕਰਾ' ਛਪਣਾ,ਜਦੋਂ ਤੱਕ ਰਾਤ ਬਾਕੀ ਹੈ।
ਨਹੀਂ ਫਰਿਆਦ ਦਾ ਫਾਇਦਾ,ਹਨੇਰੇ ਦੀ ਅਦਾਲਤ ਵਿੱਚ,
ਤੂੰ ਕਰ ਸੰਗਰਾਮ ਐ 'ਸਾਥੀ',ਜਦੋਂ ਤੱਕ ਰਾਤ ਬਾਕੀ ਹੈ।
(*ਤੁਰ ਗਿਆ ਸਾਥੀ)



ਅਪ੍ਰੈਲ - ਜੂਨ 2021 ਦੌਰਾਨ

# ਸੈਣੀ ਭਵਨ ਦੀਆਂ ਸਰਗਰਮੀਆਂ

ਰਾਜਿੰਦਰ ਸੈਣੀ
ਰੂਪਨਗਰ

**ਤਿਮਾਹੀ ਮੈਗਜ਼ੀਨ ''ਸੈਣੀ ਸੰਸਾਰ'' ਦਾ 40ਵਾਂ ਅੰਕ ਲੋਕਅਰਪਣ:-**

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵੱਲੋਂ ਪ੍ਰਕਾਸ਼ਿਤ ਕੀਤਾ ਜਾਂਦਾ ਸਮਾਜਿਕ ਚੇਤਨਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ ''ਸੈਣੀ ਸੰਸਾਰ'' ਦਾ 40ਵਾਂ ਅੰਕ 6 ਅਪ੍ਰੈਲ, 2021 ਨੂੰ ਸੈਣੀ ਭਵਨ ਵਿਖੇ ਕੋਵਿਡ-19 ਅਧੀਨ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਆਯੋਜਿਤ ਸੰਖੇਪ ਸਮਾਗਮ ਦੌਰਾਨ ਲੋਕਅਰਪਣ ਕੀਤਾ ਗਿਆ। ਮੈਗਜ਼ੀਨ ਲੋਕਅਰਪਣ ਕਰਨ ਦੀ ਰਸਮ ਪਿੰਡ ਬਲਰਾਮਪੁਰ (ਬੇਲਾ) ਨਿਵਾਸੀ ਸ. ਬਲਵਿੰਦਰ ਸਿੰਘ ਯੂਐਸਏ ਵਲੋਂ ਅਦਾ ਕੀਤੀ ਗਈ। ਉਨ੍ਹਾਂ ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਨਿਸ਼ਕਾਮ ਭਾਵਨਾ ਨਾਲ ਸਮਾਜ ਭਲਾਈ ਦੇ ਖੇਤਰ ਵਿੱਚ ਕੀਤੇ ਜਾ ਰਹੇ ਵੱਖ ਵੱਖ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਸੰਸਥਾ ਦੀ ਚੜ੍ਹਦੀ ਕਲਾ ਲਈ ਆਪਣੀਆਂ ਸ਼ੁਭ ਕਾਮਨਾਵਾਂ ਭੇਟ ਕੀਤੀਆਂ। ਉਹ ਇਸ ਮੌਕੇ ਸੰਸਥਾ ਦੇ ਲਾਈਫ ਮੈਂਬਰ ਬਣੇ ਅਤੇ ਹਰ ਤਰ੍ਹਾਂ ਦੀ ਮਦਦ ਕਰਨ ਦਾ ਭਰੋਸਾ ਦਿੱਤਾ। ਸਮਾਗਮ ਦੌਰਾਨ ਉਨ੍ਹਾਂ ਸੰਸਥਾ ਵਿਖੇ ਸਿਲਾਈ ਕਢਾਈ ਦਾ ਕੋਰਸ ਪੂਰਾ ਕਰਨ ਵਾਲੀਆਂ ਸਿੱਖਿਆਰਥਣਾਂ ਨੂੰ ਸਰਟੀਫਿਕੇਟ ਵੀ ਭੇਟ ਕੀਤੇ। ਇਸ ਮੌਕੇ ਉਨ੍ਹਾਂ ਨਾਲ ਆਏ ਪਿੰਡ ਬਲਰਾਮਪੁਰ ਦੇ ਸਰਪੰਚ ਸਤਵਿੰਦਰ ਸਿੰਘ ਵੀ ਸੰਸਥਾ ਦੇ ਲਾਈਫ ਮੈਂਬਰ ਬਣੇ। ਸਮਾਗਮ ਦੇ ਆਰੰਭ ਵਿੱਚ ਆਏ ਮਹਿਮਾਨਾਂ ਦਾ ਸੰਸਥਾ ਦੇ ਪੀਆਰਓ ਰਾਜਿੰਦਰ ਸੈਣੀ ਨੇ ਪ੍ਰਬੰਧਕੀ ਕਮੇਟੀ ਵੱਲੋਂ ਸਵਾਗਤ ਕਰਦਿਆਂ ਕਿਹਾ ਕਿ ਸੰਸਥਾ ਦੀ ਪ੍ਰਬੰਧਕੀ ਕਮੇਟੀ ਦੇ ਸਮੂਹ ਮੈਂਬਰ ਸਮਰਣ ਦੀ ਭਾਵਨਾ ਲੋਕ ਭਲਾਈ ਦੇ ਕਾਰਜਾਂ ਲਈ ਆਪਣਾ ਯੋਗਦਾਨ ਪਾਉਂਦੇ ਹਨ। ਸੰਸਥਾ ਦੇ ਚੇਅਰਮੈਨ ਡਾ. ਅਜਮੇਰ ਸਿੰਘ ਤੰਬੜ ਨੇ ਸੈਣੀ ਭਵਨ 'ਚ ਚਲ ਰਹੀਆ ਗਤੀਵਿਧੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਕੋਵਿਡ-19 ਦੇ ਚਲਦਿਆਂ ਸੰਸਥਾ ਨੇ ਆਪਣੇ ਸਮਾਜ ਸੇਵਾ ਦੇ ਕਾਰਜਾਂ ਨੂੰ ਜਾਰੀ ਰੱਖਦੇ ਹੋਏ ਕੋਈ 104 ਲੋੜਵੰਦਾਂ ਨੂੰ 9 ਲੱਖ ਰੁਪਏ ਦੇ ਵਜੀਫੇ ਵੰਡੇ, ਦੋ ਖੂਨਦਾਨ ਕੈਂਪ ਲਗਾਏ, ਕੋਵਿਡ-19 ਦੌਰਾਨ ਲੋੜਵੰਦਾਂ ਲਈ ਮਾਲੀ ਸਹਾਇਤਾ ਦਾ ਯੋਗਦਾਨ ਪਾਇਆ, ਮੈਗਜ਼ੀਨ ਦੇ ਅੰਕ ਪ੍ਰਕਾਸ਼ਤ ਕੀਤੇ, ਲੜਕੀਆਂ ਲਈ ਤਕਨੀਕੀ ਕੋਰਸ ਜਾਰੀ ਰੱਖਣ ਆਦਿ ਦਾ ਉਪਰਾਲਾ ਕੀਤਾ ਹੈ। ਸਮਾਗਮ ਨੂੰ ਟਰੱਸਟੀ ਬਲਬੀਰ ਸਿੰਘ, ਦੇਵਿੰਦਰ ਸਿੰਘ ਜਟਾਣਾ, ਗੁਰਮੁੱਖ ਸਿੰਘ ਸੈਣੀ, ਰਾਮ ਸਿੰਘ ਸੈਣੀ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਟਰੱਸਟੀ ਤੇ ਪ੍ਰਬੰਧਕੀ ਕਮੇਟੀ ਮੈਂਬਰ ਡਾ. ਜਸਵੰਤ ਕੌਰ ਸੈਣੀ, ਗੁਰਮੁੱਖ ਸਿੰਘ ਲੋਂਗੀਆ, ਕੈਪਟਨ ਹਾਕਮ ਸਿੰਘ, ਅਮਰਜੀਤ ਸਿੰਘ, ਰਾਜਿੰਦਰ ਸਿੰਘ ਗਿਰਨ, ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ, ਜਗਦੇਵ ਸਿੰਘ, ਸੁਰਿੰਦਰ ਸਿੰਘ, ਪ੍ਰਿਤਪਾਲ ਸਿੰਘ, ਹਰਦੀਪ ਸਿੰਘ, ਦਲਜੀਤ ਸਿੰਘ ਤੋਂ ਇਲਾਵਾ ਪਿੰਡ ਪਿਰੋਜ਼ਪੁਰ ਦੇ ਸਾਬਕਾ ਸਰਪੰਚ ਗੁਰਮੇਲ ਸਿੰਘ ਵੀ ਹਾਜ਼ਰ ਸਨ। ਇਸ ਸਮੇਂ ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਸ. ਬਲਵਿੰਦਰ ਸਿੰਘ ਯੂਐਸਏ ਨੂੰ ਸਨਮਾਨਿਤ ਵੀ ਕੀਤਾ ਗਿਆ।

**ਵਿਸ਼ਵ ਰੈਡ ਕਰਾਸ ਦਿਵਸ ਮਨਾਇਆ**

**ਸੈਣੀ ਭਵਨ ਰੂਪਨਗਰ ਦੇ ਸਹਿ-ਅਦਾਰੇ ''ਆਪਣਾ ਘਰ'' ਬਿਰਧ ਆਸ਼ਰਮ ਵਿਖੇ** ਜ਼ਿਲ੍ਹਾ ਰੈਡ ਕਰਾਸ ਸ਼ਾਖਾ ਰੂਪਨਗਰ ਵਲੋਂ 8 ਮਈ 2021 ਨੂੰ ਵਿਸ਼ਵ ਰੈਡ ਕਰਾਸ ਦਿਵਸ ਮਨਾਇਆ ਗਿਆ। ਇਸ ਮੌਕੇ ਇੱਥੇ ਰਹਿ ਰਹੇ ਬਜ਼ੁਰਗਾਂ ਨੂੰ ਰਾਸ਼ਨ ਦੀਆਂ ਕਿੱਟਾਂ, ਮਾਸਕ, ਸੈਨੀਟਾਇਜਰ, ਸਾਬਣ ਵੀ ਵੰਡੇ ਗਏ। ਸੰਸਥਾ ਦੇ ਪ੍ਰਧਾਨ ਸ੍ਰੀ ਰਜਿੰਦਰ ਸੈਣੀ ਟਰੱਸਟੀ ਵਲੋਂ ਰੈਡ ਕਰਾਸ ਦੀ ਟੀਮ ਦਾ ਸਵਾਗਤ ਕੀਤਾ ਗਿਆ ਅਤੇ ਰੈਡ ਕਰਾਸ ਦਿਵਸ ਦੇ ਮੱਹਤਵ ਬਾਰੇ ਰੋਸ਼ਨੀ ਵੀ ਪਾਈ। ਇਸ ਮੌਕੇ ਡਾਕਟਰ ਸੁਨੀਲ ਕੁਮਾਰ ਧਵਨ, ਰੈਡ ਕਰਾਸ ਦੀਆਂ ਮੈਂਬਰ ਹਰਿੰਦਰ ਕੌਰ ਸੈਣੀ, ਗਗਨ ਸੈਣੀ, ਸੈਣੀ ਭਵਨ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਡਾ. ਅਜਮੇਰ ਸਿੰਘ, ਸੰਸਥਾ ਦੇ ਟਰੱਸਟੀ ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ, ਬਲਵਿੰਦਰ ਕੌਰ, ਬਹਾਦਰਜੀਤ ਸਿੰਘ, ਮੈਨੇਜਰ ਕੇ. ਐਸ. ਭੋਗਲ ਤੋਂ ਇਲਾਵਾ ਸੰਗਤ ਸਿੰਘ, ਹਰਿੰਦਰ ਸਿੰਘ, ਐਚ. ਸੀ. ਸੈਣੀ, ਰਾਜਿੰਦਰ ਸਿੰਘ ਮੁੰਦਰਾ, ਐਸ. ਐਮ ਸਿੰਘ ਆਦਿ ਵੀ ਹਾਜ਼ਰ ਸਨ।

**ਸ਼੍ਰੀ ਐਲ. ਆਰ. ਮੁੰਦਰਾ ਦੀ ਚੌਥੀ ਬਰਸੀ ਮੌਕੇ ਭੇਟ ਕੀਤੀਆਂ ਸ਼ਰਧਾਜਲੀਆਂ-**

ਸੈਣੀ ਭਵਨ ਰੂਪਨਗਰ ਦੇ ਬਾਨੀ ਚੇਅਰਮੈਨ ਅਤੇ ਬਜ਼ੁਰਗਾਂ ਦੇ ''ਆਪਣਾ ਘਰ'' ਹਵੇਲੀ ਕਲਾਂ ਸੰਸਥਾ ਦੇ ਸੰਸਥਾਪਕ ਉੱਘੇ ਸਮਾਜ ਸੇਵਕ ਅਤੇ ਮਹਾਂਦਾਨੀ



ਸਵਰਗਵਾਸੀ ਸ਼੍ਰੀ ਐਲ. ਆਰ. ਮੁੰਦਰਾ ਨੂੰ ਉਨ੍ਹਾਂ ਦੀ ਚੌਥੀ ਬਰਸੀ ਮੌਕੇ 5 ਜੂਨ 2021 ਨੂੰ ਸ਼ਰਧਾਜਲੀ ਭੇਟ ਕਰਨ ਲਈ ਸੀਮਤ ਇਕੱਤਰਤਾ ਕੀਤੀ ਗਈ। ਇਸ ਮੌਕੇ ਸੰਸਥਾ ਦੇ ਪੈਟਰਨ ਡਾ. ਆਰ. ਐਸ. ਪਰਮਾਰ ਦੀ ਅਗਵਾਈ ਵਿੱਚ ਸ਼੍ਰੀ ਐਲ. ਆਰ. ਮੁੰਦਰਾ ਦੀ ਫੋਟੋ ਅੱਗੇ ਫੁਲ ਭੇਟ ਕੀਤੇ ਗਏ।

ਬਾਕੀ ਸਫਾ 6 'ਤੇ.........



ਸਮਾਜਸੇਵੀ ਦਾ ਸਦੀਵੀ ਵਿਛੋੜਾ

# ਸਰਦਾਰਨੀ ਜਸਬੀਰ ਕੌਰ

**ਰਾਜਿੰਦਰ ਸੈਣੀ**
**ਰੂਪਨਗਰ**

ਸਮਾਜ ਸੇਵਾ ਜ਼ਿੰਦਗੀ ਦਾ ਇੱਕ ਅਜਿਹਾ ਪਹਿਲੂ ਹੈ ਜੋ ਬਹੁਤ ਘਟ ਲੋਕਾਂ ਵਿੱਚ ਵੇਖਣ ਨੂੰ ਮਿਲਦਾ ਹੈ। ਕਈਆਂ ਨੂੰ ਇਸ ਦੀ ਗੁੜ੍ਹਤੀ ਵਿਰਸੇ 'ਚ ਹੀ ਮਿਲ ਜਾਂਦੀ ਹੈ ਅਤੇ ਕਈਆਂ ਲਈ ਲੋਕ, ਪ੍ਰੇਰਣਾ ਦਾ ਸਰੋਤ ਬਣਦੇ ਹਨ। ਅਜਿਹੀ ਸ਼ਖ਼ਸੀਅਤ ਦੀ ਮਾਲਕ ਸਨ ਸੈਣੀ ਬਰਾਦਰੀ ਦੀ ਸਰਦਾਰਨੀ ਜਸਬੀਰ ਕੌਰ ਜੋ ਆਪਣੀ ਜ਼ਿੰਦਗੀ ਦਾ 84 ਸਾਲਾਂ ਦਾ ਸਫਰ ਪੂਰਾ ਕਰਕੇ 19 ਮਈ 2021 ਨੂੰ ਇਸ ਫਾਨੀ ਸੰਸਾਰ ਤੋਂ ਸਦੀਵੀ ਵਿਛੋੜਾ ਦੇ ਗਏ ਹਨ। ਧਾਰਮਿਕ ਰੂਚੀ ਵਾਲੀ ਸ਼ਖ਼ਸੀਅਤ ਸਰਦਾਨੀ ਜਸਬੀਰ ਕੌਰ ਬਹੁਤ ਹੀ ਖੁਸ਼ਮਿਜਾਜ, ਮਿੱਠਬੋਲੜੇ, ਮਿਲਾਪੜੇ, ਹਲੀਮੀ ਤੇ ਹਮਦਰਦੀ ਭਰਪੂਰ ਸ਼ਾਂਤ-ਸੁਭਾਅ ਦੀ ਮਾਲਕ ਸਨ। ਇਨ੍ਹਾਂ ਦਾ ਜਨਮ 7 ਅਗਸਤ, 1937 ਨੂੰ ਹੁਸ਼ਿਆਰਪੁਰ ਵਿਖੇ ਸਵਰਗੀ ਸਰਦਾਰ ਅਰਜਨ ਸਿੰਘ ਜੋ ਬਤੌਰ ਐਕਸੀਅਨ (ਆਰ ਐਂਡ ਡੀ) ਸੇਵਾਮੁਕਤ ਹੋਏ ਸਨ ਦੇ ਘਰ ਹੋਇਆ ਸੀ। ਇਨ੍ਹਾਂ ਨੇ ਉਸ ਸਮੇਂ ਬੀ.ਏ ਅਤੇ ਬੀਐਡ ਤੱਕ ਵਿਦਿਆ ਹਾਸਲ ਕੀਤੀ ਸੀ। ਇਹ 24 ਅਪ੍ਰੈਲ 2000 ਨੂੰ ਸਵਰਗਵਾਸ ਹੋਏ ਸਰਦਾਰ ਰਾਜਿੰਦਰ ਸਿੰਘ ਜੋ ਜੇਲ੍ਹਾਂ ਦੇ ਬਤੌਰ ਸੀਨੀਅਰ ਸੁਪਰਡੈਂਟ ਸੇਵਾਮੁਕਤ ਹੋਏ ਸਨ ਉਨ੍ਹਾਂ ਦੀ ਧਰਮਪਤਨੀ ਸਨ। ਇਨ੍ਹਾਂ ਦੇ ਸਹੁਰਾ ਸਾਹਿਬ ਰਾਇਲ ਮਿਲਟਰੀ ਇੰਜਨੀਅਰ ਸਰਵਿਸਸ ਦੇ ਗੈਰੀਸਨ ਇੰਜਨੀਅਰ ਰੂਪਨਗਰ ਵਾਸੀ ਸਵਰਗੀ ਸ. ਬਲਵੰਤ ਸਿੰਘ ਸਨ। ਇਨ੍ਹਾ ਦੇ ਦੋ ਸਪੁੱਤਰ ਹਨ, ਵੱਡਾ ਸਪੁੱਤਰ ਸ. ਗੁਰਮੀਤ ਸਿੰਘ ਅਮਰੀਕਾ ਵਿੱਚ ਸਾਫਟਵੇਅਰ ਇੰਜਨੀਅਰ ਹੈ ਅਤੇ ਛੋਟਾ ਸਪੁੱਤਰ ਸ. ਸਰਤਾਜ ਸਿੰਘ ਚੰਡੀਗੜ੍ਹ/ ਹਰਿਆਣਾ 'ਚ ਇੱਕ ਆਟੋਮੋਬਾਇਲ ਕੰਪਨੀ ਵਿੱਚ ਜੀ. ਐਮ. (ਸੈਲਜ਼) ਹੈ।

ਸਰਦਾਰਨੀ ਜਸਬੀਰ ਕੌਰ ਨੇ ਵਿਆਹ ਉਪਰੰਤ ਜਿੱਥੇ ਆਪਣੀਆਂ ਘਰੇਲੂ ਜ਼ਿਮੇਵਾਰੀਆਂ ਨੂੰ ਨਿਭਾਉਂਦੇ ਆਪਣੇ ਪਤੀ ਨੂੰ ਉਨ੍ਹਾਂ ਦੀ ਕਠਿਨ ਡਿਊਟੀ ਨਿਭਾਉਣ ਲਈ ਪੂਰਾ ਸਾਥ ਦਿੱਤਾ ਉੱਥੇ ਖੁਦ ਸਮਾਜਸੇਵਾ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਕੰਮ ਕੀਤਾ। ਇਸ ਦੇ ਨਾਲ ਨਾਲ ਉਹ ਚੰਗੇ ਕੰਮ ਕਰਨ ਵਾਲਿਆ ਨੂੰ ਹਮੇਸ਼ਾਂ ਉਤਸਾਹਿਤ ਕਰਦੇ ਸਨ। ਉਨ੍ਹਾਂ ਨੇ ਜਿੱਥੇ ਮਾਨਵਤਾ ਦੀ ਸੇਵਾ ਵਾਲੀ ਸੰਸਥਾ ਰੈਡ ਕਰਾਸ ਲਈ ਲੰਮੇ ਸਮੇਂ ਤੱਕ ਆਪਣੇ ਆਪ ਨੂੰ ਜੋੜ ਕੇ ਰੱਖਿਆ, ਉੱਥੇ ਲੋੜ੍ਹਵੰਦਾਂ ਦੀ ਮਦਦ ਕਰਨ ਲਈ ਵਿਸ਼ੇਸ਼ ਦਿਲਚਸਪੀ ਵਿਖਾਈ। ਉਨ੍ਹਾਂ ਆਪਣੇ ਜੀਵਨ ਵਿੱਚ ਧਾਰਮਿਕ, ਸਮਾਜ ਸੇਵੀ ਸੰਸਥਾਵਾਂ, ਜ਼ਰੂਰਤਮੰਦ ਲੋਕਾਂ ਅਤੇ ਹੋਰ ਗਰੀਬਾਂ ਦੀ ਖੁਲ੍ਹਕੇ ਮਦਦ ਕੀਤੀ। ਉਨ੍ਹਾਂ ਪਿੰਗਲਵਾੜਾ, ਗੁਰਦੁਆਰਿਆਂ, ਸਮਾਜਸੇਵੀ ਸੰਸਥਾਵਾਂ ਨੂੰ ਖੁਲ੍ਹਦਿਲੀ ਨਾਲ ਦਾਨ ਕੀਤਾ। ਸਰਦਾਰਨੀ ਜਸਬੀਰ ਕੌਰ ਸੈਣੀ ਭਵਨ ਰੂਪਨਗਰ ਦੀ ਪ੍ਰਬੰਧਕੀ ਕਮੇਟੀ ਦੇ ਸਾਬਕਾ ਚੇਅਰਮੈਨ ਉੱਘੇ ਸਮਾਜਸੇਵਕ ਤੇ ਮਹਾਂਦਾਨੀ ਲੇਟ ਸ਼੍ਰੀ ਐਲ. ਆਰ. ਮੁੰਦਰਾ ਦੀਆਂ ਸੇਵਾਵਾਂ ਤੋਂ ਬਹੁਤ ਪ੍ਰਭਾਵਿਤ ਸਨ ਅਤੇ ਲੰਮੇਂ ਸਮੇਂ ਤੋਂ ਸੈਣੀ ਭਵਨ ਦੇ ਲਾਇਫ ਮੈਂਬਰ ਸਨ। ਉਹ ਸੈਣੀ ਭਵਨ ਰੂਪਨਗਰ ਅਤੇ ਬਜ਼ੁਰਗਾਂ ਦੇ 'ਆਪਣਾ ਘਰ" ਰੂਪਨਗਰ ਲਈ ਲਗਾਤਾਰ ਮਦਦ ਕਰਦੇ ਸਨ। ਸਰਦਾਰਨੀ ਜਸਬੀਰ ਕੌਰ ਸੈਣੀ ਭਵਨ ਰੂਪਨਗਰ ਵਲੋਂ ਪ੍ਰਕਾਸ਼ਿਤ ਸਮਾਜਿਕ ਚੇਤਨਾ ਦੇ ਪ੍ਰਤੀਕ ਮੈਗਜ਼ੀਨ ''ਸੈਣੀ



ਸੰਸਾਰ" ਦੇ ਬਹੁਤ ਜ਼ਿਆਦਾ ਉਪਾਸ਼ਕ ਸਨ ਅਤੇ ਇਸ ਦੇ ਹਰ ਇਕ ਅੰਕ ਨੂੰ ਪੜ੍ਹਨ ਲਈ ਉਤਸੁਕ ਰਹਿੰਦੇ ਸਨ। ਸੈਣੀ ਭਵਨ ਰੂਪਨਗਰ ਅਤੇ ਆਪਣਾ ਘਰ ਰੂਪਨਗਰ ਦੇ ਪ੍ਰਬੰਧਕ ਸਰਦਾਰਨੀ ਜਸਬੀਰ ਕੌਰ ਦੀ ਆਤਮਿਕ ਸ਼ਾਤੀ ਅਤੇ ਪਿੱਛੇ ਪਰਿਵਾਰ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਨ। ਅਸੀਂ ਉਮੀਦ ਕਰਦੇ ਹਨ ਕਿ ਉਨ੍ਹਾਂ ਦਾ ਪਰਿਵਾਰ ਵੀ ਆਪਣੇ ਬਜ਼ੁਰਗਾਂ ਵਲੋਂ ਦਰਸਾਏ ਮਾਰਗ ਤੇ ਚਲਦੇ ਹੋਏ ਆਪਣੇ ਆਪ ਨੂੰ ਸਮਾਜ ਸੇਵਾ ਨੂੰ ਸਮਰਪਿਤ ਹੋ ਕੇ ਆਪਣਾ ਜੀਵਨ ਬਸਰ ਕਰਨਗੇ।

❈ ❈ ❈ ❈ ❈

......ਸਫਾ 5 ਦੀ ਬਾਕੀ

ਇਸ ਮੌਕੇ ਤੇ ਬੋਲਦਿਆਂ ਡਾ. ਪਰਮਾਰ ਨੇ ਸ਼੍ਰੀ ਐਲ. ਆਰ. ਮੁੰਦਰਾ ਨਾਲ ਆਪਣੀ ਨੇੜਤਾ ਸਾਂਝੀ ਕਰਦਿਆ ਉਨ੍ਹਾਂ ਦੀਆਂ ਵੱਖ ਵੱਖ ਤਰ੍ਹਾਂ ਦੀਆਂ ਸਮਾਜ ਸੇਵੀ ਸੇਵਾਵਾਂ ਨੂੰ ਯਾਦ ਕੀਤਾ। ਟਰੱਸਟ ਦੇ ਪ੍ਰਧਾਨ ਸ਼੍ਰੀ ਰਾਜਿੰਦਰ ਸੈਣੀ ਨੇ ਸ਼੍ਰੀ ਮੁੰਦਰਾ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਜੀਵਨ ਤੋਂ ਲੋਕਾਂ ਨੂੰ ਸਮਾਜ ਸੇਵਾ ਦੀ ਪ੍ਰੇਰਣਾ ਮਿਲਦੀ ਹੈ। ਸੰਸਥਾ ਦੇ ਸੀਨੀਅਰ ਮੀਤ ਪ੍ਰਧਾਨ ਡਾ. ਅਜਮੇਰ ਸਿੰਘ, ਲੀਗਲ ਸਲਾਹਕਾਰ ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ, ਸੰਯੁਕਤ ਸਕੱਤਰ ਵਿਨੋਦ ਜੈਨ, ਸਾਬਕਾ ਐਮ. ਸੀ ਗੁਰਮੁੱਖ ਸਿੰਘ ਸੈਣੀ, ਜ਼ਿਲ੍ਹਾ ਪ੍ਰੈਸ ਕਲੱਬ ਦੇ ਪ੍ਰਧਾਨ ਬਹਾਦਰਜੀਤ ਸਿੰਘ, ਸਮਾਜ ਸੇਵੀ ਗੁਰਮੁੱਖ ਸਿੰਘ ਲੋਂਗੀਆ ਨੇ ਕਿਹਾ ਕਿ ਸ਼੍ਰੀ ਮੁੰਦਰਾ ਦੀਆਂ ਸਮਾਜ ਸੇਵੀ ਸੇਵਾਵਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।



ਮਨੁੱਖੀ ਹੱਕਾਂ ਲਈ ਦਿੱਤੀ

# ਅਦੁੱਤੀ ਸ਼ਹਾਦਤ

**ਡਾ. ਰਣਜੀਤ ਸਿੰਘ**
**ਲੁਧਿਆਣਾ**

ਸੰਸਾਰ ਵਿੱਚ ਸ਼ਹਾਦਤਾਂ ਦਾ ਇਤਿਹਾਸ ਮਨੁਖੀ ਇਤਿਹਾਸ ਜਿੰਨਾਂ ਹੀ ਪੁਰਾਣਾ ਹੈ। ਇਨ੍ਹਾਂ ਵਿੱਚੋਂ ਬਹੁਤੀਆਂ ਸ਼ਹਾਦਤਾਂ ਆਪਣੇ ਦੇਸ਼, ਕੌਮ ਜਾਂ ਧਰਮ ਲਈ ਦਿੱਤੀਆਂ ਗਈਆਂ। ਸੰਸਾਰ ਵਿੱਚ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹੀਦੀ ਨਾਲ ਇੱਕ ਨਵਾਂ ਕੀਰਤੀਮਾਨ ਸਥਾਪਿਤ ਕੀਤਾ। ਉਨ੍ਹਾਂ ਨੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਆਪਣੀ ਮਰਜ਼ੀ ਨਾਲ ਸ਼ਹੀਦੀ ਦਿੱਤੀ। ਉਨ੍ਹਾਂ ਨੇ ਉਸ ਧਰਮ ਦੀ ਰਾਖੀ ਲਈ ਬਲੀਦਾਨ ਦਿੱਤਾ ਜਿਸ ਨਾਲ ਉਨ੍ਹਾਂ ਦਾ ਕੋਈ ਸਰੋਕਾਰ ਨਹੀਂ ਸੀ। ਭਾਰਤ 'ਚ ਉਦੋਂ ਮੁਗਲ ਬਾਦਸ਼ਾਹ ਔਰੰਗਜ਼ੇਬ ਦਾ ਰਾਜ ਸੀ। ਉਹ ਦੇਸ਼ ਦੇ ਗੈਰਮੁਸਲਮਾਨਾਂ ਉੱਤੇ ਤਸ਼ੱਦਦ ਕਰ ਰਿਹਾ ਸੀ ਤੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਲਈ ਮਜ਼ਬੂਰ ਕਰ ਰਿਹਾ ਸੀ। ਕਸ਼ਮੀਰ ਵਾਦੀ ਵਿੱਚ ਦੇਸ਼ ਦੇ ਵਿਦਵਾਨ ਪੰਡਤਾਂ ਦੀ ਬਹੁਗਿਣਤੀ ਸੀ, ਜਿਹੜੇ ਉਸ ਸੁਹਾਵਣੇ ਤੇ ਸ਼ਾਂਤ ਮਾਹੌਲ ਵਿੱਚ ਗਿਆਨ-ਧਿਆਨ ਦਾ ਕਾਰਜ ਕਰਦੇ ਸਨ। ਔਰੰਗਜ਼ੇਬ ਨੇ ਇਨ੍ਹਾਂ ਪੰਡਤਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਉਣ ਦਾ ਫੈਸਲਾ ਕੀਤਾ।

ਸ਼ਾਹੀ ਜ਼ੁਲਮ ਦੇ ਸਤਾਏ ਹੋਏ ਇਨ੍ਹਾਂ ਪੰਡਤਾਂ ਨੂੰ ਗੁਰੂ ਤੇਗ ਬਹਾਦਰ ਜੀ ਹੀ ਇਸ ਔਖ ਦੀ ਘੜੀ ਵਿੱਚ ਆਸ ਦੀ ਕਿਰਨ ਨਜ਼ਰ ਆਏ। ਗੁਰੂ ਨਾਨਕ ਸਾਹਿਬ ਦੀ ਗੱਦੀ ਦੇ ਨੌਵੇਂ ਵਾਰਿਸ ਗੁਰੂ ਤੇਗ ਬਹਾਦਰ ਜੀ ਆਪਣੇ ਸਮੇਂ ਦੇ ਮਹਾਨ ਤਪੱਸਵੀ, ਤੇਗ ਦੇ ਧਨੀ, ਧਰਮ ਦੇ ਰਾਖੇ, ਮਹਾਂਵਿਦਵਾਨ, ਸੱਚੇ ਪਾਤਸ਼ਾਹ, ਸਾਦਗੀ ਤੇ ਸੇਵਾ ਦੇ ਪੁੰਜ ਸਨ। ਗੁਰੂ ਜੀ ਜਦੋਂ ਕਸ਼ਮੀਰੀ ਪੰਡਤਾਂ ਦੀ ਫਰਿਆਦ ਸੁਣ ਰਹੇ ਸਨ ਤਾਂ ਆਪ ਜੀ ਦੇ ਨੌਂ ਸਾਲਾ ਪੁੱਤਰ ਬਾਲਕ ਗੋਬਿੰਦ ਰਾਏ ਵੀ ਕੋਲ ਖੜ੍ਹੇ ਸਨ। ਮਨੁੱਖਤਾ ਵਿਰੁੱਧ ਹੋ ਰਹੇ ਜ਼ੁਲਮ ਦੀ ਦਾਸਤਾਂ ਨੇ ਗੁਰੂ ਜੀ ਨੂੰ ਗੰਭੀਰ ਤੇ ਉਦਾਸ ਬਣਾ ਦਿੱਤਾ। ਬਾਲ ਗੋਬਿੰਦ ਦੇ ਪੁੱਛਣ 'ਤੇ ਉਨ੍ਹਾਂ ਸਾਰਾ ਬਿਰਤਾਂਤ ਸੁਣਾਇਆ। ਬਾਲਕ ਨੇ ਇਸ ਜ਼ੁਲਮ ਦੇ ਅੰਤ ਬਾਰੇ ਪੁੱਛਿਆ ਤਾਂ ਗੁਰੂ ਜੀ ਦਾ ਉੱਤਰ ਸੀ ਕਿ ਕਿਸੇ ਮਹਾਨ ਆਤਮਾ ਦੀ ਕੁਰਬਾਨੀ ਰਾਹੀਂ ਜਾਗੀ ਲੋਕ ਚੇਤਨਾ ਹੀ ਇਸ ਦਾ ਮੁਕਾਬਲਾ ਕਰ ਸਕਦੀ ਹੈ। ਬਾਲ ਗੋਬਿੰਦ, ਜਿਨ੍ਹਾਂ ਨੇ ਪਿੱਛੋਂ ਜਾ ਕੇ ਸੰਸਾਰ ਵਿੱਚ ਸਰਬਸਾਂਝੀਵਾਲਤਾ ਤੇ ਖਾਲਸਾ ਰਾਜ ਦੇ ਸੰਕਲਪ ਨੂੰ ਅਮਲੀ ਰੂਪ ਬਖਸ਼ਿਆ, ਆਖਿਆ, " ਪਿਤਾ ਜੀ ਤੁਹਾਥੋਂ ਮਹਾਨ ਆਤਮਾ ਹੋਰ ਕਿਹੜੀ ਹੋ ਸਕਦੀ ਹੈ? ਆਪਣੇ ਪੁੱਤਰ ਦੇ ਇਹ ਬੋਲ ਸੁਣ ਕੇ ਗੁਰੂ ਜੀ ਦੇ ਚਿਹਰੇ ਤੋਂ ਉਦਾਸੀ ਦੂਰ ਹੋ ਗਈ ਤੇ ਰੱਬੀ ਨੂਰ ਡਲ੍ਹਕਣ ਲੱਗਾ। ਉਨ੍ਹਾਂ ਫਰਿਆਦੀ ਪੰਡਤਾਂ ਨੂੰ ਆਖਿਆ, "ਔਰੰਗਜ਼ੇਬ ਨੂੰ ਆਖ ਦੇਵੋ ਕਿ ਜੇਕਰ ਸਾਡਾ ਗੁਰੂ ਮੁਸਲਮਾਨ ਬਣ ਜਾਵੇ ਤਾਂ ਅਸੀਂ ਸਾਰੇ ਇਸਲਾਮ ਧਾਰਨ ਕਰ ਲਵਾਂਗੇ"।



ਦਿੱਲੀ ਪੁੱਜਣ 'ਤੇ ਗੁਰੂ ਜੀ ਨੂੰ ਉਨ੍ਹਾਂ ਦੇ ਸਿੱਖਾਂ ਸਮੇਤ ਚਾਂਦਨੀ ਚੌਂਕ ਦੀ ਕੋਤਵਾਲੀ 'ਚ ਕੈਦ ਕਰ ਦਿੱਤਾ ਗਿਆ। ਔਰੰਗਜ਼ੇਬ ਨੇ ਗੁਰੂ ਜੀ ਅੱਗੇ ਤਿੰਨ ਸ਼ਰਤਾਂ ਰੱਖੀਆਂ, 'ਇਸਲਾਮ ਕਬੂਲ ਕਰੋ, ਸੰਸਾਰ ਦੇ ਸਾਰੇ ਸੁਖ ਤੁਹਾਡੇ ਕਦਮਾਂ 'ਤੇ ਹੋਣਗੇ। ਆਪਣੇ ਰੱਬੀ ਰੂਪ ਹੋਣ ਦੇ ਸਬੂਤ ਵਜੋਂ ਕੋਈ ਕਰਾਮਾਤ ਦਿਖਾਓ ਜਾਂ ਫਿਰ ਮੌਤ ਨੂੰ ਕਬੂਲ ਕਰੋ'। ਗੁਰੂ ਜੀ ਨੇ ਦ੍ਰਿੜਤਾ ਨਾਲ ਉੱਤਰ ਦਿੱਤਾ, 'ਧਰਮ ਹਰ ਇਨਸਾਨ ਦਾ ਮੁਢਲਾ ਅਧਿਕਾਰ ਹੈ, ਇਸ ਵਿੱਚ ਜ਼ਬਰਦਸਤੀ ਨਹੀਂ ਕੀਤੀ ਜਾ ਸਕਦੀ। ਇਸ ਕਰ ਕੇ ਸਾਨੂੰ ਤੇਰੀ ਇਹ ਸ਼ਰਤ ਮੰਜ਼ੂਰ ਨਹੀਂ ਹੈ, ਜਿੱਥੋਂ ਤਾਈਂ ਦੁਨਿਆਵੀ ਦੌਲਤਾਂ ਦਾ ਸਬੰਧ ਹੈ, ਮੇਰੇ ਪੱਲੇ ਸੱਚ ਦੀ ਦੌਲਤ ਹੈ, ਰੱਬ ਮੇਰੇ ਨਾਲ ਹੈ, ਇਸ ਤੋਂ ਵੱਡੀ ਹੋਰ ਕਿਹੜੀ ਦੌਲਤ ਹੋ ਸਕਦੀ ਹੈ? ਮੈਂ ਰੱਬ ਦਾ ਭਗਤ ਹਾਂ, ਕਰਾਮਾਤ ਉਸ ਦੇ ਕੰਮ ਵਿੱਚ ਦਖਲਅੰਦਾਜ਼ੀ ਹੈ, ਜਿਹੜੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹੁਣ ਤੱਕ ਕਿਸੇ ਗੁਰੂ ਨੇ ਨਹੀਂ ਕੀਤੀ ਤੇ ਮੈਂ ਵੀ ਨਹੀਂ ਕਰਾਂਗਾ। ਤੇਰੀ ਤੀਜੀ ਸ਼ਰਤ ਮੈਨੂੰ ਪਰਵਾਨ ਹੈ, ਮੈਂ ਸ਼ਹੀਦ ਹੋਣ ਲਈ ਤਿਆਰ ਹਾਂ'। ਮੌਤ ਸਬੰਧੀ ਗੁਰੂ ਜੀ ਦਾ ਫੁਰਮਾਨ ਹੈ;

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ।
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰ ਨਹੀਂ ਕੋਇ।(1428)

ਗੁਰੂ ਸਾਹਿਬ ਨੇ ਬਾਦਸ਼ਾਹ ਨੂੰ ਆਖਿਆ, 'ਔਰੰਗਜ਼ੇਬ! ਤੂੰ ਦੇਸ਼ ਦਾ ਬਾਦਸ਼ਾਹ ਹੈਂ। ਆਪਣੀ ਪਰਜਾ ਦੇ ਹੱਕਾਂ ਦੀ ਰਾਖੀ ਕਰਨਾ ਤੇਰਾ ਧਰਮ ਹੈ। ਪਰ ਤੂੰ ਤਾਂ ਉਨ੍ਹਾਂ ਉੱਤੇ ਅੰਨ੍ਹਾਂ ਤਸ਼ੱਦਦ ਕਰ ਕੇ ਆਪ ਹੀ ਉਨ੍ਹਾਂ ਦੇ ਹੱਕਾਂ ਦਾ ਘਾਣ ਕਰ ਰਿਹਾ ਹੈਂ। ਤੇਰਾ ਰਾਜ ਜ਼ੁਲਮ ਤੇ ਕੂੜ ਦਾ ਰਾਜ ਹੈ ਜਦਕਿ ਤੂੰ ਆਪਣੇ ਆਪ ਨੂੰ ਕੱਟੜ ਮੁਸਲਮਾਨ ਅਖਵਾਉਂਦਾ ਹੈਂ। ਸੱਚ ਦਾ ਰਾਜ ਉਹ ਹੁੰਦਾ ਹੈ ਜਿੱਥੇ ਪਰਜਾ ਦੇ ਹੱਕਾਂ ਦੀ ਰਾਖੀ ਹੋਵੇ, ਲੋਕੀਂ ਜ਼ੁਲਮ ਦੇ ਸਹਿਮ ਹੇਠ ਧੌਣਾਂ ਨੀਵੀਆਂ ਕਰ ਕੇ ਦਿਨਕਟੀ ਨਾ ਕਰਨ, ਸਗੋਂ ਸੱਚ-ਹੱਕ ਦੀ ਰਾਖੀ ਤੇ ਨੇਕ ਕਮਾਈ ਕਰਦੇ ਹੋਏ ਮਾਣ ਨਾਲ ਜਿਉਣ'।

ਬਾਦਸ਼ਾਹ ਵਲੋਂ ਦਿੱਤੀਆਂ ਧਮਕੀਆਂ ਸਾਹਮਣੇ ਜਦੋਂ ਗੁਰੂ ਜੀ ਅਡੋਲ ਰਹੇ ਤਾਂ ਉਨ੍ਹਾਂ ਦਾ ਹੌਸਲਾ ਤੋੜਨ ਲਈ ਉਨ੍ਹਾਂ ਦੇ ਸਾਥੀ ਸਿੱਖਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਭਾਈ

ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ, ਭਾਈ ਦਿਆਲਾ ਜੀ ਨੂੰ ਦੇਗ 'ਚ ਉਬਾਲਿਆ ਗਿਆ ਅਤੇ ਭਾਈ ਸਤੀ ਦਾਸ ਨੂੰ ਰੂੰ 'ਚ ਲਪੇਟ ਕੇ ਜ਼ਿੰਦਾ ਜਲਾ ਦਿੱਤਾ ਗਿਆ। ਸ਼ਹੀਦ ਕਰਨ ਤੋਂ ਪਹਿਲਾਂ ਇਨ੍ਹਾਂ ਸਿੱਖਾਂ ਨੂੰ ਵੀ ਬਹੁਤ ਲਾਲਚ ਦਿੱਤੇ ਗਏ, ਡਰਾਇਆ-ਧਮਕਾਇਆ ਗਿਆ, ਪਰ ਉਹ ਅਡੋਲ ਰਹੇ। ਸ਼ਹੀਦ ਕਰਨ ਤੋਂ ਪਹਿਲਾਂ ਜਦੋਂ ਉਨ੍ਹਾਂ ਨੂੰ ਆਖਰੀ ਖਾਹਿਸ਼ ਪੁੱਛੀ ਗਈ ਤਾਂ ਉਨ੍ਹਾਂ ਦਾ ਉੱਤਰ ਸੀ, 'ਸ਼ਹੀਦ ਕਰਨ ਸਮੇਂ ਸਾਡਾ ਮੁੱਖ ਗੁਰੂ ਜੀ ਵੱਲ ਹੋਣਾ ਚਾਹੀਦਾ ਹੈ, ਆਪਣੇ ਜਿਉਂਦੇ ਜੀ ਅਸੀਂ ਗੁਰੂ ਜੀ ਨੂੰ ਪਿੱਠ ਨਹੀਂ ਵਿਖਾ ਸਕਦੇ'। ਆਪਣੇ ਸਿੱਖਾਂ ਨੂੰ ਵਾਹਿਗੁਰੂ ਦਾ ਜਾਪ ਕਰਦੇ ਹੋਏ ਸ਼ਾਂਤ ਸਹੀਦ ਹੁੰਦਿਆਂ ਵੇਖ ਕੇ ਗੁਰੂ ਜੀ ਨੂੰ ਯਕੀਨ ਹੋ ਗਿਆ ਕਿ ਉਨ੍ਹਾਂ ਦੀ ਕੁਰਬਾਨੀ ਮਨੁੱਖੀ ਹਿਰਦਿਆਂ 'ਚ ਅਜਿਹੀ ਸ਼ਕਤੀ ਭਰੇਗੀ ਜਿਸ ਨਾਲ ਉਹ ਕੇਵਲ ਆਪਣੇ ਹੱਕ ਦੀ ਲੜਾਈ ਹੀ ਨਹੀਂ ਲੜਨਗੇ ਸਗੋਂ ਲੋਕਾਈ ਉੱਤੇ ਹੋ ਰਹੇ ਜ਼ੁਲਮ ਨੂੰ ਰੋਕਣ ਲਈ ਵੀ ਵੱਡੀ ਤੋਂ ਵੱਡੀ ਕੁਰਬਾਨੀ ਵੀ ਦੇ ਸਕਣਗੇ। 11 ਨਵੰਬਰ, 1675 ਵਾਲੇ ਦਿਨ ਚਾਂਦਨੀ ਚੌਕ ਵਿੱਚ ਲੋਕਾਂ ਦੇ ਵੱਡੇ ਇਕੱਠ ਸਾਹਮਣੇ ਜੱਲਾਦ ਨੇ ਗੁਰੂ ਜੀ ਦਾ ਸੀਸ ਧੜ ਤੋਂ ਜੁਦਾ ਕਰ ਦਿੱਤਾ।

ਬਾਦਸ਼ਾਹ ਨੂੰ ਉਮੀਦ ਸੀ ਕਿ ਇਸ ਜ਼ੁਲਮ ਨਾਲ ਪਰਜਾ ਦਹਿਲ ਜਾਵੇਗੀ ਤੇ ਚੁੱਪਚਾਪ ਇਸਲਾਮ ਗ੍ਰਹਿਣ ਕਰ ਲਵੇਗੀ। ਉਹ ਸ਼ਾਇਦ ਇਹ ਭੁੱਲ ਗਿਆ ਸੀ ਕਿ ਇਸ ਜ਼ੁਲਮ ਨਾਲ ਉਹ ਆਪਣੀ ਜੜ੍ਹ ਆਪ ਪੁੱਟ ਰਿਹਾ ਹੈ। ਸ਼ਹੀਦਾਂ ਦਾ ਖ਼ੂਨ ਹਮੇਸ਼ਾਂ ਰੰਗ ਲਿਆਉਂਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਕੇਵਲ ਤੀਹ ਵਰ੍ਹਿਆਂ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸਾਜੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਸਦੀਆਂ ਤੋਂ ਲਿਤਾੜੇ, ਸਤਾਏ ਅਤੇ ਜ਼ੁਲਮ ਦਾ ਸ਼ਿਕਾਰ ਲੋਕ ਮੈਦਾਨ ਵਿੱਚ ਨਿਕਲ ਪਏ ਅਤੇ ਚੱਟਾਨ ਮਜ਼ਬੂਤ ਸਮਝੇ ਜਾਂਦੇ ਮੁਗਲ ਰਾਜ ਨੂੰ ਜੜ੍ਹਾਂ ਤੋਂ ਉਖਾੜ ਦਿੱਤਾ। ਗੁਰੂ ਜੀ ਦੀ ਇਸ ਅਦੁੱਤੀ ਸ਼ਹਾਦਤ ਨੇ ਸੰਸਾਰ ਵਿੱਚ ਮਨੁੱਖੀ ਹੱਕਾਂ ਦੀ ਰਾਖੀ ਲਈ ਖਾਲਸਾ ਫੌਜ ਨੂੰ ਜਨਮ ਦਿੱਤਾ। ਗੁਰੂ ਜੀ ਨੂੰ 'ਹਿੰਦ ਦੀ ਚਾਦਰ' ਆਖਿਆ ਜਾਂਦਾ ਹੈ। ਅਸਲ ਵਿੱਚ ਉਹ ਸਾਰੇ ਸੰਸਾਰ ਵਿੱਚ 'ਮਨੁੱਖੀ ਹੱਕਾਂ ਦੀ ਚਾਦਰ' ਬਣੇ ਹਨ।

ਗੁਰੂ ਜੀ ਦਾ 400ਵਾਂ ਪ੍ਰਕਾਸ਼ ਪੁਰਬ ਸਾਰੇ ਸੰਸਾਰ ਵਿੱਚ ਮਨਾਏ ਜਾਣ ਦੀਆਂ ਤਿਆਰੀਆਂ ਹੋ ਰਹੀਆਂ ਹਨ। ਅਸਲ ਵਿੱਚ ਇਸ ਵਰ੍ਹੇ ਨੂੰ 'ਮਨੁੱਖੀ ਅਧਿਕਾਰ ਅਤੇ ਧਾਰਮਿਕ ਆਜ਼ਾਦੀ ਵਰ੍ਹੇ' ਦੇ ਰੂਪ ਵਿੱਚ ਮਨਾਇਆ ਜਾਣਾ ਚਾਹੀਦਾ ਹੈ ਤਾਂ ਜੋ ਸਾਰਾ ਸੰਸਾਰ ਗੁਰੂ ਜੀ ਦੀ ਕੁਰਬਾਨੀ ਤੋਂ ਜਾਣੂ ਹੋ ਸਕੇ ਅਤੇ ਉਨ੍ਹਾਂ ਦੇ ਅਸੂਲਾਂ ਨੂੰ ਮਾਨਤਾ ਮਿਲੇ। ਸਾਰਾ ਸੰਸਾਰ ਗੁਰੂ ਜੀ ਦੇ ਇਨ੍ਹਾਂ ਬਚਨਾਂ ਉੱਤੇ ਅਮਲ ਕਰੇ:

" ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।।
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨ"।।

❀ ❀ ❀ ❀ ❀



## ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ

ਨਿਰਮਲ ਸਿੰਘ 'ਨਿਰਮਲ'

ਬੁਜ਼ਦਿਲਾਂ ਨੂੰ ਮੌਤ ਤੋਂ ਭੈਅ ਲਗਦੈ,
ਚਾਅ ਮਰਨ ਦਾ ਚੜ੍ਹੇ ਦੀਵਾਨਿਆਂ ਨੂੰ।

ਸੂਰੇ ਸਦਾ ਹੀ ਮੌਤ ਨੂੰ ਭੈਅ ਦਿੰਦੇ,
ਭੈਅ ਲੱਗੇ ਨਾ ਰਤਾ ਮਸਤਾਨਿਆਂ ਨੂੰ।

ਦੇਸ਼ ਕੌਮ ਲਈ ਮਰਨ ਹੀ ਮਰਨ ਹੁੰਦੈ,
ਦੱਸਾਂ ਭੁੱਲਿਆਂ ਅਤੇ ਅਣਜਾਣਿਆਂ ਨੂੰ।

ਵਿੱਚ ਮੌਤ ਦੇ ਭੇਦ ਹੈ ਜ਼ਿੰਦਗੀ ਦਾ,
ਭਾਵੇਂ ਪੁੱਛ ਲੌ ਸ਼ਮ੍ਹਾਂ ਪ੍ਰਵਾਨਿਆਂ ਨੂੰ।

ਸੇਵਕ ਵੇਖ ਕੇ ਸਾਹਵੇਂ ਸ਼ਹੀਦ ਹੁੰਦੇ,
ਰੱਤੀ ਭਰ ਨਾ ਹੌਸਲਾ ਹਾਰਿਆ ਤੈਂ।

ਜਿਹਦੇ ਵੱਲ ਵੀ ਮਿਹਰ ਦੀ ਨਜ਼ਰ ਕੀਤੀ,
ਭਵ ਸਾਗਰੋਂ ਪਾਰ ਉਤਾਰਿਆ ਤੈਂ।

ਲੋਹੇ ਪਿੰਜਰੇ ਵਿੱਚ, ਲੋਹਾ ਮਨ ਕਰ ਕੇ,
ਲੋਹਾ ਲੈਣ ਦੇ ਲਈ ਵਿਚਾਰਿਆ ਤੈਂ।

ਹਿੰਦੂ ਧਰਮ ਦੀ ਲਾਜ ਬਚਾਉਣ ਖਾਤਰ,
ਸੀਸ ਚਾਂਦਨੀ ਚੌਂਕ ਵਿੱਚ ਵਾਰਿਆ ਤੈਂ।

ਜੀਣਾ ਅਣਖ ਦਾ ਜੀਣ ਹੀ ਜੀਣ ਹੁੰਦੈ,
ਗੁਰਾਂ ਗੱਲ ਸਮਝਾਈ ਏ ਸੀਸ ਦੇ ਕੇ।

ਸੀਸ ਝੁਕੇ ਨਾ, ਕੱਟ ਜਾਏ ਸੀਸ ਭਾਵੇਂ,
ਗੁਰਾਂ ਰੀਤ ਚਲਾਈ ਏ ਸੀਸ ਦੇ ਕੇ।

ਸੀਸ ਵਾਰ ਕੇ ਚਾਂਦਨੀ ਚੌਂਕ ਅੰਦਰ,
'ਨਿਰਮਲ' ਰੱਖੀ ਲੋਕਾਈ ਏ ਸੀਸ ਦੇ ਕੇ।

ਤਿਲਕ ਜੰਞੂ ਦੇ ਰਾਖਿਆ ਧੰਨ ਏਂ ਤੂੰ,
ਧੰਨ ਕੀਤੀ ਕਮਾਈ ਏ ਸੀਸ ਦੇ ਕੇ।

❀ ❀ ❀ ❀ ❀

ਮਹਾਨ ਸਿੱਖ ਜਰਨੈਲ
**ਬਾਬਾ ਬੰਦਾ ਸਿੰਘ ਬਹਾਦਰ ਜੀ**
ਦੇ
**305ਵੇਂ ਸ਼ਹੀਦੀ ਦਿਹਾੜੇ,**
25 ਜੂਨ 2021
'ਤੇ
**ਭਾਵਭਿੰਨੀ ਸ਼ਰਧਾਂਜਲੀ**





# ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਮਹੱਤਤਾ

ਡਾ. ਜਸਵੰਤ ਕੌਰ
ਰੂਪਨਗਰ

ਅੰਗ੍ਰੇਜ਼ ਇਤਿਹਾਸਕਾਰ ਮੈਕਾਲਫ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਾਰੇ ਕਹਿੰਦਾ ਹੈ, "ਇਸ ਸ਼ਹਾਦਤ ਦੀ ਤੁਲਨਾ ਦੁਨੀਆਂ ਦੀ ਕਿਸੇ ਘਟਨਾ ਨਾਲ ਨਹੀਂ ਕੀਤੀ ਜਾ ਸਕਦੀ। ਇਹ ਆਪਣੇ ਆਪ ਵਿੱਚ ਇੱਕ ਵੱਖਰੀ, ਅਨੋਖੀ ਤੇ ਅਲੌਕਿਕ ਘਟਨਾ ਹੈ"।

ਇੱਕ ਇਤਿਹਾਸਕਾਰ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਮਿਥਿਹਾਸਕ ਪੰਛੀ ਫੀਨਿਕਸ ਨਾਲ ਤਸ਼ਬੀਹ ਦਿੱਤੀ ਹੈ। ਕਹਿੰਦੇ ਹਨ ਫੀਨਿਕਸ ਸਾਰੀ ਉਮਰ ਆਕਾਸ਼ ਵਿੱਚ ਉਡਦਾ ਰਹਿੰਦਾ ਹੈ ਤੇ ਗੀਤ ਗਾਉਂਦਾ ਹੈ। ਜਦ ਉਸ ਦਾ ਅੰਤਮ ਸਮਾਂ ਨੇੜੇ ਆਉਂਦਾ ਹੈ ਤਾਂ ਜ਼ਮੀਨ ਉੱਤੇ ਆ ਜਾਂਦਾ ਹੈ। ਫਿਰ ਤੀਲੇ ਤਿਣਕੇ ਇਕੱਠੇ ਕਰ ਕੇ ਗੀਤ ਗਾਉਂਦਾ ਹੈ ਤਾਂ ਉਨ੍ਹਾਂ ਲੱਕੜੀਆਂ ਨੂੰ ਅੱਗ ਲਗ ਜਾਂਦੀ ਹੈ, ਉਸ ਅੱਗ ਵਿੱਚ ਉਹ ਸੜ ਮਰਦਾ ਹੈ। ਜਦ ਸੁਆਹ ਰਹਿ ਜਾਂਦੀ ਹੈ ਤਾਂ ਫਰੋਲਣ 'ਤੇ ਇੱਕ ਆਡਾ ਨਿਕਦਾ ਹੈ। ਉਸ ਆਂਡੇ ਨੂੰ ਥੋੜ੍ਹੀ ਜਿਹੀ ਦੇਰ ਰੱਖਣ ਉਪਰੰਤ ਉਸ ਵਿੱਚੋਂ ਉਸ ਕਿਸਮ ਦਾ ਹੀ ਇੱਕ ਹੋਰ ਫੀਨਿਕਸ ਉਡ ਕੇ ਆਕਾਸ਼ ਵੱਲ ਚਲੇ ਜਾਂਦਾ ਹੈ। ਕੁੱਝ ਇਸੇ ਤਰ੍ਹਾਂ ਦੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੈ। ਸਾਰੀ ਉਮਰ ਆਪ ਤਿਆਗ ਤੇ ਵੈਰਾਗ ਦੇ ਗੀਤ ਗਾਉਂਦੇ ਰਹੇ। ਫਿਰ ਆਪ ਹੀ ਅੱਗ ਬਾਲੀ, ਆਪ ਹੀ ਜ਼ੁਲਮ ਦੀ ਭਖਦੀ ਅੱਗ ਵਿੱਚ ਸੜਨ ਲਈ ਤਿਆਰ ਹੋ ਗਏ। ਕਿਸੇ ਕੋਈ ਦੂਸ਼ਨ ਨਹੀਂ ਲਗਾਇਆ ਸੀ। ਆਪਣੇ ਆਪ ਤਿਆਰ ਹੋਏ ਸਨ। ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਇੱਕ ਹੋਰ ਪੰਛੀ (ਖਾਲਸਾ) ਅਕਾਸ਼ 'ਤੇ ਉਡਿਆ ਜੋ ਸਦਾ ਹੀ ਜ਼ਾਲਮਾਂ ਦਾ ਟਾਕਰਾ ਕਰਨ ਲਈ ਉਡਦਾ ਰਹੇਗਾ।

ਇਸ ਸ਼ਹਾਦਤ ਦੀ ਮਹੱਤਤਾ ਬਹੁਪੱਖੀ ਹੈ। ਇਹ ਇੱਕ ਅਨੋਖੀ ਤੇ ਨਿਰਾਲੀ ਸ਼ਹਾਦਤ ਕਹੀ ਜਾਂਦੀ ਹੈ। ਗੁਰੂ ਤੇਗ ਬਹਾਦਰ ਪਹਿਲਾ ਸ਼ਹੀਦ ਹੈ ਜਿਸ ਦੇ ਸਿਰ ਦਾ ਕਿਸੀ ਹੋਰ ਥਾਂ ( ਆਨੰਦਪੁਰ ਸਾਹਿਬ) ਅਤੇ ਧੜ ਦਾ ਕਿਸੀ ਹੋਰ ਥਾਂ (ਦਿੱਲੀ) ਸਸਕਾਰ ਹੋਇਆ। ਇੱਕ ਅਨੋਖੀ ਗੱਲ ਹੋਰ ਹੋਈ ਕਿ 'ਬਾਬੇ ਤੇ ਬਾਬਰ' ਦੀ ਟੱਕਰ ਦਾ ਵੀ ਚੰਗਾ ਪ੍ਰਗਟਾਵਾ ਹੋਇਆ। ਜੇ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਤਾਂ ਜਹਾਗੀਰ ਦੇ ਪੋਤਰੇ, ਔਰੰਗਜ਼ੇਬ ਦਾ ਟਾਕਰਾ ਕਰਨ ਲਈ ਗੁਰੂ ਅਰਜਨ ਦਾ ਪੋਤਰਾ, ਗੁਰੂ ਤੇਗ ਬਹਾਦਰ ਮੈਦਾਨ ਵਿੱਚ ਆਇਆ। ਇਹ ਟੱਕਰ ਆਖੀਰ ਦਮ ਤੱਕ ਲੱਗੀ ਹੀ ਰਹੀ। ਇਸ ਸ਼ਹਾਦਤ ਦੀ ਮਹੱਤਤਾ ਬਹੁਪੱਖੀ ਹੈ।

**ਇਸ ਸ਼ਹਾਦਤ ਨੇ ਕੌਮ ਨੂੰ ਜਥੇਬੰਦ ਕਰ ਦਿੱਤਾ**। ਜਦ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਤਾਂ ਨਾਲ ਹੀ ਇਹ ਫੁਰਮਾਨ ਜਾਰੀ ਕੀਤਾ ਗਿਆ ਕਿ ਜੇ ਕੋਈ ਉਨ੍ਹਾਂ ਦੇ ਮਿਰਤਕ ਸਰੀਰ ਨੂੰ ਹੱਥ ਲਾਏਗਾ ਤਾਂ ਉਸ ਦਾ ਵੀ ਉਹੀ ਹਸ਼ਰ ਹੋਏਗਾ ਜੋ ਗੁਰੂ ਤੇਗ ਬਹਾਦਰ ਦਾ ਹੋਇਆ ਹੈ। ਇਤਿਹਾਸ ਦਾ ਅਧਿਐਨ ਕਰਨ ਵਾਲਾ ਇਹ ਹੈਰਾਨੀ ਨਾਲ ਪੜ੍ਹਦਾ ਹੈ ਕਿ ਸਾਰੀ ਦਿੱਲੀ ਵਿੱਚੋਂ ਇੱਕ ਵੀ ਜੁਅਰਤ ਵਾਲਾ ਇਨਸਾਨ ਨਾ ਨਿਕਲ ਸਕਿਆ ਜੋ ਗੁਰੂ ਜੀ ਦੇ ਸਰੀਰ ਨੂੰ ਉਠਾਉਣ ਦੀ ਦਲੇਰੀ ਕਰਦਾ। ਹਨ੍ਹੇਰੀ ਅਤੇ ਰਾਤ ਦੇ ਹਨ੍ਹੇਰੇ ਦਾ ਫ਼ਾਇਦਾ ਉਠਾਉਂਦੇ ਹੋਏ ਭਾਈ ਜੈਤਾ ਜੀ ਨੇ ਸਿਰ ਉੱਠਾ ਲਿਆ ਅਤੇ ਭਾਈ ਉਦੇ ਜੀ ਨੇ ਧੜ ਉਠਾ ਕੇ ਲੱਖੀ ਜੀ ਦੇ ਗੱਡਿਆਂ ਵਿੱਚ ਰੱਖ ਦਿੱਤਾ ਤੇ ਭਾਈ ਲੱਖੀ ਸ਼ਾਹ ਨੇ ਰਕਾਬ ਗੰਜ ਦਿੱਲੀ ਦੇ ਬਾਹਰ ਵਾਰ ਜਾ ਕੇ ਸਸਕਾਰ ਕਰ ਦਿੱਤਾ। ਜਦ ਭਾਈ ਜੈਤਾ ਜੀ ਸਿਰ ਲੈ ਕੇ ਆਨੰਦਪੁਰ ਪੁੱਜੇ ਅਤੇ ਸਾਰੀ ਘਟਨਾ ਸੁਣਾਈ ਕਿ ਔਰੰਗਜ਼ੇਬ ਨੇ ਡਉਂਡੀ ਪਿਟਵਾ ਦਿੱਤੀ ਸੀ ਕਿ ਕੋਈ ਗੁਰੂ ਜੀ ਦੇ ਸੀਸ ਨੂੰ ਹੱਥ ਨਾ ਲਾਵੇ ਤਾਂ ਸਾਰੇ ਸਿੱਖ ਸੁਣ ਕੇ ਡਰ ਗਏ ਅਤੇ ਕਿਸੇ ਵਿੱਚ ਵੀ ਜੁਅਰਤ ਨਹੀਂ ਹੋਈ ਕਿ ਉਹ ਪੁਕਾਰ ਕੇ ਆਪਣੇ ਆਪ ਨੂੰ ਸਿੱਖ ਆਖ ਸਕੇ। ਜਦ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਘਟਨਾ ਸੁਣੀ ਤਾਂ ਉਹ ਗੱਜ ਕੇ ਬੋਲੇ ਕਿ ਹੁਣ ਮੈਂ ਐਸਾ ਸਿੱਖ ਤਿਆਰ ਕਰਾਂਗਾ ਜੋ ਲੱਖਾਂ ਵਿੱਚ ਖੜੋਤਾ ਵੀ ਪਛਾਣਿਆਂ ਜਾ ਸਕੇ। ਕੋਸ਼ਿਸ਼ਾਂ ਕਰ ਕੇ ਵੀ ਉਹ ਨਾ ਛੁਪ ਸਕੇ। ਜਿਸ ਤਰ੍ਹਾਂ ਹਰ ਅੱਖ, ਬੱਗਿਆਂ ਵਿੱਚੋਂ ਹੰਸ, ਗਿਰਝਾਂ ਵਿੱਚੋਂ ਮੋਰ, ਖੋਤਿਆਂ ਵਿੱਚੋਂ ਘੋੜਾ ਅਤੇ ਹਰਨਾਂ ਵਿੱਚੋਂ ਸ਼ੇਰ ਪਛਾਣ ਲੈਂਦੀ ਹੈ, ਇਸੇ ਤਰ੍ਹਾਂ ਸਿੱਖ ਵੀ ਸਾਰਿਆਂ ਵਿੱਚੋਂ ਪਛਾਣਿਆਂ ਜਾ ਸਕੇਗਾ। ਉਨ੍ਹਾਂ ਨੇ ਹੁਕਮ ਕੀਤਾ 'ਅੱਜ ਤੋਂ ਕੇਸ ਸਾਡੀ ਮੁਹਰ ਹੈ। ਕੋਈ ਵੀ ਕੇਸਾਂ ਦੀ ਬੇਅਦਬੀ ਨਾ ਕਰੇ ਅਤੇ ਇਸ ਨੂੰ ਆਪਣਾ ਅੰਗ ਸਮਝਿਆ ਜਾਏ'। ਇਨ੍ਹਾਂ ਕੇਸਾਂ ਦੇ ਰੱਖਣ ਨਾਲ ਕੌਮ ਜਥੇਬੰਦ ਹੋਣੀ ਸ਼ੁਰੂ ਹੋ ਗਈ। ਇਸ ਨਾਲ ਕੌਮ ਵਿਚ ਜੁਅਰਤ ਨੇ ਜਨਮ ਲਿਆ। ਇਸ ਦੇ ਨਤੀਜੇ ਵਜੋਂ 30 ਅਕਤੂਬਰ, 1676 ਨੂੰ ਕਰੀਬ ਇੱਕ ਸਾਲ ਬਾਅਦ ਹੀ ਇੱਕ ਸਿੱਖ ਨੇ ਜਦ ਔਰੰਗਜ਼ੇਬ ਜਾਮਾ ਮਸਜਿਦ ਵਿੱਚੋਂ ਨਮਾਜ਼ ਪੜ੍ਹ ਕੇ ਥੱਲੇ ਉਤਰ ਰਿਹਾ ਸੀ, ਜ਼ੋਰ ਦੀ ਇੱਟ ਉਸ ਦੇ ਮੱਥੇ ਉੱਤੇ ਮਾਰੀ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਸਿੱਧਾ ਤੇ ਵੱਡਾ ਸਿੱਟਾ ਹੀ ਖਾਲਸੇ ਦਾ ਜਨਮ ਹੈ। ਇਤਿਹਾਸਕਾਰ ਗਾਰਡਨ ਇਸ ਸਬੰਧੀ ਲਿਖਦਾ ਹੈ, "ਜੋ ਤਿੱਖੀਆਂ ਸੂਲਾਂ ਗੁਰੂ ਤੇਗ ਬਹਾਦਰ ਜੀ ਦੇ ਖ਼ੂਨ ਨਾਲ ਦਿੱਲੀ ਵਿੱਚ ਬੀਜੀਆਂ ਗਈਆਂ ਸਨ, ਉਨ੍ਹਾਂ ਨੇ ਜਲਦੀ ਹੀ ਖਾਲਸਾ ਰੂਪ ਵਿੱਚ ਭਾਰੀ ਫ਼ਸਲ ਬਖਸ਼ੀ"। ਕਨਿੰਘਮ ਵੀ ਇਸੇ ਭਾਵ ਦੀ ਗੱਲ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਮਹਿਸੂਸ ਕੀਤਾ ਕਿ ਉਸ ਐਸੀ ਵਸਤੂ ਸਾਂਝੀ ਚੀਜ਼ ਸਿੱਖਾਂ ਨੂੰ ਦੇਣ ਦੀ ਲੋੜ ਹੈ ਜੋ ਕਮਜ਼ੋਰ ਦਿਲਾਂ ਨੂੰ ਤਕੜੀ ਕਰ ਜਾਏਅਤੇ ਅਨਿਨ ਸੇਵਕਾਂ ਵਿੱਚ

ਅਥਾਹ ਜੋਸ਼ ਭਰ ਜਾਏ।

**ਇਸ ਸ਼ਹਾਦਤ ਨੇ ਮੁਜ਼ਾਹਮਤ ਦਾ ਜਜ਼ਬਾ ਵਧਾਇਆ।** ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਸਿੱਖਾਂ ਵਿੱਚ ਵਿਸ਼ੇਸ਼ ਕਰ ਕੇ ਆਮ ਜਨਤਾ ਵਿੱਚ ਮੁਜ਼ਾਹਮਤ ਦਾ ਜਜ਼ਬਾ ਭਰ ਦਿੱਤਾ। ਬੈਨਰਜੀ ਵੀ ਆਪਣਾ ਖ਼ਿਆਲ ਇਸੇ ਪ੍ਰਕਾਰ ਦਾ ਦਿੰਦੇ ਹੋਏ ਲਿਖਦਾ ਹੈ, "ਇਸ ਵਿੱਚ ਰਤੀ ਭਰ ਵੀ ਸੱਕ ਨਹੀਂ ਕਿ ਗੁਰੂ ਜੀ ਦੀ ਸ਼ਹਾਦਤ ਨੇ ਔਰੰਗਜ਼ੇਬ ਦੀ ਧਾਰਮਿਕ ਪਾਲਸੀ ਵਿਰੁੱਧ ਹੋਣ ਦਾ ਜਜ਼ਬਾ ਮਜ਼ਬੂਤ ਕਰ ਦਿੱਤਾ ਅਤੇ ਨਾਲ ਹੀ ਸਿੱਖ ਕੌਮ ਦੀ ਪੂਰਨਤਾ ਵਾਸਤੇ ਰਸਤਾ ਬਣਾਇਆ"। ਇਹ ਮੰਨਣਾ ਪਵੇਗਾ ਕਿ ਗੁਰੂ ਜੀ ਦੀ ਸ਼ਹਾਦਤ ਤੋਂ ਬਾਅਦ ਔਰੰਗਜ਼ੇਬ ਉਸ ਤੇਜ਼ੀ ਨਾਲ ਆਪਣੀ ਧਾਰਮਿਕ ਪਾਲਿਸੀ ਨਾ ਚਲਾ ਸਕਿਆ। ਸਾਰੀਆਂ ਫੱਟੜ ਹੋਈਆਂ ਤਾਕਤਾਂ ਜਥੇਬੰਦ ਹੋ ਰਹੀਆਂ ਸਨ। ਲਤੀਫ਼ ਲਿਖਦਾ ਹੈ, "ਇਸ ਸ਼ਹਾਦਤ ਨੇ ਮਜ਼ਬੂਰ ਕਰ ਦਿੱਤਾ ਕਿ ਸਿੱਖ ਕੌਮ ਪੂਰਨ ਤੌਰ 'ਤੇ ਸ਼ਸਤਰਬੱਧ ਹੋਵੇ"। ਨਾਰੰਗ ਲਿਖਦਾ ਹੈ, "ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦੇ ਕੇ ਆਪਣੀ ਜ਼ਿੰਦਗੀ ਦਾ ਸਭ ਤੋਂ ਵਡਮੁੱਲਾ ਕਾਰਨਾਮਾ ਕੀਤਾ। ਸ਼ਹਾਦਤ ਦਾ ਉਨ੍ਹਾਂ ਦੀ ਜ਼ਿੰਦਗੀ ਨਾਲੋਂ ਵੀ ਵੱਧ ਅਸਰ ਹੋਇਆ। ਉੱਤਰੀ ਹਿੰਦੁਸਤਾਨ ਵਿੱਚ ਗੁਰੂ ਜੀ ਨੂੰ ਹਰ ਕੋਈ ਪਿਆਰ ਕਰਦਾ ਤੇ ਜਾਣਦਾ ਸੀ। ਰਾਜਪੂਤ ਰਾਜੇ ਸਨਮਾਨ ਕਰਦੇ ਸਨ ਅਤੇ ਪੰਜਾਬ ਦੇ ਜੱਟ ਤਾਂ ਗੁਰੂ ਜੀ ਦੀ ਪੂਜਾ ਕਰਦੇ ਸਨ। ਗੁਰੂ ਜੀ ਦੀ ਸ਼ਹਾਦਤ ਨੂੰ ਖਾਸ ਕਰ ਹਿੰਦੂਆਂ ਨੇ ਆਪਣੇ ਧਰਮ ਲਈ ਹੋਈ ਜਾਣਿਆਂ। ਸਾਰੇ ਪੰਜਾਬ ਵਿੱਚ ਗੁੱਸੇ ਤੇ ਰੋਸ ਦੀ ਜਵਾਲਾ ਭੜਕ ਉੱਠੀ"।

ਤਖਤ ਮੱਲ ਨੇ ਖਾਲਸਾਨਾਮਾ ਵਿੱਚ ਲਿਖਿਆ ਹੈ, "ਜਦ ਇਹ ਸ਼ਹਾਦਤ ਹੋਈ ਇੱਕ ਦਰਵੇਸ਼ ਨੇ ਹੱਥ ਉੱਚਾ ਕਰ ਕੇ ਕਿਹਾ ਸੁਲਤਾਨ ਨੇ ਚੰਗਾ ਨਹੀਂ ਕੀਤਾ। ਇਨਾਂ ਕਾਰਨਾ ਕਰ ਕੇ ਹੀ ਬਗਾਵਤ ਦਾ ਇੱਕ ਐਸਾ ਤੂਫਾਨ ਉੱਠੇਗਾ ਜੋ ਸਾਰੀ ਦਿੱਲੀ ਨੂੰ ਆਪਣੀ ਲਪੇਟ ਵਿੱਚ ਲੈ ਲਵੇਗਾ ਤੇ ਦਿੱਲੀ ਉਜਾੜ ਕੇ ਰੱਖ ਦੇਵੇਗਾ"। ਐਸਾ ਹੀ ਹੋਇਆ। ਮੁਗਲ ਦਰਬਾਰ ਵਿੱਚ ਦੋ ਧੜੇ ਬਣ ਗਏ। ਕਈਆਂ ਨੇ ਅਸਤੀਫੇ ਦਿੱਤੇ। ਅਬਦੁੱਲਾ ਦਰੋਗਾ ਨੌਕਰੀ ਛੱਡ ਕੇ ਅਨੰਦਪੁਰ ਹੀ ਆ ਵਸਿਆ। ਸਿੱਖ ਇਤਿਹਾਸ ਕਹਿੰਦਾ ਹੈ ਕਿ ਔਰੰਗਜ਼ੇਬ ਰਾਤੀਂ ਬੜਾ ਬੜਾ ਕੇ ਉੱਠ ਪੈਂਦਾ ਸੀ- " ਭੜ ਭੜਾਇ ਠਾਢੇ ਹੁਇ ਗਯੋ"। 5 ਦਸੰਬਰ, 1676 ਦਾ ਗਿਆ ਔਰੰਗਜ਼ੇਬ ਫਿਰ ਦਿੱਲੀ ਨਾ ਆ ਸਕਿਆ। ਗੁਰੂ ਤੇਬ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਜਾਣ ਲਿਆ ਕਿ ਵਕਤ ਆ ਗਿਆ ਹੈ ਕਿ ਕੋਈ ਆਗੂ ਮਨੁੱਖ ਵਿੱਚ ਦੱਬੀਆਂ ਹੋਈਆਂ ਸ਼ਕਤੀਆਂ ਨੂੰ ਉਜਾਗਰ ਕਰੇ। ਕਨਿੰਘਮ ਲਿਖਦਾ ਹੈ, "(ਗੁਰੂ) ਗੋਬਿੰਦ (ਸਿੰਘ) ਨੇ ਪਿਤਾ ਦੀ ਸ਼ਹਾਦਤ ਦੇ ਕਾਰਨਾਂ ਨੂੰ ਸਮਝਿਆ, ਔਰੰਗਜ਼ੇਬ ਦੀ ਤਅੱਸਬੀ ਧਾਰਮਿਕ ਪਾਲਿਸੀ ਨੂੰ ਦੇਖਿਆ। ਤਜ਼ਰਬੇ, ਸਿਆਣਪ ਅਤੇ ਵਿੱਦਿਆ ਨੇ ਉਨ੍ਹਾਂ ਉੱਤੇ ਪ੍ਰਗਟ ਕਰ ਦਿੱਤਾ ਕਿ ਉਹ ਆਪਣੇ ਹਮਸਫਰਾਂ ਨੂੰ ਮੁੜ ਨਵੇਂ ਸਿਰੇ ਤੋਂ ਉਠਾਉਣ ਅਤੇ (ਗੁਰੂ) ਨਾਨਕ ਦੇ ਮੋਟੇ ਅਸੂਲਾਂ ਨੂੰ ਨਿਰਣਾਜਨਕ ਸ਼ਕਲ ਦੇਣ"। ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਖਿਆਲ ਨੂੰ ਮੁੱਖ ਰੱਖ ਕੇ ਸਿੱਖਾਂ ਵਿੱਚ ਮੁਜ਼ਾਹਮਤ ਦਾ ਜਜ਼ਬਾ ਭਰਿਆ।

**ਸ਼ਹਾਦਤ ਉਪਰੰਤ ਸ਼ਸਤਰਬੱਧ ਹੋਣਾ ਜ਼ਰੂਰੀ ਹੋ ਗਿਆ–** ਗੁਰੂ ਅਰਜਣ ਦੇਵ ਜੀ ਦੀ ਸ਼ਹਾਦਤ ਨੇ ਇਹ ਪ੍ਰਗਟ ਕਰ ਦਿੱਤਾ ਸੀ ਕਿ ਸਿੱਖਾਂ ਤੇ ਸੇਵਕਾਂ ਦਾ ਉਤਨਾ ਚਿਰ ਬਚਣਾ ਮੁਸ਼ਕਿਲ ਹੈ ਜਦ ਤੱਕ ਸ਼ਸਤਰ ਨਾ ਉਠਾਏ ਜਾਣ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਤਾਂ ਫ਼ੈਸਲਾ ਹੀ ਦੇ ਦਿੱਤਾ ਕਿ ਆਈਨੀ ਜਾਂ ਅਮਨ ਦੀ ਜੱਦਜਹਿਤ ਮੁਗਲਾਂ ਦੀ ਆਤਮਾ ਨਹੀਂ ਬਦਲ ਸਕੇਗੀ। ਜ਼ੁਲਮ ਦੇ ਰਾਜ ਨੂੰ ਖ਼ਤਮ ਕਰਨ ਲਈ ਸ਼ਸਤਰਬੱਧ ਤੇ ਜਥੇਬੰਦ ਕੌਮ ਦੀ ਲੋੜ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਉਸ ਕੰਮ ਨੂੰ ਪੂਰਾ ਕੀਤਾ ਤੇ ਐਸਾ ਪੰਥ ਸਾਜਿਆ ਜੋ ਚੁੱਪ ਚਪੀਤੇ ਜ਼ੁਲਮ ਨਹੀਂ ਸਹਾਰੇਗਾ ਸਗੋਂ ਜ਼ੁਲਮਾਂ ਨੂੰ ਰੋਕਣ ਲਈ ਹਥਿਆਰਾਂ ਨਾਲ ਟਾਕਰਾ ਕਰੇਗਾ।

(ਇਸ ਲੇਖ ਦੇ ਵੇਰਵੇ ਪਿੰਸੀਪਲ ਸਤਿਬੀਰ ਸਿੰਘ ਦੀ ਪੁਸਤਕ, 'ਸਾਡਾ ਇਤਿਹਾਸ' ਵਿੱਚੋਂ ਲਏ ਗਏ ਹਨ)

❊ ❊ ❊ ❊ ❊

## ਜ਼ਰੂਰੀ ਸੂਚਨਾਵਾਂ

- ਸੈਣੀ ਭਵਨ ਰੂਪਨਗਰ ਦੇ ਸਹਿਯੋਗ ਨਾਲ ਸਰਸਵਤੀ ਦੇਵੀ ਮੁੰਦਰਾ ਚੈਰੀਟੇਬਲ ਟਰੱਸਟ (ਰਜਿ.) ਹਵੇਲੀ ਕਲਾਂ ਰੂਪਨਗਰ ਵਲੋਂ 2006 ਤੋਂ ਚਲਾਏ ਜਾ ਰਹੇ ਬਜ਼ੁਰਗਾਂ ਦੇ "ਆਪਣਾ ਘਰ" ਨੂੰ ਕੇਂਦਰ ਸਰਕਾਰ ਦੇ ਆਮਦਨ ਕਰ ਵਿਭਾਗ ਵੱਲੋਂ ਸਾਲ 2021-22 ਤੋਂ ਇਨਕਮ ਟੈਕਸ ਐਕਟ, 1961 ਤਹਿਤ Section 80G(5)(iv) ਦੀ ਸੁਵਿਧਾ ਲਈ ਪ੍ਰਵਾਨਗੀ ਦੇ ਦਿੱਤੀ ਗਈ ਹੈ। ਟਰੱਸਟ ਨੂੰ ਇਹ ਸੁਵਿਧਾ ਮਿਲ ਜਾਣ ਨਾਲ ਹੁਣ ਆਪਣਾ ਘਰ ਲਈ ਧਨ ਦਾਨ ਕਰਨ ਵਾਲਿਆ ਨੂੰ ਨਿਯਮਾਂ ਤਹਿਤ ਆਮਦਨ ਕਰ 'ਚ ਛੋਟ ਦੀ ਸਹੂਲਤ ਦਾ ਲਾਭ ਮਿਲੇਗਾ। ਇਸ ਨਵੀਂ ਸੁਵਿਧਾ ਮਿਲ ਜਾਣ 'ਤੇ ਟਰੱਸਟ ਨੂੰ ਹੋਰ ਦਾਨੀਆਂ ਦਾ ਵੀ ਸਹਿਯੋਗ ਪ੍ਰਾਪਤ ਹੋਵੇਗਾ।
- ਸੈਣੀ ਭਵਨ ਰੂਪਨਗਰ ਵਿਖੇ ਚੱਲਦੇ ਚਾਰ ਕਿੱਤਾ ਸਿਖਲਾਈ ਕੇਂਦਰ- ਸਿਲਾਈ ਕਢਾਈ, ਫੈਸ਼ਨ ਡਿਜ਼ਾਇਨਿੰਗ, ਬਿਊਟੀਸ਼ਨ ਆਰਟ ਅਤੇ ਕੰਪਿਊਟਰ ਸੈਂਟਰ ਜੋ ਕੋਵਡ ਬਿਮਾਰੀ ਦੀਆਂ ਪਾਬੰਦੀਆਂ ਕਰ ਕੇ ਅਸਥਾਈ ਤੌਰ 'ਤੇ ਬੰਦ ਕੀਤੇ ਗਏ ਸਨ, ਹੁਣ 3 ਜੁਲਾਈ ਤੋਂ ਮੁੜ ਖੋਲ੍ਹ ਦਿੱਤੇ ਗਏ ਹਨ। ਇਨ੍ਹਾਂ ਕੇਂਦਰਾਂ ਵਿੱਚ ਪਹਿਲਾਂ ਪੜ੍ਹ ਰਹੀਆਂ ਅਤੇ ਨਵਾਂ ਦਾਖਲਾ ਲੈਣ ਦੀਆਂ ਚਾਹਵਾਨ ਸਿਖਿਆਰਥਣਾਂ ਸੈਣੀ ਭਵਨ ਵਿੱਚ ਆ ਕੇ ਪੜ੍ਹਾਈ ਸ਼ੁਰੂ ਕਰ ਸਕਦੀਆਂ ਹਨ।

## ਗੁਰੂ ਤੇਗ ਬਹਾਦਰ ਜੀ ਦੀ ਪੂਰਬ ਵੱਲ ਯਾਤਰਾ

ਪ੍ਰਿੰਸੀਪਲ ਸਤਿਬੀਰ ਸਿੰਘ

ਜਿਸ ਸਮੇਂ ਗੁਰੂ ਤੇਗ ਬਹਾਦੁਰ ਜੀ ਨੇ ਗੁਰਗੱਦੀ ਸੰਭਾਲੀ ਉਸ ਵੇਲੇ ਔਰੰਗਜ਼ੇਬ ਦੀਆਂ ਫੌਜਾਂ ਦੀ ਰੋਜਾਨਾ ਆਵਾਜਾਈ ਨੇ ਫਸਲਾਂ ਤਬਾਹ ਕਰ ਦਿੱਤੀਆਂ ਸਨ। ਰਹਿੰਦੀ ਕਸਰ ਔੜ ਨੇ ਕੱਢ ਦਿੱਤੀ ਸੀ। ਲੋਕੀਂ ਆਲਸੀ ਅਤੇ ਵਹਿਮੀ ਹੋ ਗਏ ਸਨ। ਤੰਬਾਕੂ ਨਵਾਂ ਨਵਾਂ ਤੇ ਸਸਤਾ ਹੋਣ ਕਾਰਨ ਲੋਕਾਂ ਨੂੰ ਨਸ਼ੇ ਦੀ ਲੱਤ ਪੈ ਗਈ ਸੀ। ਗੁਰੂ ਤੇਗ ਬਹਾਦੁਰ ਜੀ ਨੇ ਜਨਤਾ ਨੂੰ ਸਿੱਧੇ ਰਾਹ ਪਾਉਣ ਲਈ ਮਾਲਵੇ ਵੱਲ ਮੂੰਹ ਕੀਤਾ। ਆਪ ਅਨੰਦਪੁਰ ਤੋਂ ਚੱਲ ਕੇ ਰੋਪੜ, ਪਟਿਆਲਾ, ਤਲਵੰਡੀ ਸਾਬੋਕੀ , ਕੁਰੂਕਸ਼ੇਤਰ ਅਤੇ ਬਾਂਗਰ ਦੇਸ਼ ਹੁੰਦੇ ਹੋਏ ਮਥਰਾ ਪੁੱਜੇ। ਮਥਰਾ ਔਰੰਗਜ਼ੇਬ ਦੇ ਜ਼ੁਲਮਾਂ ਦਾ ਖਾਸ ਸ਼ਿਕਾਰ ਹੋ ਰਿਹਾ ਸੀ। ਇੱਥੋਂ ਦੇ ਕੇਸ਼ਵ ਦਾਸ ਦੇ ਪ੍ਰਸਿੱਧ ਮੰਦਰ ਸਮੇਤ ਹੋਰ ਵੀ ਕਈ ਮੰਦਰਾਂ ਨੂੰ ਢਾਹ ਦਿੱਤਾ ਗਿਆ। ਆਪ ਨੇ ਲੋਕਾਂ ਨੂੰ ਨਿਡਰ ਹੋਣ ਦਾ ਉਪਦੇਸ਼ ਦਿੱਤਾ। ਇੱਥੋਂ ਆਪ ਆਗਰਾ ਵਿਖੇ ਜਾ ਕੇ ਮਾਈ ਥਾਨ ਦੇ ਘਰ ਠਹਿਰੇ। ਇਸ ਤੋਂ ਅੱਗੇ ਅਟਾਵਾ ਤੇ ਫਿਰ ਕਾਨ੍ਹਪੁਰ ਆਏ। ਇੱਥੇ ਆਪ ਗੰਗਾ ਦੇ ਦੇ ਕਿਨਾਰੇ ਗਏ ਅਤੇ ਕੁੱਝ ਦਿਨ ਸ਼ਹਿਰ ਵਿੱਚ ਟਿਕੇ। ਉੱਥੇ ਹੁਣ ਗੁਰੂਦੁਆਰਾ 'ਅਸਥਾਪਣ' ਹੈ। ਕਾਨ੍ਹਪੁਰ ਤੋਂ ਅਲਾਹਾਬਾਦ ਪੁੱਜੇ। ਆਪ ਜੀ ਨੇ ਪ੍ਰਯਾਗ ਵਿਖੇ ਅਹੀਆਪੁਰ ਦੇ ਮੁਹੱਲੇ ਵਿੱਚ ਟਿਕਾਣਾ ਕੀਤਾ। ਇੱਥੁ ਗੁਰੂਦੁਆਰਾ 'ਪੱਕੀ ਸੰਗਤ' ਹੈ।ਲੋਕਾਂ ਨੂੰ ਸਮਝਾਇਆ ਕਿ ਸਭ ਤੋਂ ਉੱਤਮ ਤੀਰਥ ਸਾਧ ਸੰਗਤ ਹੈ। ਪ੍ਰਭੂ ਦਾ ਹਿਰਦੇ ਵਿੱਚ ਪ੍ਰਗਟ ਕਰਨਾ ਹੀ ਸਰਸਵਤੀ ਪ੍ਰਗਟ ਕਰਨਾ ਹੈ ਤੇ ਉਸ ਨਾਲ ਮਿਲਾਪ ਹੀ ਸੰਗਮ ਹੈ।

ਅਲਾਹਾਬਾਦ ਵਿਖੇ ਗੁਰੂ ਜੀ ਇੱਕ ਮਹੀਨਾ ਠਹਿਰੇ। ਇੱਥੇ ਹੀ ਗੁਰੂ ਜੀਵਨ ਦੀ ਮਹਾਨ ਘਟਨਾ ਵਾਪਰੀ। ਗੁਰੂ ਜੀ ਦੀ ਸ਼ਾਦੀ ਹੋਈ ਨੂੰ 27 ਕੁ ਸਾਲ ਹੋ ਗਏ ਸਨ। ਇਹ ਜੋੜਾ ਵਾਹਿਗੁਰੂ ਜੀ ਦੇ ਚਰਨਾਂ ਵਿੱਚ ਲੀਨ ਹੋ ਕੇ ਕਿਸੀ 'ਮਹਾਨ ਆਤਮਾ' ਨੂੰ ਜਨਮ ਦੇਣ ਦੀ ਪ੍ਰਾਰਥਨਾ ਕਰ ਰਿਹਾ ਸੀ। ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ ਵਿੱਚ ਲਿਖਿਆ ਹੈ ਕਿ ਵਾਹਿਗੁਰੂ ਨੇ ਪ੍ਰਸੰਨ ਹੋ ਕੇ ਮੈਨੂੰ ਹੁਕਮ ਦਿੱਤਾ ਕਿ ਸੰਸਾਰ ਵਿੱਚ ਉਨ੍ਹਾਂ( ਗੁਰੂ ਤੇਗ ਬਹਾਦੁਰ) ਦੇ ਘਰ ਜਨਮ ਲਵਾਂ। ਇਸ ਤਰ੍ਹਾਂ ਪ੍ਰਕਾਸ਼ ਤ੍ਰਿਵੈਣੀ ਦੇ ਅਸਥਾਨ ਉਤੇ ਹੋਇਆ। ਉੱਥੇ ਹੁਣ ਗੁਰੂਦੁਆਰਾ 'ਪੱਕੀ ਸੰਗਤ' ਹੈ। ਇੱਥੋਂ ਆਪ ਬਨਾਰਸ ਪੁੱਜੇ ਜਿੱਥੇ ਭਾਈ ਜਵੇਹਰੀ ਮੱਲ ਸਿੱਖੀ ਦਾ ਉਪਦੇਸ਼ ਦ੍ਰਿੜਾ ਰਿਹਾ ਸੀ। ਬੁੱਤਾਂ ਦੇ ਇਸ ਸ਼ਹਿਰ ਵਿੱਚ ਸਿੱਖ ਸੰਗਤ ਬਣਾਉਣੀ ਸਾਹਸ ਦਾ ਕੰਮ ਸੀ। ਇੱਥੇ ਆਪ ਦਾ ਘੋੜਾ ਕੁੱਝ ਢਿਲਾ ਹੋ ਗਿਆ ਤਾਂ ਆਪ ਨੇ ਭਾਈ ਜਵੇਹਰੀ ਮੱਲ ਨੂੰ ਇੱਕ ਹੁਕਮਨਾਮਾ ਭੇਜਿਆ ਜੋ ਇਤਿਹਾਸ ਦਾ ਹਿੱਸਾ ਹੈ। ਉੱਥੋਂ ਆਪ ਸਸਰਾਮ ਤੇ ਅੱਗੇ ਗਯਾ ਪੁੱਜੇ। ਗਯਾ ਤੋਂ ਪਟਨਾ ਜਾਂਦਿਆਂ ਇੱਕ ਕਰਮ ਨਾਸ਼ ਨਾਂ ਦੀ ਨਦੀ ਰਸਤੇ ਵਿੱਚ ਆਈ। ਲੋਕਾਂ ਦਾ ਵਿਸ਼ਵਾਸ ਸੀ ਕਿ ਉਸ ਨਦੀ ਵਿੱਚ ਇਸ਼ਨਾਨ ਕਰਨ ਨਾਲ ਮਨੁੱਖ ਦੇ ਸਾਰੇ ਚੰਗੇ ਗੁਣ ਨਾਸ਼ ਹੋ ਜਾਂਦੇ ਹਨ। ਗੁਰੂ ਜੀ ਨੇ ਲੋਕਾਂ ਨੂੰ ਸਮਝਾਇਆ ਕਿ ਕੋਈ ਪਾਣੀ ਕਿਸੇ ਦੇ ਗੁਣ ਨਹੀਂ ਖੋਹ ਸਕਦਾ। ਇਹ ਸਭ ਵਹਿਮ ਹੈ। ਆਪ ਨੇ ਖੁਦ ਇਸ ਨਦੀ ਵਿੱਚ ਇਸ਼ਨਾਨ ਕੀਤਾ ਅਤੇ ਫੋਕਟ ਦੰਦ ਕਥਾਵਾਂ 'ਤੇ ਆਖਰੀ ਚੋਟ ਮਾਰੀ।

ਗਯਾ ਤੋਂ ਆਪ ਮਈ 1666 ਨੂੰ ਪਟਨਾ ਵਿਖੇ ਪਹੁੰਚੇ। ਇੱਥੇ ਪਹਿਲਾਂ ਆਪ ਇੱਕ ਬਾਗ ਵਿਖੇ ਇਮਲੀ ਦੇ ਦਰਖਤ ਹੇਠ ਬਿਰਾਜੇ। ਇਸੇ ਨੂੰ ਹੁਣ 'ਗੁਰੂ ਕਾ ਬਾਗ' ਕਹਿੰਦੇ ਹਨ। ਮਾਤਾ ਗੁਜਰੀ ਜੀ ਨੂੰ ਪਟਨਾ ਵਿਖੇ ਰਹਿਣ ਦੀ ਆਗਿਆ ਦਿੱਤੀ। ਮਾਤਾ ਜੀ ਸਾਲਸ ਰਾਏ ਜੌਹਰੀ ਦੇ ਘਰ ਆ ਟਿਕੇ। ਆਪ ਗੁਰੂ ਜੀ ਪਟਨਾ ਤੋਂ ਮੁੰਘੇਰ ਪੁੱਜੇ। ਇੱਥੋਂ ਗੁਰੂ ਜੀ ਨੇ ਇੱਕ ਹੁਕਮਨਾਮਾ ਪਟਨਾ ਦੀ ਸਿੱਖ ਸੰਗਤ ਦੇ ਨਾਮ ਲਿਖਿਆ ਜਿਸ ਵਿੱਚ ਜ਼ਿਕਰ ਕੀਤਾ ਹੈ ਕਿ ' ਇਕ ਰਾਜਾ ਜੀ ਨਾਲ ਅੱਗੇ ਜਾ ਰਿਹਾ ਹਾਂ, ਟੱਬਰ ਦਾ ਖਿਆਲ ਰੱਖਣਾ ਤੇ ਵੱਖ ਚੰਗਾ ਵੱਡਾ ਘਰ ਲੈ ਦੇਣਾ'। ਇੱਥੋਂ ਆਪ ਢਾਕਾ ਪੁਜੇ ਅਤੇ ਸਾਰੇ ਇਲਾਕਿਆਂ ਦਾ ਦੌਰਾ ਕੀਤਾ। ਢਾਕਾ ਬਾਰੇ ਗੁਰੂ ਜੀ ਨੇ ਕਿਹਾ ' ਢਾਕਾ ਮੇਰੀ ਸਿੱਖੀ ਦਾ ਕੋਠਾ ਹੈ'। ਇੱਥੇ ਆਪ ਨੇ ਸਲਹਿਟ, ਛਤੀ ਗਾਉਂ, ਸੰਦੀਪ, ਲਸ਼ਕਰ ਅਤੇ ਹੋਰ ਅਸਥਾਨਾਂ 'ਤੇ ਸਿੱਖੀ ਦਾ ਪ੍ਰਚਾਰ ਕੀਤਾ। ਢਾਕੇ ਵਿੱਚ ਹੀ ਭਾਈ ਮੇਹਰ ਚੰਦ ਅਤੇ ਭਾਈ ਕਲਿਆਣ ਚੰਦ ਜੀ ਖਬਰ ਲੈ ਕੇ ਪੁੱਜੇ ਸਨ ਕਿ 22 ਦਸੰਬਰ 1666 ਨੂੰ ਗੁਰੂ ਗੋਬਿੰਦ (ਸਿੰਘ) ਜੀ ਦਾ ਪ੍ਰਕਾਸ਼ ਹੋਇਆ ਹੈ। ਆਪ ਨੇ ਇੱਕ ਹੁਕਮਨਾਮਾ ਪਟਨਾ ਦੀ ਸੰਗਤ ਦੇ ਨਾਮ ਲਿਖਿਆ ਜਿਸ ਵਿੱਚ ਪਰਿਵਾਰ ਦਾ ਧਿਆਨ ਰੱਖਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਅਗਾਂਹ ਵੀ ਧਿਆਨ ਰੱਖਣ ਦੀ ਤਾਕੀਦ ਕੀਤੀ। ਇਸ ਹੁਕਮਨਾਮੇ ਤੋਂ ਇਹ ਵੀ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਦਾ ਅਜੇ ਅਸਾਮ ਵਿੱਚ ਹੋਰ ਅਣਮਿੱਥੇ ਸਮੇਂ ਲਈ ਠਹਿਰਨ ਦਾ ਵਿਚਾਰ ਸੀ।

ਬੰਗਾਲ ਦੇ ਇਲਾਕਿਆਂ ਵਿੱਚ ਸਿੱਖੀ ਦਾ ਪ੍ਰਚਾਰ ਕਰਨ ਉਪਰੰਤ ਗੁਰੂ ਜੀ ਆਸਾਮ ਦੇ ਦੌਰੇ ਲਈ ਗਏ। ਉੱਥੇ ਹੀ ਆਪ ਨੂੰ ਪਤਾ ਲੱਗਾ ਕਿ ਰਾਜਾ ਰਾਮ ਸਿੰਘ ਫੌਜ ਲੈ ਕੇ ਅਸਾਮ ਉੱਤੇ ਚੜ੍ਹਾਈ ਕਰਨ ਆ ਰਿਹਾ ਹੈ। ਰਾਜਾ ਰਾਮ ਸਿੰਘ ਰੰਗਾਮਾਟੀ ਫਰਵਰੀ 1669 ਨੂੰ ਪੁੱਜਾ। ਅਸਾਮ, ਕਾਮਰੂਪ ਦੇਸ਼ ਕਰ ਕੇ ਜਾਣਿਆਂ ਜਾਂਦਾ ਸੀ। ਇਸ ਦੇ ਦੱਖਣੀ ਇਲਾਕੇ ਵਿੱਚ ਅਹੋਮੀ ਕਬੀਲੇ ਨੇ ਇਕੱਠ ਕਰ ਕੇ ਮੁਗਲ ਹਕੂਮਤ ਨੂੰ ਚੰਗੀ ਭਾਜੜ ਪਾਈ ਹੋਈ ਸੀ। ਬੰਗਾਲ ਦੇ ਸੂਬੇ ਮੀਰ ਜਮਲਾ ਨੇ ਕਈ ਲੜਾਈਆਂ ਲੜੀਆਂ ਸਨ ਪਰ ਉਹ ਅਹੋਮੀ ਕਬੀਲੇ ਨੂੰ ਹਰਾ ਨਾ ਸਕਿਆ। ਰਾਜਾ ਰਾਮ ਸਿੰਘ ਨੂੰ ਪਤਾ ਸੀ ਕਿ

ਉਸ ਤੋਂ ਪਹਿਲਾਂ ਅਸਾਮ ਉੱਤੇ ਹਮਲਾ ਕਰਨ ਵਾਲਿਆਂ ਦੀ ਕੀ ਦਸ਼ਾ ਹੁੰਦੀ ਰਹੀ ਹੈ। ਅਸਾਮ ਦੇ ਜਲਵਾਯੂ ਦੀ ਕਠਿਨਾਈ ਨੂੰ ਕੋਈ ਵਿਰਲਾ ਹੀ ਸਹਾਰ ਸਕਦਾ ਸੀ। ਇਸ ਤੋਂ ਇਲਾਵਾ ਇਹ ਵੀ ਪ੍ਰਸਿੱਧ ਸੀ ਕਿ ਅਸਾਮੀਆਂ ਕੋਲ ਜਾਦੂ ਟੂਣੇ ਕਰਨ ਦੀ ਸ਼ਕਤੀ ਹੈ। ਰਾਜਾ ਰਾਮ ਸਿੰਘ ਟੂਣਿਆਂ ਵਿਰੁੱਧ ਇੰਤਜ਼ਾਮ ਵਜੋਂ ਫੌਜ ਨਾਲ ਕਈ ਪੀਰ ਫਕੀਰ ਲੈ ਕੇ ਆਇਆ ਸੀ। ਇੱਕ ਹੋਰ ਮੁਸ਼ਕਲ ਵੀ ਸੀ ਕਿ ਗੁਹਾਟੀ ਦਾ ਹਾਕਮ ਰਸ਼ੀਦ ਖਾਨ ਰਾਮ ਸਿੰਘ ਦਾ ਹੁਕਮ ਨਹੀਂ ਮੰਨਦਾ ਸੀ। ਰਾਮ ਸਿੰਘ ਨੂੰ ਇਹ ਵੀ ਜਾਪਦਾ ਸੀ ਕਿ ਔਰੰਗਜ਼ੇਬ ਨੇ ਉਸ ਨੂੰ ਕਿਸੇ ਨਰਾਜ਼ਗੀ ਕਰ ਕੇ ਅਸਾਮ ਦੀ ਮੁਹਿੰਮ 'ਤੇ ਭੇਜਿਆ ਹੈ। ਔਰੰਗਜ਼ੇਬ ਨੂੰ ਸ਼ੱਕ ਸੀ ਕਿ ਸ਼ਿਵਾ ਜੀ ਦੇ ਨੱਸਣ ਵਿੱਚ ਰਾਮ ਸਿੰਘ ਦਾ ਹੱਥ ਸੀ। ਇਨ੍ਹਾਂ ਮੁਸ਼ਕਲਾਂ ਕਾਰਨ ਰਾਜਾ ਰਾਮ ਸਿੰਘ ਨੇ ਰੰਗਾਮਾਟੀ ਦੇ ਸਥਾਨ 'ਤੇ ਗੁਰੂ ਤੇਗ ਬਹਾਦੁਰ ਜੀ ਨੂੰ ਬੇਨਤੀ ਕੀਤੀ ਕਿ ਉਹ ਉਸ ਦੀ ਮਦਦ ਕਰਨ। ਗੁਰੂ ਜੀ ਨੇ ਉਸ ਨਾਲ ਜਾਣਾ ਮੰਨ ਲਿਆ। ਆਪ ਨੇ ਅਸਾਮੀਆਂ ਅਤੇ ਮੁਗਲਾਂ ਵਿਚਕਾਰ ਸੁਲਹ ਕਰਾ ਦਿੱਤੀ। ਇਸ ਅਨੁਸਾਰ ਦੋਵੇਂ ਧਿਰਾਂ ਪੁਰਾਣੀਆਂ ਹੱਦਾਂ 'ਤੇ ਟਿਕ ਗਈਆਂ ਅਤੇ ਸਮਝੌਤਾ ਹੋ ਗਿਆ। ਇਸ ਅਮਨ ਦੀ ਯਾਦ ਵਿੱਚ ਦੋਵੇਂ ਧਿਰਾਂ ਨੇ ਬ੍ਰਹਮਪੁੱਤਰ ਦਰਿਆ ਦੇ ਕਿਨਾਰੇ ਢੁਬਰੀ ਦੇ ਸਥਾਨ 'ਤੇ ਮਿੱਟੀ ਦਾ ਇੱਕ ਥੇਹ ਬਣਵਾਇਆ। ਤੇਗ ਪੁਰ ਅਤੇ ਤੇਗ ਪਰਬਤ ਉਸੇ ਸਮੇਂ ਦੀ ਯਾਦ ਦਿਲਾਂਦੇ ਹਨ।

ਅਜੇ ਗੁਰੂ ਜੀ ਨੇ ਅਸਾਮ ਵਿੱਚ ਕਈ ਹੋਰ ਸਥਾਨਾਂ 'ਤੇ ਜਾਣਾ ਸੀ ਪਰ ਜਲਦੀ ਹੀ ਪੰਜਾਬ ਮੁੜਨਾ ਪਿਆ। ਇਸ ਦਾ ਕਾਰਨ ਇਹ ਸੀ ਕਿ ਔਰੰਗਜ਼ੇਬ ਆਪਣੀ ਧਾਰਮਿਕ ਪਾਲਸੀ ਜ਼ਬਰਦਸਤੀ ਲੋਕਾਂ ਉੱਤੇ ਠੋਸ ਰਿਹਾ ਸੀ। ਉਸ ਨੇ ਸਾਰੇ ਹਿੰਦੁਸਤਾਨ ਵਾਸਤੇ ਇੱਕ ਨਵਾਂ ਹੁਕਮ ਜਾਰੀ ਕੀਤਾ ਕਿ ਕਾਫਰਾਂ ਦੀਆਂ ਸਭ ਪਾਠਸ਼ਾਲਾਵਾਂ ਅਤੇ ਮੰਦਰ ਢਾਹ ਦਿੱਤੇ ਜਾਣ। ਉਨ੍ਹਾਂ ਦੀਆਂ ਧਾਰਮਿਕ ਰਸਮਾਂ ਤੇ ਰੀਤਾਂ ਨੂੰ ਮੇਟ ਦਿੱਤਾ ਜਾਵੇ। ਇਸ ਹੁਕਮ ਅਨੁਸਾਰ ਮਥਰਾ, ਅਯੁੱਧਿਆ ਅਤੇ ਬਨਾਰਸ ਦੇ ਸਦੀਆਂ ਪੁਰਾਣੇ ਮੰਦਰ ਢਾਹ ਦਿੱਤੇ ਗਏ ਅਤੇ ਹਿੰਦੂ ਸੱਭਿਅਤਾ ਦੇ ਚਿਨ੍ਹ ਮਿਟਾ ਦਿੱਤੇ ਗਏ। ਹਿੰਦੂਆਂ ਉੱਤੇ ਜਜੀਆ ਲਗਾ ਦਿੱਤਾ ਗਿਆ। ਧਾਰਮਿਕ ਮੇਲਿਆਂ 'ਤੇ ਕਰੜੀਆਂ ਪਾਬੰਦੀਆਂ ਲਗਾ ਦਿੱਤੀਆਂ ਗਈਆਂ, ਸਰਕਾਰੀ ਨੌਕਰੀ ਤੋਂ ਹਿੰਦੂਆਂ ਨੂੰ ਕੱਢ ਦਿੱਤਾ ਗਿਆ ਤੇ ਹਿੰਦੂਆਂ ਦਾ ਜੀਣਾ ਮੁਸ਼ਕਿਲ ਕਰ ਦਿੱਤਾ। ਫਿਰ ਸਿਲਸਿਲੇਵਾਰ ਇਸਲਾਮ ਦੇ ਦਾਇਰੇ ਵਿੱਚ ਲਿਆਉਣ ਲਈ ਲਾਲਚ, ਡਰ ਅਤੇ ਸਖਤੀ ਵੀ ਆਰੰਭ ਦਿੱਤੀ। ਗੁਰੂ ਜੀ ਜਾਣਦੇ ਸਨ ਕਿ ਇਸ ਸਖਤੀ ਦੇ ਵੇਲੇ ਉਨ੍ਹਾਂ ਦਾ ਪੰਜਾਬ ਵਿੱਚ ਹੋਣਾ ਜ਼ਰੂਰੀ ਹੈ। ਇਸ ਲਈ ਗੁਰੂ ਤੇਗ ਬਹਾਦੁਰ ਜੀ ਬਾਲ ਗੋਬਿੰਦ( ਗੁਰੂ ਗੋਬਿੰਦ ਸਿੰਘ) ਨੂੰ ਪਟਨਾ ਵਿਖੇ ਮਿਲ ਕੇ ਸਿੱਧੇ ਪੰਜਾਬ ਪੁੱਜ ਗਏ।

–ਪੁਸਤਕ 'ਸਾਡਾ ਇਤਿਹਾਸ' ਵਿੱਚੋਂ



**NEW FIVE YEAR MEMBERS OF "SAINI SANSAR"**

Jagdev Singh
Saini Bhawan, Rupnagar

Continued from page 12 of 40th Issue

914. **Smt. Tarsem Kaur Saini**
Jalandhar
915. **S. Jasvinder Singh (Master)**
St. No. 1, Hargobind Nagar, Ropar
916. **S. Gurdev Singh Saini**
Phase IV, Mohali
917. **S. Baldev Singh / Nirmal Kaur**
Hoshiarpur
918. **S. Ravinder Singh (Master)**
Shivalik Avenue, Phase 1, Naya Nangal

## New Life Members of Saini Bhawan

Continued from page 22 of 40th Issue

**552. S. Satwinder Singh**
Sarpanch Vill. Balrampur
P.O. Bela, Teh. Chamkaur Sahib, Distt.Rupnagar



**553. S. Balwinder Singh (USA)**
Vill. Balrampur
P.O. Bela, Teh. Chamkaur Sahib, Distt.Rupnagar



**554. Mrs. Pratibha Saini**
W/o Er. Chander Shekhar
# 3039/E, Neta Ji School,
Bela Road, Rupnagar



## Fin. Assistance during Three months

1. **Sh. Ajit Ram Saini** Rs. 51000/-
Netaji Model School, Rupnagar
2. **S. Baldev Singh Mundra** Rs. 35000/-
Mumbai
3. **S. Balwinder Singh** (USA), Rs. 5000/-
Vill. Balrampur, Distt. Rupnagar
4. **S. Sartaj Singh,** Sec.70, Mohali Rs 5000/
in memory of his rev. Mother Jasbir Kaur

The administrators of Saini Bhavan are thankful to the donors.



# ਗੁਰੂ ਤੇਗ ਬਹਾਦੁਰ ਜੀ ਨਾਲ ਸ਼ਹੀਦ ਹੋਏ ਸਿੱਖ

ਗੁਰਮੁਖ ਸਿੰਘ ਲੌਂਗੀਆ
ਰੂਪਨਗਰ

ਜਦੋਂ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਦਿੱਲੀ ਗਏ ਤਾਂ ਉਨ੍ਹਾਂ ਦੇ ਸੇਵਕ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ, ਭਾਈ ਗੁਰਦਿੱਤਾ, ਭਾਈ ਊਦੇ ਜੀ ਅਤੇ ਭਾਈ ਜੈਤਾ ਜੀ ਨਾਲ ਸਨ। ਸ਼ਹੀਦੀ ਤੋਂ ਪਹਿਲਾਂ ਗੁਰੂ ਜੀ ਨੇ ਭਾਈ ਗੁਰਦਿੱਤਾ ਜੀ ਨੂੰ ਅਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਪਾਸ ਭੇਜ ਦਿੱਤਾ ਜਦੋਂਕਿ ਭਾਈ ਊਦੈ ਜੀ ਅਤੇ ਭਾਈ ਜੈਤਾ ਜੀ ਦੀ ਜ਼ਿੰਮੇਵਾਰੀ ਗੁਰੂ ਜੀ ਦਾ ਪਾਵਨ ਸਰੀਰ ਸੰਭਾਲਣ ਦੀ ਲਗਾਈ ਗਈ। ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਗੁਰੂ ਜੀ ਦੇ ਨਾਲ ਰਹੇ ਅਤੇ ਉਨ੍ਹਾਂ ਤੋਂ ਪਹਿਲਾਂ ਸ਼ਹੀਦ ਕੀਤੇ ਗਏ।



**ਭਾਈ ਮਤੀ ਦਾਸ ਜੀ –** ਭਾਈ ਮਤੀ ਦਾਸ ਜੀ ਪਾਕਿਸਤਾਨ ਦੇ ਜ਼ਿਲ੍ਹਾ ਜਿਹਲਮ ਦੇ ਪਿੰਡ ਕੜਿਆਲਾ ਦੇ ਵਸਨੀਕ ਛਿੱਬੜ ਬ੍ਰਾਹਮਣ ਪਰਾਗਾ ਜੀ ਦੇ ਵੱਡੇ ਪੁੱਤਰ ਸਨ। ਇਹ ਪਿੰਡ ਚਕਵਾਲ ਤੋਂ ਛੇ ਮੀਲ ਦੂਰ ਕਟਾਸ ਰਾਜ ਵਾਲੀ ਸੜਕ 'ਤੇ ਸਥਿਤ ਹੈ। ਆਪ ਦੇ ਦਾਦਾ ਮਹਾਤਮਾ ਗੌਤਮ ਜੀ ਇਲਾਕੇ ਦੇ ਮੰਨੇ ਪ੍ਰਮੰਨੇ ਵਿਅਕਤੀ ਸਨ। ਉਨ੍ਹਾਂ ਦਾ ਗੁਰੂ ਅਰਜਨ ਦੇਵ ਜੀ ਨਾਲ ਮੇਲ ਹੋਇਆ ਤਾਂ ਉਹ ਗੁਰੂ ਜੀ ਦੇ ਸ਼ਰਧਾਲੂ ਬਣ ਗਏ। ਭਾਈ ਪਰਾਗਾ ਜੀ ਬਹੁਤ ਦਲੇਰ ਤੇ ਪਹਿਲਵਾਨ ਸਨ। ਸਾਰੇ ਇਲਾਕੇ ਵਿੱਚ ਇਨ੍ਹਾਂ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ ਸੀ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਲਈਆਂ ਤੇ ਬਾਕਾਇਦਾ ਫ਼ੌਜ ਰੱਖਣ ਦਾ ਐਲਾਨ ਕਰ ਦਿੱਤਾ ਤਾਂ ਭਾਈ ਪਰਾਗਾ ਵੀ ਗੁਰੂ ਸਾਹਿਬ ਦੇ ਚਰਨਾਂ ਵਿੱਚ ਹਾਜ਼ਰ ਹੋਇਆ ਤੇ ਅਪਣੇ ਆਪ ਨੂੰ ਸੇਵਾ ਲਈ ਪੇਸ਼ ਕਰ ਦਿੱਤਾ। ਗੁਰੂ ਸਾਹਿਬ ਨੇ ਭਾਈ ਜੀ ਨੂੰ ਇੱਕ ਦਸਤੇ ਦਾ ਮੁਖੀ ਨਿਯੁਕਤ ਕਰ ਦਿੱਤਾ। ਜਦੋਂ ਹਰਿਗੋਬਿੰਦਪੁਰ ਨੇੜੇ ਗੁਰੂ ਜੀ ਨੇ ਦੂਜੀ ਲੜਾਈ ਲੜੀ ਤਾਂ ਉਸ ਸਮੇਂ ਭਾਈ ਪਰਾਗਾ ਜੀ ਨੇ ਖਾਸ ਬਹਾਦਰੀ ਦਿਖਾਈ। ਆਪ ਦੇ ਚਾਰ ਪੁੱਤਰ ਸਨ ਜਿਨ੍ਹਾਂ ਵਿੱਚੋਂ ਦੋ ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਦਿੱਲੀ ਵਿਖੇ ਸ਼ਹੀਦ ਹੋਏ।

ਭਾਈ ਮਤੀ ਦਾਸ ਜੀ ਮੁੱਢ ਤੋਂ ਹੀ ਬੜੇ ਸ਼ਰਧਾਲੂ ਅਤੇ ਨਾਮ-ਰਸੀਏ ਸਨ। ਜਦੋਂ ਗੁਰੂ ਤੇਗ ਬਹਾਦੁਰ ਜੀ ਮਹਾਰਾਜ ਲੰਮੀ ਤਪੱਸਿਆ ਤੋਂ ਬਾਅਦ ਬਾਬਾ ਬਕਾਲਾ ਵਿੱਚ ਪ੍ਰਗਟ ਹੋਏ ਤੇ ਗੁਰ-ਗੱਦੀ ਸੰਭਾਲੀ ਤਾਂ ਉਸ ਸਮੇਂ ਦੂਰ ਦੂਰ ਤੋਂ ਸਿੱਖ ਸੰਗਤਾਂ ਉਨ੍ਹਾਂ ਦੇ ਦਰਸ਼ਨਾਂ ਨੂੰ ਆਈਆਂ। ਧਨੀ ਪੋਠੋਹਾਰ ਦੀ ਸੰਗਤ ਵੀ ਇਕੱਠੀ ਹੋ ਕੇ ਆਈ। ਭਾਈ ਮਤੀ ਦਾਸ ਜੀ ਵੀ ਇਸ ਸਮੇਂ ਦਰਸ਼ਨ ਕਰਨ ਾਲੀ ਰਹਿ ਕੇ ਆਪਣਾ ਜੀਵਨ-ਕਲਿਆਣ ਕਰਨ ਦੀ ਧਾਰ ਲਈ। ਕਾਫੀ ਸਮਾਂ ਗੁਰੂ ਘਰ ਵਿੱਚ ਰਹਿਣ ਕਰ ਕੇ ਆਪ ਨੂੰ ਖਾਸ ਜ਼ਿੰਮੇਵਾਰੀ ਸੌਂਪੀ ਗਈ। ਆਪ ਨੂੰ ਗੁਰੂ ਜੀ ਨੇ ਗੁਰੂਘਰ ਦਾ ਦੀਵਾਨ ਥਾਪ ਦਿੱਤਾ। ਜਦੋਂ ਗੁਰੂ ਤੇਗ ਬਹਾਦੁਰ ਜੀ ਬਿਹਾਰ ਤੋਂ ਹੁੰਦੇ ਹੋਏ ਆਸਾਮ ਵੱਲ ਦੌਰੇ 'ਤੇ ਗਏ ਤਾਂ ਉਸ ਸਮੇਂ ਵੀ ਭਾਈ ਮਤੀ ਦਾਸ ਜੀ ਉਨ੍ਹਾਂ ਦੇ ਨਾਲ ਸਨ। ਜਦੋਂ ਗੁਰੂ ਜੀ ਨੇ ਔਰੰਗਜ਼ੇਬ ਬਾਦਸ਼ਾਹ ਦੇ ਜ਼ੁਲਮਾਂ ਦਾ ਟਾਕਰਾ ਕਰਨ ਲਈ ਸ਼ਹੀਦੀ ਪਾਉਣ ਦਾ ਫੈਸਲਾ ਕਰ ਲਿਆ ਤਾਂ ਭਾਈ ਮਤੀ ਦਾਸ ਨੂੰ ਵੀ ਗੁਰੂ ਜੀ ਦੇ ਨਾਲ ਹੀ ਆਗਰਾ ਤੋਂ ਗ੍ਰਿਫਤਾਰ ਕਰ ਕਰ ਕੇ ਦਿੱਲੀ ਲਿਆਂਦਾ ਗਿਆ।

ਗੁਰੂ ਜੀ ਨੂੰ ਇੱਕ ਪਿੰਜਰੇ ਵਿੱਚ ਬੰਦ ਕਰ ਦਿੱਤਾ ਗਿਆ। ਜਦੋਂ ਗੁਰੂ ਜੀ ਨੇ ਆਪਣੀ ਰਿਹਾਈ ਲਈ ਹਾਕਮਾਂ ਵਲੋਂ ਲਗਾਈਆਂ

ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਗੁਰੂ ਜੀ ਨਾਲ ਗਏ ਸਿੱਖਾਂ ਨੂੰ ਉਨ੍ਹਾਂ ਦੇ ਸਾਹਮਣੇ ਤੜਫਾ ਤੜਫਾ ਕੇ ਮਾਰਨ ਦਾ ਫੈਸਲਾ ਹੋਇਆ। ਸਭ ਤੋਂ ਪਹਿਲਾਂ ਭਾਈ ਸਤੀ ਦਾਸ ਜੀ ਨੂੰ ਸਿਰ 'ਤੇ ਆਰਾ ਚਲਾ ਕੇ ਚੀਰ ਦੇਣ ਦਾ ਹੁਕਮ ਹੋਇਆ। ਆਪ ਨੂੰ ਕੋਤਵਾਲੀ ਦੇ ਕੈਦਖਾਨੇ ਤੋਂ ਕੱਢਿਆ ਗਿਆ। ਸਾਰੇ ਸ਼ਹਿਰ ਵਿੱਚ ਸਿੱਖਾਂ ਨੂੰ ਸਰਕਾਰ ਵਲੋਂ ਦਿੱਤੀ ਜਾਣ ਵਾਲੀ ਸਜ਼ਾ ਬਾਰੇ ਢੰਡੋਰਾ ਪਿਟਵਾ ਦਿੱਤਾ ਗਿਆ। ਕਾਫੀ ਗਿਣਤੀ ਵਿੱਚ ਲੋਕ ਇਕੱਠੇ ਹੋ ਗਏ। ਕੋਤਵਾਲੀ ਦੇ ਸਾਹਮਣੇ ਸਾਰੀ ਥਾਂ ਖੁਲ੍ਹੀ ਪਈ ਸੀ। ਵਿਚਕਾਰ ਕੱਚਾ ਰਾਹ ਸ਼ਹਿਰ ਵੱਲ ਜਾਂਦਾ ਸੀ। ਉਸ ਰਾਹ ਦੇ ਪਾਰਲੇ ਪਾਰ ਜਿੱਥੇ ਅੱਜਕਲ੍ਹ ਫੁਹਾਰਾ ਹੈ, ਭਾਈ ਮਤੀ ਦਾਸ ਜੀ ਨੂੰ ਬਿਠਾ ਦਿੱਤਾ ਗਿਆ। ਆਰਾ ਲੈ ਕੇ ਜੱਲਾਦ ਆ ਗਏ। ਮਤੀ ਦਾਸ ਨੂੰ ਕਿਹਾ ਗਿਆ ਕਿ ਕਰਾਮਾਤ ਦਿਖਾਓ ਤੇ ਸਾਡਾ ਸਾਰਾ ਕੁੱਝ ਤਬਾਹ ਕਰ ਕੇ ਦਿਖਾਓ। ਭਾਈ ਮਤੀ ਦਾਸ ਨੇ ਕਿਹਾ ਕਿ ਮੇਰੇ ਗੁਰਦੇਵ ਦਾ ਹੁਕਮ ਨਹੀਂ ਅਜਿਹਾ ਕਰਨ ਦਾ, ਨਹੀਂ ਤੇ ਮੈਂ ਤੁਹਾਨੂੰ ਦੱਸ ਦਿੰਦਾ। ਫਿਰ ਮਤੀ ਦਾਸ ਜੀ ਨੂੰ ਕਿਹਾ ਗਿਆ ਕਿ ਉਹ ਗੁਰੂ ਜੀ ਦਾ ਸਾਥ ਛੱਡ ਦੇਵੇ ਜਿਸ ਤੋਂ ਉਨ੍ਹਾਂ ਨੇ ਸਾਫ ਇਨਕਾਰ ਕਰ ਦਿੱਤਾ। ਕਾਜ਼ੀ ਨੇ ਅਖੀਰ ਪੁੱਛਿਆ ਕਿ ਮਰਨ ਤੋਂ ਪਹਿਲਾਂ ਜੇਕਰ ਤੇਰੀ ਕੋਈ ਖਾਹਿਸ਼ ਹੈ ਤਾਂ ਉਹ ਦੱਸ ਅਸੀਂ ਪੂਰੀ ਕਰਾਂਗੇ। ਭਾਈ ਮਤੀ ਦਾਸ ਨੇ ਕਿਹਾ ਕਿ ਮੇਰੇ ਸੀਸ 'ਤੇ ਆਰਾ ਰੱਖਣ ਸਮੇਂ ਮੇਰਾ ਮੂੰਹ ਉਸ ਪਿੰਜਰੇ ਵੱਲ ਕਰ ਦਿੱਤਾ

ਜਾਵੇ ਜਿਸ ਵਿੱਚ ਗੁਰੂ ਤੇਗ ਬਹਾਦੁਰ ਜੀ ਕੈਦ ਹਨ ਤਾਂਕਿ ਆਪਣੇ ਜੀਵਨ ਦੇ ਅੰਤਲੇ ਸਾਹਾਂ ਤੱਕ ਆਪਣੇ ਪ੍ਰੀਤਮ ਦੇ ਦਰਸ਼ਨ ਕਰ ਸਕਾਂ। ਇਸ ਤਰ੍ਹਾਂ ਹੀ ਕੀਤਾ ਗਿਆ। ਆਰਾ ਚੱਲਣ ਲੱਗਾ ਅਤੇ ਭਾਈ ਸਾਹਿਬ ਅਡੋਲ ਰਹਿ ਕੇ ਜਪੁਜੀ ਦਾ ਪਾਠ ਕਰਦੇ ਰਹੇ। ਸਰੀਰ ਦੋਫਾੜ ਹੋ ਕੇ ਧਰਤੀ 'ਤੇ ਡਿਗਿਆ। ਦੇਖਣ ਵਾਲਿਆਂ ਦੇ ਰੌਂਗਟੇ ਖੜ੍ਹੇ ਹੋ ਗਏ ਉਨ੍ਹਾਂ ਨੇ ਪਹਿਲਾਂ ਕਦੇ ਅਜਿਹਾ ਕੌਤਕ ਨਹੀਂ ਸੀ ਦੇਖਿਆ। ਭਾਈ ਮਤੀ ਦਾਸ ਦਾ ਕੱਟਿਆ ਸਰੀਰ ਉੱਥੇ ਹੀ ਪਿਆ ਰਹਿਣ ਦਿੱਤਾ ਗਿਆ। ਸ਼ਹੀਦੀ ਸਮਾਂ ਸੰਨ 1675 ਦੇ ਨਵੰਬਰ ਮਹੀਨੇ ਦਾ ਪਹਿਲਾ ਹਫਤਾ ਮੰਨਿਆਂ ਜਾਂਦਾ ਹੈ।

**ਭਾਈ ਦਿਆਲਾ ਜੀ–** ਭਾਈ ਦਿਆਲਾ ਜੀ ਦੇ ਮੁਢਲੇ ਜੀਵਨ



ਬਾਰੇ ਵਿਦਵਾਨਾਂ ਦੇ ਭਿੰਨ ਭਿੰਨ ਵਿਚਾਰ ਹਨ। ਕੁੱਝ ਵਿਦਵਾਨਾਂ ਦਾ ਮੰਨਣਾ ਹੈ ਕਿ ਆਪ ਵੀ ਕੜਿਆਲਾ ਜ਼ਿਲ੍ਹਾ ਜਿਹਲਮ ਦੇ ਰਹਿਣ ਵਾਲੇ ਸਨ ਅਤੇ ਭਾਈ ਮਤੀ ਦਾਸ ਜੀ ਦੇ ਰਿਸ਼ਤੇਦਾਰ ਸਨ। ਕੁੱਝ ਇੱਕ ਦਾ ਕਹਿਣਾ ਹੈ ਕਿ ਆਪ ਮਾਲਵਾ ਦੇਸ਼ ਦੇ ਰਹਿਣ ਵਾਲੇ ਸਨ ਅਤੇ ਭਾਈ ਮਨੀ ਸਿੰਘ ਸ਼ਹੀਦ ਇਨ੍ਹਾਂ ਦੇ ਪਰਿਵਾਰ ਵਿੱਚੋਂ ਸਨ। ਪ੍ਰਿੰਸੀਪਲ ਗੰਗਾ ਸਿੰਘ ਜੀ ਅਨੁਸਾਰ ਭਾਈ ਦਿਆਲਾ ਜੀ ਮਾਲਵਾ ਦੇਸ਼ ਦੇ ਪਿੰਡ ਕੋਬੇਵਾਲ ਦੇ ਰਹਿਣ ਵਾਲੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਾਪੀ ਪੁਸਤਿਕਾ, 'ਖੂਨ ਸ਼ਹੀਦਾਂ ਦਾ' ਵਿੱਚ ਭਾਈ ਦਿਆਲਾ ਜੀ ਨੂੰ ਜ਼ਿਲ੍ਹਾ ਮੁਜ਼ੱਫਰਗੜ੍ਹ ਦੇ ਪਿੰਡ ਮਨੀਪੁਰ ਦੇ ਭਾਈ ਮਾਈ ਦਾਸ ਅਤੇ ਮਾਤਾ ਮਧੁਰੀ ਬਾਈ ਦਾ ਪੁੱਤਰ ਦੱਸਿਆ ਗਿਆ ਹੈ। ਇਸ ਅਨੁਸਾਰ ਆਪ ਦੇ ਹੋਰ 11 ਭਰਾ ਸਨ ਜਿਨ੍ਹਾਂ ਵਿੱਚੋਂ ਇੱਕ ਨੂੰ ਛੱਡ ਕੇ ਬਾਕੀ ਦਸ ਸਿੱਖ ਧਰਮ ਲਈ ਸ਼ਹੀਦ ਹੋਏ ਸਨ।

ਜਦੋਂ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਗੁਰਗੱਦੀ 'ਤੇ ਬੈਠਣ ਮਗਰੋਂ ਪੂਰਬ ਵਾਲੇ ਪਾਸੇ ਪ੍ਰਚਾਰ ਦੌਰੇ 'ਤੇ ਨਿਕਲੇ ਤਾਂ ਭਾਈ ਦਿਆਲਾ ਜੀ ਆਪ ਜੀ ਦੇ ਨਾਲ ਸਨ। ਸ਼੍ਰੀ ਪਟਨਾ ਸਾਹਿਬ ਪਹੁੰਚ ਕੇ ਗੁਰੂ ਜੀ ਨੇ ਆਪਣੇ ਪਰਿਵਾਰ ਨੂੰ ਇੱਥੇ ਹੀ ਰਹਿਣ ਦਾ ਹੁਕਮ ਕੀਤਾ ਤੇ ਆਪ ਅਸਾਮ ਲਈ ਚੱਲ ਪਏ। ਸ਼੍ਰੀ ਪਟਨਾ ਸਾਹਿਬ ਵਿਖੇ ਪਰਿਵਾਰ ਦੀ ਜ਼ਿੰਮੇਵਾਰੀ ਗੁਰੂ ਜੀ ਨੇ ਭਾਈ ਦਿਆਲਾ ਜੀ ਨੂੰ ਸੌਂਪੀ। ਆਪ ਨਾਮ ਬਾਣੀ ਦੇ ਰਸੀਏ, ਪੱਕੇ ਇਰਾਦੇ ਵਾਲੇ ਨੇਕ ਤੇ ਇਮਾਨਦਾਰ ਗੁਰਸਿੱਖ ਸਨ। ਗੁਰੂ ਤੇਗ ਬਹਾਦੁਰ ਜੀ ਦੁਆਰਾ ਲਿਖੇ ਹੁਕਮਨਾਮਿਆਂ ਤੋਂ ਪਤਾ ਲਗਦਾ ਹੈ ਕਿ ਆਪ ਜੀ ਅਨਿੰਨ ਸਿੱਖ ਸਨ। ਜਦੋਂ ਔਰੰਗਜ਼ੇਬ ਦਾ ਜ਼ੁਲਮ ਉੱਤਰੀ ਭਾਰਤ ਦੀ ਜਨਤਾ 'ਤੇ ਬਹੁਤ ਵਧ ਗਿਆ ਤਾਂ ਗੁਰੂ ਤੇਗ ਬਹਾਦੁਰ ਜੀ ਆਪਣਾ ਅਸਾਮ ਦਾ ਦੌਰਾ ਜਲਦੀ ਜਲਦੀ ਮੁਕਾ ਕੇ ਪੰਜਾਬ ਪਹੁੰਚ ਗਏ। ਉਨ੍ਹਾਂ ਭਾਈ ਦਿਆਲਾ ਜੀ ਨੂੰ ਹੁਕਮ ਭੈਜ ਦਿੱਤਾ ਕਿ ਉਹ ਬਾਲ ਗੋਬਿੰਦ ਰਾਏ ਤੇ ਗੁਰੂ ਪਰਿਵਾਰ ਨੂੰ ਨਾਲ ਲੈ ਕੇ ਸ਼੍ਰੀ ਅਨੰਦਪੁਰ ਸਾਹਿਬ ਪਹੁੰਚ ਜਾਣ। ਜਦੋਂ ਗੁਰੂ ਤੇਗ ਬਹਾਦੁਰ ਜੀ ਨੂੰ ਮੁਗਲ ਹਕੂਮਤ ਨੇ ਗ੍ਰਿਫਤਾਰ ਕੀਤਾ ਤਾਂ ਭਾਈ ਦਿਆਲਾ ਜੀ ਵੀ ਨਾਲ ਸਨ। ਦਿੱਲੀ ਦੇ ਹਾਕਮਾਂ ਨੇ ਪਹਿਲਾਂ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ। ਫਿਰ ਭਾਈ ਦਿਆਲਾ ਜੀ ਨੂੰ ਮੁੱਖ ਪ੍ਰਬੰਧਕ ਸਾਹਮਣੇ ਪੇਸ਼ ਕੀਤਾ ਗਿਆ। ਜਦੋਂ ਭਾਈ ਜੀ ਨੇ ਹਾਕਮਾਂ ਦੀ ਕੋਈ ਗੱਲ ਨਾ ਮੰਨੀ ਤਾਂ ਉਨ੍ਹਾਂ ਨੂੰ ਦੇਗ ਵਿੱਚ ਬਿਠਾ ਕੇ ਪਾਣੀ ਵਿੱਚ ਉਬਾਲ ਕੇ ਸ਼ਹੀਦ ਕਰਨ ਦਾ ਹੁਕਮ ਹੋਇਆ। ਪਾਣੀ ਦੀ ਦੇਗ ਅੱਗ 'ਤੇ ਰਖ ਦਿੱਤੀ ਗਈ। ਜਦੋਂ ਪਾਣੀ ਉਬਾਲੇ ਖਾਣ ਲੱਗਾ ਤਾਂ ਭਾਈ ਦਿਆਲਾ ਜੀ ਨੂੰ ਦੇਗ ਪਾਸ ਲਿਆਂਦਾ ਗਿਆ। ਭਾਰੀ ਗਿਣਤੀ ਵਿੱਚ ਇਕੱਠੇ ਹੋਏ ਲੋਕ ਇਹ ਅਜਬ ਕਾਰਨਾਮਾ ਦੇਖ ਰਹੇ ਸਨ। ਭਾਈ ਜੀ ਨੇ ਆਪਣੇ ਸਤਿਗੁਰਾਂ ਵੱਲ ਦੇਖਿਆ ਅਤੇ ਦੇਗ ਵਿੱਚ ਬੈਠ ਗਏ।ਆਪ ਨੇ ਦੇਗ ਵਿੱਚ ਬੈਠ ਕੇ ਸਮਾਧੀ ਲਾ ਲਈ ਅਤੇ ਪਾਠ ਕਰਨਾ ਸ਼ੁਰੂ ਕਰ ਦਿੱਤਾ। ਸਰੀਰ ਸਾਰਾ ਗਲ ਕੇ ਅੰਗ ਅਲੱਗ ਅਲੱਗ ਹੋਣ ਲੱਗੇ ਅਤੇ ਅੰਤ ਸਵਾਸ ਖਤਮ ਹੋ ਗਏ। ਹਾਕਮਾਂ ਦਾ ਦਿਲ ਵੀ ਇੱਕ ਵਾਰ ਫਿਰ ਸਿੱਖ ਦੀ ਦ੍ਰਿੜ੍ਹਤਾ ਨੂੰ ਦੇਖ ਕੇ ਕੰਬ ਉੱਠਿਆ।

**ਭਾਈ ਸਤੀ ਦਾਸ ਜੀ–** ਗੁਰੂ ਤੇਗ ਬਹਾਦੁਰ ਜੀ ਦੀ 11 ਨਵੰਬਰ,1675 ਈਸਵੀ ਨੂੰ ਲਾਲ ਕਿਲੇ ਦੇ ਸਾਹਮਣੇ ਚਾਂਦਨੀ ਚੌਕ ਵਿੱਚ ਸ਼ਹਾਦਤ ਤੋਂ ਪਹਿਲਾਂ ਜਿਨ੍ਹਾਂ ਤਿੰਨ ਸਿੱਖਾਂ ਨੂੰ ਵੱਖ ਵੱਖ ਕਿਸਮ ਦੇ ਤਸੀਹੇ ਦੇ ਕੇ



ਸ਼ਹੀਦ ਕੀਤਾ ਗਿਆ ਉਨ੍ਹਾਂ ਵਿੱਚ ਭਾਈ ਸਤੀ ਦਾਸ ਵੀ ਸ਼ਾਮਿਲ ਸਨ। ਆਪ ਭਾਈ ਮਤੀ ਦਾਸ ਜੀ ਦੇ ਛੋਟੇ ਭਰਾ ਸਨ। ਆਪ ਨੇ ਪਰਿਵਾਰਿਕ ਪਰੰਪਰਾ ਅਨੁਸਾਰ ਬਚਪਨ ਵਿੱਚ ਹੀ ਪੰਜਾਬੀ, ਬ੍ਰਜ ਭਾਸ਼ਾ ਤੇ ਸੰਸਕ੍ਰਿਤ ਦਾ ਭਾਸ਼ਾਈ ਗਿਆਨ ਪ੍ਰਾਪਤ ਕਰ ਕੇ ਫਿਰ ਫਾਰਸੀ ਪੜ੍ਹ ਲਈ, ਜੋ ਉਸ ਸਮੇਂ ਸਰਕਾਰੀ ਭਾਸ਼ਾ ਸੀ ਤੇ ਨਾਲ ਹੀ ਗਣਿਤ ਵਿੱਦਿਆ ਵੀ ਪ੍ਰਾਪਤ ਕੀਤੀ। ਇਉਂ ਸਮੇਂ ਦੀ ਵਿਦਿਅਕ ਪ੍ਰਣਾਲੀ ਵਿੱਚ ਨਿਪੁੰਨ ਹੋ ਕੇ ਆਪ ਘਰ ਦੇ ਕਾਰੋਬਾਰ ਵਿੱਚ ਵਧੇਰੇ ਸਮਾਂ ਦੇਣ ਲੱਗੇ। ਜਦੋਂ ਵੀ ਪਰਿਵਾਰ ਗੁਰੂ ਘਰ ਦੇ ਦਰਸ਼ਨਾਂ ਲਈ

ਕੀਰਤਪੁਰ ਸਾਹਿਬ ਆਉਂਦਾ ਤਾਂ ਭਾਈ ਸਤੀ ਦਾਸ ਵੀ ਕੀਰਤਪੁਰ ਸਾਹਿਬ ਆਉਂਦੇ ਰਹੇ। ਜਦੋਂ ਗੁਰੂ ਤਗ ਬਹਾਦੁਰ ਜੀ ਗੁਰੂ ਨਾਨਕ ਦੀ ਨੌਵੀਂ ਜੋਤ ਬਣ ਕੇ ਲੋਕ ਲਹਿਰ ਦੀ ਅਗਵਾਈ ਕਰਨ ਲੱਗੇ ਤਾਂ ਭਾਈ ਸਤੀ ਦਾਸ ਜੀ ਨੂੰ ਆਪਣਾ ਸਹਾਇਕ ਦੀਵਾਨ ਬਣਾ ਲਿਆ। ਭਾਈ ਸਤੀ ਦਾਸ ਜੀ ਸਵੇਰ ਸ਼ਾਮ ਵਧੇਰੇ ਸਮਾਂ ਨਾਮ ਸਿਮਰਨ ਵਿੱਚ ਗੁਜ਼ਾਰਦੇ। ਆਪ ਦੀਵਾਨ ਸਮੇਂ ਸੰਗਤ ਵਿੱਚ ਆ ਕੇ ਕੀਰਤਨ ਸੁਣਦੇ ਅਤੇ ਬਾਕੀ ਦਾ ਦਿਨ ਅਨੰਦਪੁਰ ਦੀ ਉਸਾਰੀ ਤੇ ਗੁਰੂ-ਘਰ ਦੇ ਹੋਰ ਕੰਮਾਂ ਵਿੱਚ ਬਿਤਾਉਂਦੇ।

ਜਦੋਂ 1675 ਵਿੱਚ ਗੁਰੂ ਤੇਗ ਬਹਾਦੁਰ ਜੀ ਨੇ ਗੈਰ-ਮੁਸਲਮਾਨਾਂ ਵਿਰੁੱਧ ਹੁੰਦੇ ਜ਼ੁਲਮਾਂ ਨੂੰ ਠੱਲ੍ਹ ਪਾਉਣ ਲਈ ਦਿੱਲੀ ਜਾ ਕੇ ਬਲੀਦਾਨ ਦੇਣ ਦਾ ਫੈਸਲਾ ਕੀਤਾ ਤਾਂ ਭਾਈ ਸਤੀ ਦਾਸ ਵੀ ਨਾਲ ਸਨ। ਹੋਰ ਦੋ ਸਿੰਘਾਂ ਦੇ ਨਾਲ ਭਾਈ ਸਤੀ ਦਾਸ ਨੂੰ ਵੀ ਕੋਤਵਾਲੀ ਵਿੱਚ ਕੈਦ ਕਰ ਦਿੱਤਾ ਗਿਆ। ਉਨ੍ਹਾਂ ਨੂੰ ਵੀ ਛੁਟਕਾਰੇ ਲਈ ਧਰਮ-ਪਰਵਰਤਨ ਅਤੇ ਗੁਰੂ ਜੀ ਤੋਂ ਬੇਮੁਖ ਹੋ ਜਾਣ ਦੇ ਲਾਲਚ ਦਿੱਤੇ ਗਏ ਪਰ ਉਨ੍ਹਾਂ ਨੇ ਸ਼ਾਸਕਾਂ ਦੀ ਕੋਈ ਗੱਲ ਨਾ ਮੰਨੀ ਅਤੇ ਆਪਣੇਆਪ ਨੂੰ ਸ਼ਹੀਦ ਹੋਣ ਲਈ ਪੇਸ਼ ਕੀਤਾ। ਇਨ੍ਹਾਂ ਦੇ ਸਾਹਮਣੇ ਪਹਿਲਾਂ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ ਸੀ ਅਤੇ ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਵਿੱਚ ਉਬਾਲ ਕੇ ਸ਼ਹੀਦ ਕੀਤਾ ਜਾ ਚੁੱਕਾ ਸੀ। ਕਾਜ਼ੀ ਨੇ ਭਾਈ ਸਤੀ ਦਾਸ ਜੀ ਨੂੰ ਜ਼ਿੰਦਾ ਜਲਾ ਦੇਣ ਦੀ ਸਜ਼ਾ ਸੁਣਾ ਦਿੱਤੀ। ਉਨ੍ਹਾਂ ਦੇ ਸਰੀਰ ਦੇ ਚੁਫੇਰੇ ਰੂੰ ਲਪੇਟ ਕੇ ਲੋਹੇ ਦੇ ਥੰਮ੍ਹ ਨਾਲ ਬੰਨ੍ਹ ਦਿੱਤਾ ਗਿਆ। ਫਿਰ ਸਰੀਰ 'ਤੇ ਤੇਲ ਛਿੜਕ ਕੇ ਅੱਗ ਲਗਾ ਦਿੱਤੀ ਗਈ। ਉਹ ਸ਼ਾਂਤ ਚਿੱਤ ਖੜ੍ਹੇ ਪਾਠ ਕਰਦੇ ਰਹੇ ਤੇ ਨਜ਼ਰਾਂ ਸਾਹਮਣੇ ਪਿੰਜਰੇ ਵਿੱਚ ਬੰਦ ਗੁਰੂ ਤੇਗ ਬਹਾਦੁਰ ਜੀ ਦੇ ਦਰਸ਼ਨ ਕਰਦੀਆਂ ਰਹੀਆਂ। ਸਰੀਰ ਸੜ ਗਿਆ, ਆਤਮਾ ਸਰੀਰ ਦਾ ਸਾਥ ਛੱਡ ਗਈ ਪਰ ਬਾਈ  ਸਤੀ ਦਾਸ ਜ਼ੁਲਮ ਅੱਗੇ ਨਾ ਝੁਕੇ।

ਸਿੱਖ ਇਤਿਹਾਸ ਦੀਆਂ ਅਨੇਕਾਂ ਰੌਂਗਟੇ ਖੜ੍ਹੇ ਕਰਨ ਵਾਲੀਆਂ ਕੁਰਬਾਨੀ ਦੀਆਂ ਘਟਨਾਵਾਂ ਵਿੱਚ ਭਾਈ ਮਤੀ ਦਾਸ, ਭਾਈ ਦਿਆਲਾ ਅਤੇ ਭਾਈ ਸਤੀ ਦਾਸ ਦੀਆਂ ਸ਼ਹਾਦਤਾਂ ਵਿਸ਼ੇਸ਼ ਸਥਾਨ ਰਖਦੀਆਂ ਹਨ।

* * * * *

ਸੈਣੀ ਭਵਨ ਦੇ ਪ੍ਰਬੰਧਕ
**ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ**
ਦੀ 182ਵੀਂ ਬਰਸੀ ਮੌਕੇ
ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ
ਕਰਦੇ ਹਨ।



ਸਾਡਾ ਜੁਝਾਰੂ ਵਿਰਸਾ

## ਬੱਬਰ ਸ਼ੇਰ ਸ਼ਹੀਦ ਭਾਈ ਹਾਠੂ ਸਿੰਘ

ਜਨਵਰੀ 1761ਵਿੱਚ ਅਹਿਮਦ ਸ਼ਾਹ ਅਬਦਾਲੀ ਮਰਹੱਟਿਆਂ ਨੂੰ ਪਾਣੀਪਤ ਦੀ ਲੜਾਈ ਵਿੱਚ ਹਰਾ ਕੇ ਵਾਪਸ ਪਰਤ ਰਿਹਾ ਸੀ ਕਿ ਸਿੰਘਾਂ ਨੇ ਉਸ ਦੀਆਂ ਫ਼ੌਜਾਂ ਦਾ ਪਿੱਛਾ ਕੀਤਾ ਤੇ ਗੋਇੰਦਵਾਲ ਸਾਹਿਬ ਦਾ ਪੱਤਣ ਪਾਰ ਕਰਦਿਆਂ ਉਸ ਦਾ ਕਾਫੀ ਮਾਲ-ਅਸਬਾਬ ਖੋਹ ਲਿਆ। ਕਾਬਲ ਪਰਤਣ ਤੋਂ ਪਹਿਲਾਂ ਉਸ ਨੇ ਕੁੱਝ ਦਿਨ ਲਾਹੌਰ ਟਿਕਣ ਦਾ ਪ੍ਰੋਗਰਾਮ ਬਣਾਇਆ। ਇੱਥੋਂ ਹੀ ਉਸ ਨੇ ਗਸ਼ਤੀ ਫ਼ੌਜਾਂ ਦੇ ਕੁੱਝ ਦਸਤੇ ਸਿੱਖਾਂ ਨੂੰ ਕੁਚਲਣ ਲਈ ਭੇਜੇ, ਜਿਨ੍ਹਾਂ ਨੇ ਉਸ ਦੀਆਂ ਜੇਤੂ ਫ਼ੌਜਾਂ 'ਤੇ ਹਮਲਾ ਕਰ ਕੇ ਉਸ ਦੇ ਵਕਾਰ ਨੂੰ ਸੱਟ ਮਾਰੀ ਸੀ।

ਇਨ੍ਹਾਂ ਦਿਨਾਂ ਵਿੱਚ ਹੀ ਲਾਹੌਰ ਦੇ ਨੇੜੇ ਪਿੰਡ ਕਾਹਨਾ ਕਾਛਾ ਵਿੱਚ ਦੋ ਸੂਰਬੀਰ ਸਿੰਘ ਰਹਿੰਦੇ ਸਨ। ਉਨ੍ਹਾਂ ਵਿੱਚੋਂ ਇੱਕ ਦਾ ਨਾਮ ਭਾਈ ਹਾਠੂ ਸਿੰਘ ਅਤੇ ਦੂਸਰੇ ਦਾ ਨਾਮ ਭਾਈ ਬਾਘੜ ਸਿੰਘ ਸੀ। ਜਦੋਂ ਉਨ੍ਹਾਂ ਨੂਮ ਅਬਦਾਲੀ ਵਲੋਂ ਭੇਜੀਆਂ ਗਈਆਂ ਗਸ਼ਤੀ ਫ਼ੌਜਾਂ ਦਾ ਪਤਾ ਲੱਗਾ ਉਹ ਤਿਆਰ-ਬਰ-ਤਿਆਰ ਹੋ ਕੇ ਘੋੜਿਆਂ 'ਤੇ ਸੁਆਰ ਹੋ ਕੇ ਅਬਦਾਲੀ ਨੂੰ ਸੋਧਣ ਲਈ ਲਾਹੌਰ ਵੱਲ ਚੱਲ ਪਏ। ਰਾਹ ਵਿੱਚ ਉਨ੍ਹਾਂ ਦੀ ਮੁੱਠਭੇੜ ਅਬਦਾਲੀ ਦੇ ਸੈਨਕਾਂ ਨਾਲ ਹੋ ਗਈ ਜਿਸ ਵਿੱਚ ਉਨ੍ਹਾਂ ਨੇ ਅਬਦਾਲੀ ਦੇ ਕਈ ਸਿਪਾਹੀ ਮਾਰ ਦਿੱਤੇ। ਕੁੱਝ ਚਿਰ ਦੀ ਆਹਮੋ-ਸ੍ਹਾਮਣੀ ਲੜਾਈ ਮਗਰੋਂ ਇਹ ਦੋਵੇਂ ਸੂਰਬੀਰ ਫੜੇ ਗਏ। ਇਨ੍ਹਾਂ ਨੂੰ ਬੇੜੀਆਂ ਪਾ ਕੇ ਲਾਹੌਰ ਪੁਚਾ ਦਿੱਤਾ ਗਿਆ। ਜਦੋਂ ਦੋਹਾਂ ਬਹਾਦਰਾਂ ਨੂੰ ਅਬਦਾਲੀ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਉਸ ਨੇ ਪੁੱਛਿਆ, ' ਤੁਸੀਂ ਲਾਹੌਰ ਕੀ ਕਰਨ ਆ ਰਹੇ ਸੀ?' ਦੋਹਾਂ ਨੇ ਗੱਜ ਕੇ ਜੁਆਬ ਦਿੱਤਾ, ' ਅਸੀਂ ਤੇਰਾ ਸਿਰ ਵੱਢ ਕੇ ਤੈਨੂੰ ਸਬਕ ਸਿਖਾਉਣਾ ਚਾਹੁੰਦੇ ਸੀ'। ਉਨ੍ਹਾਂ ਦਾ ਨਿਡਰ ਉੱਤਰ ਸੁਣ ਕੇ ਅਹਿਮਦ ਸ਼ਾਹ ਅਬਦਾਲੀ ਗੁੱਸੇ ਵਿੱਚ ਆ ਗਿਆ। ਉਨ੍ਹਾਂ ਦੋਹਾਂ ਬਹਾਦਰਾਂ ਨੂੰ ਹਾਥੀ ਦੇ ਪੈਰਾਂ ਥੱਲੇ ਸੁੱਟ ਕੇ ਹੁਕਮ ਦਿੱਤਾ। ਜਦੋਂ ਭਾਈ ਹਾਠੂ ਸਿੰਘ ਨੂੰ ਹਾਥੀ ਦੇ ਪੈਰਾਂ ਥੱਲੇ ਸੁੱਟਿਆ ਗਿਆ ਤਾਂ ਉਸ ਨੇ ਐਸੇ ਜ਼ੋਰ ਦਾ ਜੈਕਾਰਾ ਗਜਾਇਆ ਕਿ ਹਾਥੀ ਵੀ ਸਹਿਮ ਕੇ ਪਰ੍ਹੇ ਹੋ ਗਿਆ। ਮਹਾਵਤ ਦੇ ਬਾਰ ਬਾਰ ਕੋਸ਼ਿਸ਼ ਕਰਨ 'ਤੇ ਵੀ ਹਾਥੀ ਨੇ ਅੱਗੇ ਕਦਮ ਵਧਾਉਣ ਤੋਂ ਇਨਕਾਰ ਕਰ ਦਿੱਤਾ। ਭਾਈ ਹਾਠੂ ਸਿੰਘ ਨੂੰ ਫਿਰ ਸ਼ੇਰ ਦੇ ਪਿੰਜਰੇ ਵਿੱਚ ਬੰਦ ਕਰ ਦਿੱਤਾ ਤੇ ਉਸ ਵਿੱਚ ਸ਼ੇਰ ਛੱਡ ਦਿੱਤਾ। ਭਾਈ ਹਾਠੂ ਸਿੰਘ ਨੇ ਇੱਕਲੇ ਹੀ ਇੱਕੋ ਇੱਕ ਸੋਟੇ ਨਾਲ ਸ਼ੇਰ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ। ਅਬਦਾਲੀ ਭਾਈ ਸਾਹਬ ਦੀ ਤਾਕਤ ਤੇ ਦਲੇਰੀ ਤੋਂ ਬਹੁਤ ਪ੍ਰਭਾਵਿਤ ਹੋਇਆ। ਪਰ ਮੁਲਾਣਿਆਂ ਤੇ ਸਲਾਹਕਾਰਾਂ ਨੇ ਕਿਹਾ, ' ਅਜਿਹੇ ਖਤਰਨਾਕ ਬੰਦਿਆਂ ਨੂੰ ਖੁਲ੍ਹਿਆਂ ਫਿਰਨ ਦੀ ਆਗਿਆ ਦੇਣੀ ਆਪਣੇ ਲਈ ਖਤਰਾ

ਬਾਕੀ ਸਫਾ 29 'ਤੇ.....



## ਗੁਰੂ ਤੇਗ ਬਹਾਦਰ - ਹਿੰਦ ਦੀ ਚਾਦਰ

**ਇੰਜ. ਜਸਵੰਤ ਸਿੰਘ**
ਜਲੰਧਰ
ਫੋਨ :75892-64221

ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜਨਮ ਪਹਿਲੀ ਅਪ੍ਰੈਲ ਸੰਨ 1621 ਨੂੰ ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਹੋਇਆ। ਆਪ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ। ਆਪ ਦੀ ਮਾਤਾ ਦਾ ਨਾਮ ਨਾਨਕੀ ਜੀ ਸੀ। ਆਪ ਨੌਂ ਸਾਲ ਦੀ ਉਮਰ ਤੱਕ ਆਪਣੇ ਪਿਤਾ ਜੀ ਨਾਲ ਰਹੇ ਅਤੇ ਆਪ ਦੀ ਪੜ੍ਹਾਈ ਸਿਖਲਾਈ ਮੀਰੀ-ਪੀਰੀ ਦੇ ਮਾਲਕ ਹਰਿਗੋਬਿੰਦ ਸਾਹਿਬ ਦੀ ਦੇਖ-ਰੇਖ ਹੇਠ ਹੋਈ। ਆਪ ਨੂੰ ਗੁਰਮਤਿ ਦੀ ਵਿਦਿਆ ਦੇ ਨਾਲ ਸ਼ਸਤਰਾਂ ਦੀ ਵਰਤੋਂ ਅਤੇ ਘੋੜ-ਸਵਾਰੀ ਆਦਿ ਦੀ ਸਿਖਲਾਈ ਵੀ ਦਿੱਤੀ ਗਈ ਜਿਸ ਦੇ ਫਲਸਰੂਪ ਆਪ ਤੇਗ ਦੇ ਐਸੇ ਧਨੀ ਬਣੇ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਦਾ ਨਾਮ ਹੀ ਤੇਗ ਬਹਾਦਰ ਰੱਖ ਦਿੱਤਾ। ਜਦੋਂ ਗੁਰੂ ਹਰਗੋਬਿੰਦ ਸਾਹਿਬ ਅੰਮ੍ਰਿਤਸਰ ਤੋਂ ਕਰਤਾਰਪੁਰ(ਜਲੰਧਰ) ਆਏ ਤਾਂ ਆਪ ਪਿਤਾ ਜੀ ਨਾਲ ਸਨ। ਸੰਨ 1634 ਵਿੱਚ ਆਪ ਦਾ ਵਿਆਹ ਕਰਤਾਰਪੁਰ ਨਿਵਾਸੀ ਸ਼੍ਰੀ ਲਾਲ ਚੰਦ ਦੀ ਸਪੁੱਤਰੀ ਗੁਜਰੀ ਨਾਲ ਹੋਇਆ। ਇਸੇ ਸਾਲ ਜਦੋਂ ਕਰਤਾਰਪੁਰ ਸਾਹਿਬ ਵਿਖੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮੁਗਲਾਂ ਨਾਲ ਚੌਥੀ ਜੰਗ ਹੋਈ ਤਾਂ ਆਪ ਨੇ ਆਪਣੀ ਤੇਗ ਦੇ ਜੌਹਰ ਦਿਖਾਏ। ਸ਼੍ਰੀ ਗੁਰੂ ਤੇਗ ਬਹਾਦਰ ਜੀ ਨੇ ਜਬਰ ਦਾ ਸਬਰ ਨਾਲ ਮੁਕਾਬਲਾ ਕਰ ਕੇ ਅਤੇ ਜਿੱਤ ਦਾ ਡੰਕਾ ਵਜਾ ਕੇ ਅਜਿਹਾ ਇਤਿਹਾਸਕ ਪਰਮਾਣ ਨਿਰਮਤ ਕੀਤਾ ਜਿਸ ਦੀ ਬਦੌਲਤ ਮਨੁੱਖੀ ਇਤਿਹਾਸ ਵਿੱਚ ਇੱਕ ਲਾਮਿਸਾਲ ਅਨੋਖੀ ਤੇ ਸ਼ਕਤੀਸ਼ਾਲੀ ਗਵਾਹੀ ਖੜ੍ਹੀ ਹੋ ਗਈ-

"ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ"
(ਅੰਗ-1105)

ਇਸ ਜੰਗ ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਸਾਹਿਬ ਚਲੇ ਗਏ ਅਤੇ ਆਪ ਪਿਤਾ ਗੁਰੂ ਦੀ ਆਗਿਆ ਅਨੁਸਾਰ ਆਪਣੀ ਮਾਤਾ ਤੇ ਪਤਨੀ ਸਮੇਤ ਆਪਣੇ ਨਾਨਕਾ ਪਿੰਡ ਬਕਾਲਾ ਆ ਗਏ।

30 ਮਾਰਚ ਸੰਨ 1664 ਨੂੰ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਵਿਖੇ ਜੋਤੀਜੋਤ ਸਮਾਏ ਤੇ ਉਹਨਾਂ ਹਦਾਇਤ ਕੀਤੀ ਕਿ " ਬਾਬਾ ਵਸੇ ਗਰਾਮ ਬਕਾਲੇ " ਭਾਵ ਗੁਰਗੱਦੀ ਦਾ ਮਾਲਕ ਬਕਾਲਾ ਵਿਖੇ ਹੈ। ਬਕਾਲੇ ਕਈ ਪਾਖੰਡੀ ਬਾਬਿਆਂ ਦੇ ਪੋਲ ਖੁਲ੍ਹ ਜਾਣ 'ਤੇ, 11.8.1964 ਨੂੰ ਬਾਬਾ ਬਕਾਲਾ ਵਿਖੇ ਆਪ ਜੀ ਨੂੰ ਗੁਰੂ ਗੱਦੀ ਪ੍ਰਾਪਤ ਹੋਈ। ਆਪ ਨੂੰ 11 ਨਵੰਬਰ 1675 ਨੂੰ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸਮਾਣੇ ਦੇ ਜਲਾਦ ਜਲਾਲ-ਉਦੀਨ ਹੱਥੋਂ ਸ਼ਹੀਦ ਕਰਵਾਇਆ, ਜਿਸ ਦੇ ਫਲਸਰੂਪ ਸਾਰੀ ਮਨੁੱਖਤਾ ਸੋਗ ਵਿੱਚ ਡੁੱਬ ਗਈ। ਆਪ ਜੀ ਦੇ ਇੱਕੋ ਸਪੁੱਤਰ ਸ਼੍ਰੀ ਗੋਬਿੰਦ ਰਾਏ ਸਨ ਜੋ ਆਪ ਦੀ ਸ਼ਹੀਦੀ ਮਗਰੋਂ ਦਸਵੇਂ ਗੁਰੂ ਦੇ ਰੂਪ ਵਿੱਚ ਗੁਰਗੱਦੀ 'ਤੇ ਬਿਰਾਜਮਾਨ ਹੋਏ।

ਸ਼੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਦੀ ਰਚਨਾ, 115 ਸ਼ਬਦ ਤੇ ਸ਼ਲੋਕ, 31ਵੇਂ ਰਾਗ ਜੈਜਾਵੰਤੀ ਵਿੱਚ ਕੀਤੀ ਜੋ ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਵਿੱਚ ਦਰਜ ਕਰਾਈ। ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਜੀਵਨ-ਕਾਲ ਵਿੱਚ ਮਨੁੱਖਤਾ ਦੀ ਸੇਵਾ ਲਈ ਜੋ ਯੋਗਦਾਨ ਪਾਇਆ ਹੈ, ਉਹ ਨਿਮਨਲਿਖਤ ਤਿੰਨ ਬਿੰਦੂਆਂ 'ਤੇ ਅਧਾਰਿਤ ਹੈ-

1. ਆਪਣੀ ਸ਼ਹਾਦਤ ਦੇ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ ਤੇ ਹਿੰਦ ਦੀ ਚਾਦਰ ਬਣੇ।
2. ਨਾ ਕਿਸੇ ਤੋਂ ਡਰਨ ਦਾ ਤੇ ਨਾ ਹੀ ਕਿਸੇ ਨੂੰ ਡਰਾਉਣ ਦਾ ਉਪਦੇਸ਼ ਦਿੱਤਾ।
3. ਹੱਕ, ਇਨਸਾਫ ਤੇ ਧਰਮ ਦੀ ਆਨ ਸ਼ਾਨ ਲਈ ਆਪਾ ਵਾਰਨ ਦੀ ਜਾਚ ਦੱਸੀ।

ਆਪ ਜੀ ਮਨੁੱਖ ਦੇ ਜੀਵਨ ਦਾ ਵਿਸ਼ਲੇਸ਼ਨ ਕਰਦਿਆਂ ਫੁਰਮਾਉਂਦੇ ਹਨ-

" ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ।
ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ।।"
(ਅੰਗ-1428)

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਸੰਸਾਰ ਇੱਕ ਬਿਖਮ ਘਾਟੀ ਹੈ ਅਤੇ ਜੀਵ ਇੱਕ ਯਾਤਰੂ। ਬਾਲ, ਜਵਾਨੀ ਤੇ ਬਿਰਧ ਅਵਸਥਾ ਇਸ ਯਾਤਰਾ ਦੇ ਤਿੰਨ ਪੜਾਅ ਹਨ। ਜੀਵ ਆਪਣਾ ਬਾਲਪਣ ਅਨਜਾਣਪੁਣੇ ਵਿੱਚ ਅਤੇ ਜਵਾਨੀ ਮੋਹ-ਮਾਇਆ ਤੇ ਅਭਿਮਾਨ ਵਿੱਚ ਅੰਨ੍ਹਾਂ ਹੋ ਕੇ ਗਵਾ ਬਹਿੰਦਾ ਹੈ। ਬੁਢਾਪੇ ਵਿੱਚ ਉਸ ਨੂੰ ਸੋਝੀ ਹੁੰਦੀ ਹੈ ਜਦੋਂਕਿ ਉਸ ਦੀ ਜੀਵਨ ਪ੍ਰਕਿਰਿਆ ਸਰੀਰ ਦੇ ਕਮਜ਼ੋਰ ਹੋਣ ਕਰ ਕੇ ਬੇਅਰਥ ਹੋ ਜਾਂਦੀ ਹੈ ਅਤੇ ਮਨੁੱਖ ਪਸ਼ਚਾਤਾਪ ਕਰਦਾ ਹੈ। ਸੋ ਜੀਵ ਲਈ ਜ਼ਰੂਰੀ ਹੈ ਕਿ ਜਵਾਨੀ ਵੇਲੇ ਚੰਗੇ ਕਰਮ ਕਰੇ ਅਤੇ ਪਰਮਾਤਮਾ ਦੇ ਨਾਮ ਸਿਮਰਨ ਵਿੱਚ ਲੀਨ ਹੋ ਜਾਵੇ ਜੋ ਮਨੁੱਖੀ ਜੀਵਨ ਦਾ ਸਾਰਥਿਕ ਆਧਾਰ ਹੈ।

❊ ❊❊❊ ❊

### UNBELIEVABLE BUT REALITY

These are not birds
but flowers namely
Magnolia Liflor
This is a
Gift of Nature



## ਸ਼ਹੀਦੀ ਯਾਤਰਾ ਦਾ ਆਖਰੀ ਪੜਾਅ

## ਗੁਰੂ ਕਾ ਤਾਲ, ਆਗਰਾ



ਅਮਰਜੀਤ ਸਿੰਘ
ਰੂਪਨਗਰ

ਆਗਰਾ ਉੱਤਰ ਭਾਰਤ ਦੇ ਸ਼ੇਰ ਸ਼ਾਹ ਸੂਰੀ ਮਾਰਗ 'ਤੇ ਉੱਤਰ-ਦੱਖਣ ਵੱਲ ਜਮਨਾ ਨਦੀ ਦੇ ਕੰਢੇ ਵਸਿਆ ਇੱਕ ਪੁਰਾਤਨ ਸ਼ਹਿਰ ਹੈ।ਇਹ ਸ਼ਹਿਰ ਸ਼੍ਰੀ ਕ੍ਰਿਸ਼ਨ ਮਹਾਰਾਜ ਜੀ ਦੇ ਨਾਨਾ ਮਹਾਰਾਜਾ ਉਗਰਸੇਨ ਨੇ ਵਸਾਇਆ ਸੀ। ਉਸ ਵੇਲੇ ਇਸ ਦਾ ਨਾਮ ਅਗਰਵਨ ਸੀ ਜੋ ਸਮੇਂ ਨਾਲ ਬਦਲਦਾ ਹੋਇਆ ਆਗਰਾ ਬਣ ਗਿਆ। ਸਿੱਖ ਇਤਿਹਾਸ ਦਾ ਆਗਰਾ ਨਾਲ ਬਹੁਤ ਡੂੰਘਾ ਸਬੰਧ ਹੈ। ਇੱਥੇ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਸ਼੍ਰੀ ਗੁਰੂ ਤੇਗ ਬਹਾਦੁਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਰਨ ਪਾਏ ਸਨ। ਇਨ੍ਹਾਂ ਸਥਾਨਾਂ 'ਤੇ ਗੁਰੂਦੁਆਰੇ ਸਥਾਪਿਤ ਹਨ। ਸਿੱਖ ਕੌਮ ਦੇ ਵਿਦਵਾਨਾਂ, ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਨੇ ਆਗਰਾ ਸ਼ਹਿਰ ਨੂੰ ਗੁਰੂ ਨਾਨਕ ਮਿਸ਼ਨ ਦੇ ਪ੍ਰਚਾਰ ਦਾ ਕੇਂਦਰ ਬਣਾਇਆ ਸੀ। ਗੁਰੂ ਤੇਗ ਬਹਾਦੁਰ ਜੀ ਨੇ ਆਪਣੇ ਪ੍ਰਚਾਰ ਦੌਰਿਆਂ ਦੌਰਾਨ ਤਿੰਨ ਵਾਰ ਆਗਰਾ ਦੀ ਧਰਤੀ ਨੂੰ ਪਵਿੱਤਰ ਕੀਤਾ। ਸੰਨ 1675 ਦੇ ਅਕਤੂਬਰ ਮਹੀਨੇ, ਹਿੰਦੂ ਧਰਮ ਦੀ ਰੱਖਿਆ ਲਈ ਕੀਤੀ ਆਪਣੀ ਅੰਤਮ ਸ਼ਹੀਦੀ ਯਾਤਰਾ ਸਮੇਂ ਗੁਰੂ ਜੀ ਨੇ ਇੱਥੇ ਹੀ ਹਕੂਮਤ ਨੂੰ ਗ੍ਰਿਫਤਾਰੀ ਦਿੱਤੀ ਸੀ।

ਇਸ ਸ਼ਹੀਦੀ ਯਾਤਰਾ ਸਮੇਂ ਗੁਰੂ ਜੀ, ਨਾਨਕ ਮਿਸ਼ਨ ਦਾ ਪ੍ਰਚਾਰ ਕਰਦਿਆਂ ਅਨੰਦਪੁਰ ਸਾਹਿਬ ਤੋਂ ਚੱਲ ਕੇ ਕੀਰਤਪੁਰ ਰਾਹੀਂ ਪੜਾਅ ਦਰ ਪੜਾਅ ਰੋਪੜ, ਸੈਫਾਬਾਦ, ਪਟਿਆਲਾ, ਸਮਾਣਾ, ਕੈਥਲ, ਜੀਂਦ, ਲੱਖਣ ਮਾਜਰਾ, ਰੋਹਤਕ, ਜਾਨੀਪੁਰ, ਮਥੁਰਾ ਆਦਿ ਸਥਾਨਾਂ ਤੋਂ ਹੁੰਦੇ ਹੋਏ ਆਗਰਾ ਪਹੁੰਚੇ ਸਨ। ਇਸ ਸਮੇਂ ਬਰਸਾਤ ਦੀ ਰੁੱਤ ਲੰਘ ਚੁੱਕੀ ਸੀ। ਔਰੰਗਜ਼ੇਬ ਨੂੰ ਸ਼ੱਕ ਹੋਇਆ ਕਿ ਗੁਰੂ ਸਾਹਿਬ ਕਿਤੇ ਲੁਕ ਗਏ ਹਨ। ਇਸ ਲਈ ਉਸ ਨੇ ਫੁਰਮਾਨ ਜਾਰੀ ਕੀਤਾ ਕਿ ਜੋ ਕੋਈ ਹਿੰਦੂਆਂ ਦੇ ਪੀਰ ਗੁਰੂ ਤਗ ਬਹਾਦੁਰ ਦੀ ਸੂਹ ਦੇਵੇਗਾ ਉਸ ਨੂੰ ਹਕੂਮਤ 500 ਮੋਹਰਾਂ ਇਨਾਮ ਵਜੋਂ ਦੇਵੇਗੀ। ਇਹ ਫੁਰਮਾਨ ਆਗਰਾ ਦੇ ਨਜ਼ਦੀਕ ਪਿੰਡ ਕਕਰੇਟਾ ਦੇ ਇੱਕ ਚਰਵਾਹੇ ਹਸਨ ਅਲੀ ਜੋ ਕਿ ਸਯਦ ਅਹਿਮਦ ਅਲੀ ਖਾਂ ਦਾ ਪੋਤਰਾ ਸੀ, ਦੇ ਕੰਨੀ ਵੀ ਪਿਆ। ਉਹ ਭੋਲੇ ਭਾਵ ਨਾਲ ਸੋਚਣ ਲੱਗਾ ਕਿ ਜੇ ਗੁਰੂ ਜੀ ਨੇ ਗ੍ਰਿਫਤਾਰ ਹੋਣਾ ਹੀ ਹੈ ਤਾਂ ਮੇਰੇ ਰਾਹੀਂ ਹੋ ਜਾਣ। ਇਸ ਨਾਲ ਮੈਨੂੰ 500 ਮੋਹਰਾਂ ਮਿਲ ਜਾਣਗੀਆਂ ਜਿਸ ਨਾਲ ਉਸ ਦੀਆਂ ਦੋ ਬੇਟੀਆਂ ਦਾ ਨਿਕਾਹ ਹੋ ਜਾਵੇਗਾ। ਇਸ ਗਰੀਬ ਚਰਵਾਹੇ ਦੀ ਇੱਛਾ ਪੂਰੀ ਕਰਨ ਲਈ ਜਾਣੀਜਾਣ ਗੁਰੂ ਸਾਹਿਬ ਨੇ ਆਗਰਾ ਪਹੁੰਚ ਕੇ ਇਸ ਦੇ ਬਾਹਰ ਸਿਕੰਦਰਾ ਕਸਬੇ ਦੇ ਕੋਲ ਪਿੰਡ ਕਕਰੇਟਾ ਦੀ ਜੂਹ 'ਤੇ ਬਣੇ ਬਾਦਸ਼ਾਹੀ ਬਾਗ ਵਿੱਚ ਆਣ ਡੇਰਾ ਲਾਇਆ। ਇੱਥੇ ਹੀ ਹਸਨ ਅਲੀ ਖਾਂ ਬੱਕਰੀਆਂ ਚਰਾਇਆ ਕਰਦਾ ਸੀ। ਚਰਵਾਹੇ ਨੇ ਸ਼ਰਧਾ ਵਸ ਗੁਰੂ ਜੀ ਨੂੰ ਸਾਧੂ ਮੰਡਲੀ ਜਾਣ ਕੇ ਪਾਣੀ ਦੀ ਥਾਂ ਬੱਕਰੀ ਦਾ ਦੁਧ ਇੱਕ ਖੂਹ ਦੀ ਟਿੰਡ ਵਿੱਚ ਪਾ



ਕੇ ਪੀਣ ਲਈ ਦਿੱਤਾ ਕਿਉਂਕਿ ਲਾਗਲੇ ਸਾਰੇ ਖੂਹਾਂ ਦਾ ਪਾਣੀ ਖਾਰਾ ਸੀ। ਗੁਰੂ ਜੀ ਨੇ ਉਸ ਨੂੰ ਖੂਹ ਦਾ ਪਾਣੀ ਲਿਆਉਣ ਦੀ ਤਾਕੀਦ ਕੀਤੀ ਤਾਂ ਚਰਵਾਹੇ ਨੇ ਸਾਰੇ ਖੂਹਾਂ ਦਾ ਪਾਣੀ ਖਾਰਾ ਹੋਣ ਦੀ ਗੱਲ ਗੁਰੂ ਜੀ ਨੂੰ ਦੱਸ ਦਿੱਤੀ। ਗੁਰੂ ਜੀ ਨੇ ਬਚਨ ਕੀਤਾ ਕਿ 'ਪਾਣੀ ਖਾਰਾ ਨਹੀਂ, ਹਜ਼ਾਰਾ ਹੈ'। ਗੁਰੂ ਜੀ ਨੇ ਚਰਵਾਹੇ ਦੀ ਦਿਲੀ ਇੱਛਾ ਪੂਰੀ ਕਰਨ ਲਈ ਆਪਣੇ ਆਪ ਨੂੰ ਉਸ ਰਾਹੀਂ ਗ੍ਰਿਫਤਾਰ ਕਰਵਾਉਣ ਦੀ ਤਰਕੀਬ ਸੋਚੀ। ਚਰਵਾਹੇ ਨੂੰ ਆਪਣੇ ਹੀਰੇ ਦੇ ਨਗ ਵਾਲੀ ਅੰਗੂਠੀ ਅਤੇ ਕੀਮਤੀ ਦੁਸਾਲਾ ਦੇ ਕੇ ਸ਼ਹਿਰ ਵਿੱਚੋਂ ਕੁੱਝ ਰਸਦ ਲੈਣ ਲਈ ਭੇਜਿਆ। ਜਦੋਂ ਚਰਵਾਹਾ ਦੁਕਾਨ 'ਤੇ ਪਹੁੰਚਿਆ ਤਾਂ ਉਸ ਪਾਸ ਕੀਮਤੀ ਵਸਤੂਆਂ ਦੇਖ ਕੇ ਦੁਕਾਨਦਾਰ ਨੂੰ ਉਸ ਦੇ ਚੋਰ ਹੋਣ ਦਾ ਸ਼ੱਕ ਪਿਆ। ਦੁਕਾਨਦਾਰ ਨੇ ਸ਼ਿਕਾਇਤ ਕਰ ਕੇ ਚਰਵਾਹੇ ਨੂੰ ਕੋਤਵਾਲ ਕੋਲ ਫੜਵਾ ਦਿੱਤਾ। ਕੋਤਵਾਲ ਦੇ ਪੁੱਛਣ 'ਤੇ ਚਰਵਾਹੇ ਨੇ ਸਾਰੀ ਗੱਲ ਦੱਸ ਦਿੱਤੀ। ਕੋਤਵਾਲ ਉਸ ਨੂੰ ਨਾਲ ਲੈ ਕੇ ਬਾਗ ਵਿੱਚ ਪੁੱਜਾ ਤਾਂ ਪਤਾ ਲੱਗਾ ਕਿ ਇਹ ਤਾਂ ਗੁਰੂ ਤੇਗ ਬਹਾਦੁਰ ਹਨ ਜਿਨ੍ਹਾਂ ਦੀ ਗ੍ਰਿਫਤਾਰੀ ਲਈ ਬਾਦਸ਼ਾਹ ਨੇ ਇਨਾਮ ਰੱਖਿਆ ਹੋਇਆ ਹੈ। ਉਸੇ ਸਮੇਂ ਗੁਰੂ ਜੀ ਅਤੇ ਉਨ੍ਹਾਂ ਨਾਲ ਤਿੰਨ ਸਿੱਖਾਂ ਨੂੰ ਗ੍ਰਿਫਤਾਰ ਕਰਕੇ ਲਾਗੇ ਬਣੇ ਸ਼ਾਹੀ ਤਹਿਖਾਨੇ ਵਿੱਚ ਬੰਦ ਕਰ ਦਿੱਤਾ ਗਿਆ। ਇਸ ਤਰ੍ਹਾਂ ਚਰਵਾਹੇ ਨੂੰ ਐਲਾਨ ਕੀਤਾ ਇਨਾਮ ਮਿਲ ਗਿਆ ਅਤੇ ਉਸ ਦੀ ਦਿਲੀ ਇੱਛਾ ਪੂਰੀ ਹੋ ਗਈ। ਇੱਥੇ ਨੌਂ ਦਿਨ ਰੱਖਣ ਤੋਂ ਬਾਅਦ ਗੁਰੂ ਜੀ ਨੂੰ 12000 ਸਿਪਾਹੀਆਂ ਦੀ ਨਿਗਰਾਨੀ ਹੇਠ ਆਗਰਾ ਤੋਂ ਦਿੱਲੀ ਪਹੁੰਚਾਇਆ ਗਿਆ। ਔਰੰਗਜ਼ੇਬ ਵਲੋਂ ਇੰਨੀ ਜ਼ਿਆਦਾ ਫੌਜ ਭੇਜਣ ਦਾ ਕਾਰਨ ਉਸ ਦਾ ਦਿਲੀ ਡਰ ਸੀ ਕਿ ਗੁਰੂ ਜੀ ਦੀ ਗ੍ਰਿਫਤਾਰੀ ਦਾ ਪਤਾ ਲੱਗਣ 'ਤੇ ਕਿਤੇ ਮਥੁਰਾ, ਭਰਤਪੁਰ, ਡੀਂਗ, ਹਾਥਰਸ, ਕੋਸੀ, ਧੌਲਪੁਰ, ਆਵਾਗੜ੍ਹ ਅਤੇ ਪੀਲੀਭੀਤ ਦੇ ਹਿੰਦੂ ਰਾਜੇ ਬਗਾਵਤ ਨਾ ਕਰ ਦੇਣ ਕਿਉਂਕਿ ਇਨ੍ਹਾਂ ਰਾਜਿਆਂ ਨੂੰ ਗੁਰੂ ਹਰਗੋਬਿੰਦ ਜੀ ਨੇ ਗਵਾਲੀਅਰ ਦੇ ਕਿਲੇ ਦੀ ਜੇਲ੍ਹ 'ਚੋਂ ਮੁਕਤ ਕਰਵਾਇਆ ਸੀ। ਹੁਣ ਇਸ ਗ੍ਰਿਫਤਾਰੀ ਵਾਲੀ ਥਾਂ 'ਤੇ ਵਿਸ਼ਾਲ ਤੇ ਸੁੰਦਰ ਇਮਾਰਤ ਵਾਲਾ ਗੁਰੂਦੁਆਰਾ 'ਗੁਰੂ ਕਾ ਤਾਲ' ਮੌਜੂਦ ਹੈ ਜੋ ਕਿ ਭਾਰਤ ਸਰਕਾਰ ਦੀ ਪੁਰਾਤਨ ਸਮਾਰਕ ਸੂਚੀ ਵਿੱਚ ਸ਼ਾਮਿਲ ਹੈ।



## ਗੀਤ

**ਮਨਜੀਤ ਕੌਰ ਅੰਬਾਲਵੀ**

ਇੱਕ ਛਿੱਟ ਚਾਨਣੀ ਦੀ ਦੇਵੀਂ ਮੈਨੂੰ ਸੂਰਜਾ ਵੇ,
ਕਾਲਖਾਂ ਨੂੰ ਦੂਰ ਮੈਂ ਕਰਾਂ।
ਚੰਨ ਜਿਹੇ ਚਿਹਰੇ ਮੁਰਝਾਏ ਰਹਿਣ ਸਦਾ ਜਿਹੜੇ,
ਰੌਣਕਾਂ ਦੇ ਨਾਲ ਮੈਂ ਭਰਾਂ।

ਨਿੱਕੇ-ਨਿੱਕੇ ਬਾਲ ਜਦੋਂ ਵਿਕਦੇ ਨੇ ਮੰਡੀਆਂ 'ਚ,
ਝੁਕਦਾ ਹੈ ਸੱਭਿਅਤਾ ਦਾ ਸਿਰ ਵੇ,
ਕਦੇ ਨਹੀਂ ਸੀ ਸੋਚਿਆ ਕਿ ਧਰਮਾਂ ਦੇ ਦੇਸ਼ ਵਿੱਚ,
ਬੰਦਾ ਏਨਾ ਸਕਦਾ ਏ ਗਿਰ ਵੇ।
ਭੈਣ ਦਾ ਪਿਆਰ ਦੇਵਾਂ, ਮਾਵਾਂ ਦੀਆਂ ਲੋਰੀਆਂ,
ਦੱਸ ਕਿਹੜਾ ਜਤਨ ਕਰਾਂ?

ਆਪਣਾ ਵਤਨ ਛੱਡ, ਜਾਂਦੀਆਂ ਪਰਾਏ ਦੇਸੀਂ,
ਦਿਲ ਮਾਂ ਦਾ ਰੁਦਨ ਕਰੇ।
ਕੂੰਜਾਂ ਜਦੋਂ ਫਸਦੀਆਂ ਕਾਵਾਂ ਦਿਆਂ ਘੇਰਿਆਂ 'ਚ,
ਚਾਨਣੀ ਹੀ ਮੁਕਤ ਕਰੇ।
ਰੋਣ ਜਦੋਂ ਕੰਜਕਾਂ, ਬਨੇਰੇ ਢਹਿਣ ਅੰਬਰਾਂ ਦੇ,
ਦੱਸ ਵੇ ਮੈਂ ਕੀਕਣ ਜਰਾਂ?

ਤੰਗੀਆਂ ਨੇ ਘੁੱਟੀਆਂ ਨੇ, ਰੀਝਾਂ ਦੀਆਂ ਸੰਘੀਆਂ,
ਕਿੱਥੇ ਨੇ ਟਿਕਾਉਣੇ ਅਸਾਂ ਪੈਰ ਵੇ।
ਹਾਕਮਾਂ ਨੇ ਖਾ ਲਿਆ ਲੁੱਟ ਲੁੱਟ ਦੇਸ਼ ਸਾਰਾ,
ਸ਼ੱਬਾ ਖੈਰ! ਸ਼ੱਬਾ ਖੈਰ!! ਸ਼ੱਬਾ ਖੈਰ!!! ਵੇ
ਦੰਮਾਂ ਦਿਆਂ ਲੋਭੀਆਂ ਦਾ ਖੂਨ ਹੋਇਆ ਗੰਧਲਾ ਵੇ,
ਪੁਣ ਪੁਣ ਸਾਫ ਕਰਾਂ।
ਇੱਕ ਛਿੱਟ ਚਾਨਣੀ.....।

❊ ❊ ❊ ❊ ❊



## ਗੀਤ

**ਜਤਿੰਦਰ ਲਸਾੜਾ**

ਪਿੰਡਾਂ ਦੀ ਇੰਝ ਯਾਦ ਸਮਾਈ ਬੈਠੇ ਹਾਂ,
ਗਮਲੇ ਦੇ ਵਿੱਚ ਕਣਕਾਂ ਲਾਈ ਬੈਠੇ ਹਾਂ।
ਸਾਂਭ ਕੇ ਚੰਦ ਖਿਡੌਣੇ, ਲਾ ਕੇ ਤਸਵੀਰਾਂ,
ਆਪਣਾ ਸੱਭਿਆਚਾਰ ਬਚਾਈ ਬੈਠੇ ਹਾਂ।
ਬਰਫ਼ਾਂ ਵਰਗੇ ਮੌਸਮ ਵਿੱਚ ਤਨਹਾਈ ਏ,
ਯਾਦਾਂ ਦੀ ਇੱਕ ਭੱਠ ਮਘਾਈ ਬੈਠੇ ਹਾਂ।
ਭਰਮ ਜਿਹਾ ਹੈ ਸਭ ਕੁੱਝ ਹੈ ਅਨੁਕੂਲ ਜਿਹਾ,
ਕੰਡਿਆਂ ਵਰਗੀ ਸੇਜ ਸਜਾਈ ਬੈਠੇ ਹਾਂ।
ਵੇਚ ਜ਼ਮੀਰਾਂ, ਇੱਜਤਾਂ ਅਤੇ ਵਫ਼ਾਵਾਂ ਸਭ,
ਲੱਪ ਕੁ ਡਾਲਰ ਜੇਬ੍ਹ 'ਚ ਪਾਈ ਬੈਠੇ ਹਾਂ।
ਕਦੋਂ 'ਲਸਾੜੇ' ਮਿਟਣਾ ਨੇਰ੍ਹ ਨਸੀਬਾਂ ਦਾ,
ਆਸਾਂ ਦਾ ਇੱਕ ਦੀਪ ਜਗਾਈ ਬੈਠੇ ਹਾਂ।

❊ ❊ ❊ ❊ ❊

## ਗਜ਼ਲ

ਮਿਲੂ ਇਨਸਾਫ਼, ਇਹ ਅੱਖੀਆਂ ਉਡੀਕਾਂ ਕਰਦੀਆਂ ਰਹੀਆਂ,
ਤਰੀਕਾਂ ਪੈਂਦੀਆਂ ਰਹੀਆਂ, ਤੇ ਪੁਸ਼ਤਾਂ ਮਰਦੀਆਂ ਰਹੀਆਂ।

ਸਿਆਸਤ ਦੀ ਮਕਾਰੀ 'ਤੇ ਅਦਾਕਾਰੀ ਦੇ ਕਿਆ ਕਹਿਣੇ,
ਕਿ ਲਾਸ਼ਾਂ ਰੁਲਦੀਆਂ ਰਹੀਆਂ, 'ਤੇ ਜੇਬਾਂ ਭਰਦੀਆਂ ਰਹੀਆਂ।

ਜੋ ਦੋਸ਼ੀ ਸੀ ਮਨੁੱਖਤਾ ਦਾ, ਉਪਾਧੀ ਪਾ ਗਿਆ ਵੱਡੀ,
ਪਵਿੱਤਰ ਪਾਕਿ ਪਰ ਰੂਹਾਂ, ਲਵਾਰਿਸ ਮਰਦੀਆਂ ਰਹੀਆਂ।

ਜਦੋਂ ਸੱਚ ਚਾੜ੍ਹਿਆ ਸੂਲੀ, ਉਦੋਂ ਖ਼ਲਕਤ ਵੀ ਮੋਈ ਸੀ,
ਨਿਗਾਹਾਂ ਮੀਟੀਆਂ ਰਹੀਆਂ, ਜ਼ਮੀਰਾਂ ਡਰਦੀਆਂ ਰਹੀਆਂ।

ਵਿਰਾਸਤ ਦੀ ਇਮਾਰਤ ਨੂੰ, ਹੈ ਲੱਗੀ ਸਿਉਂਕ ਆਦਮ ਦੀ,
ਦੀਵਾਰਾਂ ਡਿਗਦੀਆਂ ਰਹੀਆਂ 'ਤੇ ਨੀਹਾਂ ਖ਼ਰਦੀਆਂ ਰਹੀਆਂ।

ਨਕਾਰੇ ਹੋ ਗਏ ਰਿਸ਼ਤੇ, ਤਅੱਲਕ ਹੋ ਗਏ ਮਨਫ਼ੀ,
ਕਿ ਗੰਢਾਂ ਉਲਝੀਆਂ ਏਦਾਂ, ਇਹ ਤੰਦਾਂ ਹਰਦੀਆਂ ਰਹੀਆਂ।

ਸਫ਼ਰ ਕੁੱਖ ਤੋਂ ਸਿਵੇ ਤੱਕ ਦਾ, ਸਮੁੰਦਰ ਹੈ ਇੱਛਾਵਾਂ ਦਾ,
ਉਮੀਦਾਂ ਡੁਬਦੀਆਂ ਰਹੀਆਂ, ਉਮੀਦਾਂ ਤਰਦੀਆਂ ਰਹੀਆਂ।



ਸਾਡੇ ਚਾਨਣ ਮੁਨਾਰੇ

## ਮਾਣਮੱਤੀਆਂ ਸੈਣੀ ਸਖਸ਼ੀਅਤਾਂ

ਬਲਬੀਰ ਸਿੰਘ
ਰੂਪਨਗਰ

### ਵਾਈਸ ਐਡਮੀਰਲ ਰਵਨੀਤ ਸਿੰਘ ਸੈਣੀ



ਜਲੰਧਰ ਸ਼ਹਿਰ ਦੇ ਐਡਵੋਕੇਟ ਸਰਦਾਰ ਅਵਤਾਰ ਮਨਮੋਹਨ ਸਿੰਘ ਸੈਣੀ ਦੇ ਸਪੁੱਤਰ ਸ. ਰਵਨੀਤ ਸਿੰਘ ਸੈਣੀ, ਭਾਰਤੀ ਸਮੁੰਦਰੀ ਫੌਜ ਵਿੱਚ ਡਿਪਟੀ ਚੀਫ ਆਫ ਨਵਲ ਸਟਾਫ ਹਨ। ਅਤੀ ਵਸ਼ਿਸ਼ਟ ਸੇਵਾ ਮੈਡਲ ਅਤੇ ਨੌਸੇਨਾ ਮੈਡਲ ਨਾਲ ਸਨਮਾਨਿਤ ਉਹ ਨੇਵੀ ਦੇ ਉੱਚ-ਅਧਿਕਾਰੀਆਂ ਵਿੱਚੋਂ ਹਨ।

ਉੱਚ ਸਿੱਖਿਆ ਹਾਸਲ ਕਰਨ ਉਪਰੰਤ ਆਪ 1 ਜੁਲਾਈ, 1983 ਨੂੰ ਭਾਰਤੀ ਜਲ ਸੈਨਾ ਵਿੱਚ ਕਮਿਸ਼ਨਡ ਅਫਸਰ ਭਰਤੀ ਹੋਏ ਸਨ। ਆਪ ਮਾਸਟਰ ਗਰੀਨ ਇੰਸਟਰੂਮੈਂਟ ਰੇਟਿੰਗ ਵਾਲੇ ਯੋਗਤਾ ਪ੍ਰਾਪਤ ਫਲਾਈਂਗ ਫਲੈਗ ਔਫੀਸਰ ਹਨ। ਆਪ ਨੇਵੀ ਦੇ HT_2, kiran HJT 16, TS 11 Iskra, Hunter, Harrier Gr 3, Jet Provost, Chetak, Gazelle, Hawk, Mig 29 KUB ਹਵਾਈ ਜਹਾਜ਼ ਸਫਲਤਾਪੂਰਬਕ ਉੜਾ ਚੁੱਕੇ ਹਨ।

ਆਪ ਨੇਵੀ ਦੇ ਬਹੁਤ ਜ਼ਿੰਮੇਵਾਰ ਅਤੇ ਵੰਗਾਰ ਵਾਲੇ ਸਟਾਫ, ਕਮਾਂਡ ਅਤੇ ਡਿਪਲੋਮੈਟਿਕ ਅਹੁਦਿਆਂ 'ਤੇ ਰਹਿ ਚੁੱਕੇ ਹਨ। ਇਸ ਦੇ ਨਾਲ ਹੀ ਵਿਭਿੰਨ ਪ੍ਰਕਾਰ ਦਾ ਅਨਬੋਰਡ ਤਜ਼ੁਰਬਾ ਰਖਦੇ ਹਨ। ਆਪ ਨੇ ਨੇਵੀ ਦੇ ਸਮੁੰਦਰੀ ਜਹਾਜ਼ਾਂ-ਆਈ ਐਨ ਐਸ ਹਿਮਗਿਰੀ, ਆਈ ਐਨ ਐਸ ਰਣਵਿਜੈ, ਆਈ ਐਨ ਐਸ ਰਨਵੀਰ, ਆਈ ਐਨ ਏ ਐਸ 551ਬੀ, ਆਈ ਐਨ ਏ ਐਸ 300 ਤੋਂ ਇਲਾਵਾ ਮਹੱਤਵਪੂਰਨ ਏਅਰ ਬੇਸ ਆਈ ਐਨ ਐਸ ਹੰਸ ਦੀ ਕਮਾਨ ਵੀ ਕੀਤੀ ਹੈ। ਆਪ 2005 ਤੋਂ 2008 ਤੱਕ ਕੀਨੀਆਂ, ਤਨਜ਼ਾਨੀਆਂ ਅਤੇ ਸੇਸਲਜ਼ ਦੇਸ਼ਾਂ ਵਿੱਚ ਇੰਡੀਅਨ ਡਿਫੈਂਸ ਐਡਵਾਈਜ਼ਰ ਰਹਿ ਚੁੱਕੇ ਹਨ।

ਫਲੈਗ ਆਫੀਸਰ ਬਣਨ ਉਪਰੰਤ ਆਪ ਨੇ ਅਸਿਸਟੈਂਟ ਕੰਟਰੋਲਰ ਕੈਰੀਅਰ ਪ੍ਰਾਜੈਕਟ, ਅਸਿਸਟੈਂਟ ਕੰਟਰੋਲਰ ਵਾਰਸ਼ਿਪ ਪਰੋਡਕਸ਼ਨ ਐਡ ਐਕੁਆਜ਼ੀਸ਼ਨ ਅਤੇ ਗੋਆ ਵਿਖੇ ਨਵਲ ਐਵੀਏਸ਼ਨ ਅਤੇ ਮੁੰਬਈ ਵਿੱਚ ਵੈਸਟਰਨ ਕਮਾਂਡ ਦੇ ਫਲੈਗ ਆਫੀਸਰ ਵਜੋਂ ਪੂਰੀ ਇਮਾਨਦਾਰੀ ਤੇ ਮਿਹਨਤ ਨਾਲ ਸੇਵਾ ਨਿਭਾਈ। ਵਾਈਸ ਐਡਮੀਰਲ ਦੇ ਰੈਂਕ ਵਿੱਚ ਆਪ ਮੁੰਬਈ ਵਿੱਚ ਵੈਸਟਰਨ ਕਮਾਂਡ ਦੇ ਹੈਡਕੁਆਰਟਰ ਵਿੱਚ ਚੀਫ ਆਫ ਸਟਾਫ ਅਤੇ ਪ੍ਰਾਜੈਕਟ ਸੀ ਬਰਡ ਦੇ ਡਾਇਰੈਕਟਰ ਜਨਰਲ ਅਤੇ ਚੀਫ ਆਫ ਪਰਸੋਨਲ ਜਿਹੇ ਉੱਚ ਅਹੁਦਿਆਂ 'ਤੇ ਰਹਿ ਚੁੱਕੇ ਹਨ।

ਆਪ ਨੇ ਆਪਣੀ ਯੋਗਤਾ ਤੇ ਸਮਰਥ ਨੂੰ ਵਧਾਉਣ ਲਈ ਭਾਰਤ ਅਤੇ ਵਿਦੇਸ਼ਾਂ ਵਿੱਚ ਕਈ ਸਿਖਲਾਈ ਕੋਰਸ ਕੀਤੇ ਹਨ। ਇਨ੍ਹਾਂ ਵਿੱਚ ਤੈਮਬਾਰਮ ਵਿਖੇ ਫਲਾਈਂਗ ਇੰਸਟਰਕਟਰ ਦਾ ਕੋਰਸ, ਵਲਿੰਗਟਨ ਵਿਖੇ ਸਟਾਫ ਕੋਰਸ, ਇੰਗਲੈਂਡ ਵਿੱਚ ਰਾਇਲ ਏਅਰ ਫੋਰਸ ਬੇਸ 'ਤੇ ਹੈਰੀਅਰ ਕਨਵਰਜ਼ਨ ਕੋਰਸ ਅਤੇ ਆਈ ਆਈ ਐਮ ਅਹਿਮਦਾਬਾਦ ਤੋਂ ਪ੍ਰਾਜੈਕਟ ਮੈਨੇਜਮੈਂਟ ਦਾ ਕੋਰਸ ਸ਼ਾਮਿਲ ਹਨ।

ਆਪ ਆਪਣੀਆਂ ਸ਼ਲਾਘਾਯੋਗ ਸੇਵਾਵਾਂ ਕਰ ਕੇ ਸੰਨ 2000 ਵਿੱਚ ਚੀਫ ਆਫ ਨਵਲ ਸਟਾਫ ਦੇ ਕਮੈਂਡੇਸ਼ਨ ਮੈਡਲ, 2004 ਵਿੱਚ ਨੌਸੇਨਾ ਮੈਡਲ ਅਤੇ 2017 ਵਿੱਚ ਅਤੀ ਵਸ਼ਿਸ਼ਟ ਸੇਵਾ ਮੈਡਲ ਨਾਲ ਸਨਮਾਨਿਤ ਕੀਤੇ ਗਏ ਹਨ।

ਸੈਣੀ ਬਰਾਦਰੀ ਨੂੰ ਆਪਣੇ ਇਸ ਪ੍ਰਤਿਭਾਸ਼ਾਲੀ ਜਲ-ਸੇਨਾ ਅਧਿਕਾਰੀ 'ਤੇ ਬਹੁਤ ਮਾਣ ਹੈ।

### ਐਡੀਸ਼ਨਲ ਡਾਇਰੈਕਟਰ (ਰੈਵੇਨਿਯੂ) ਸ਼੍ਰੀ ਨਿਤਿਨ ਸੈਣੀ



ਆਈ.ਆਰ.ਐਸ ਅਧਿਕਾਰੀ ਸ਼੍ਰੀ ਨਿਤਿਨ ਸੈਣੀ ਭਾਰਤ ਸਰਕਾਰ ਦੇ ਮਹੱਤਵਪੂਰਨ ਵਿਭਾਗ, ਡਾਇਰੈਕਟੋਰੇਟ ਆਫ ਰੈਵੇਨਿਯੂ ਇੰਟੈਲੀਜੈਂਸ (ਡੀ.ਆਰ.ਆਈ) ਵਿੱਚ ਲੁਧਿਆਣਾ ਵਿਖੇ ਐਡੀਸ਼ਨਲ ਡਾਇਰੈਕਟਰ ਹਨ। ਆਪ ਅਧੀਨ ਜੰਮੂ ਤੇ ਕਸ਼ਮੀਰ, ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਆਉਂਦੇ ਹਨ। ਇੰਨੀ ਉੱਚੀ ਤੇ ਜ਼ਿੰਮੇਵਾਰੀ ਸੰਭਾਲਣ ਵਾਲਾ ਨਿਤਿਨ ਸੈਣੀ ਆਪਣੇ ਵਿਭਾਗ ਦਾ ਸਭ ਤੋਂ ਛੋਟੀ ਉਮਰ ਦਾ ਅਧਿਕਾਰੀ ਹੈ। ਡੀ. ਆਰ.ਆਈ ਵਿਭਾਗ, ਕਸਟਮਜ਼ ਦੀ ਚੋਰੀ ਦੇ ਮਾਮਲਿਆਂ ਦੀ ਪੜਤਾਲ ਕਰਨ ਅਤੇ ਸੂਚਨਾ ਗ੍ਰਹਿਣ ਕਰਨ ਦੀ ਬਹੁਤ ਹੀ ਮਹੱਤਵਪੂਰਨ ਏਜੰਸੀ ਹੈ। ਇਹ ਏਜੰਸੀ ਮੁੱਖ ਤੌਰ 'ਤੇ ਦੇਸ਼ ਦੀ ਸਰਹੱਦ ਰਾਹੀਂ ਪ੍ਰਤਿਬੰਧਤ ਚੀਜ਼ਾਂ ਅਤੇ ਨਸ਼ਿਆਂ ਦੀ ਸਮਗਲਿੰਗ ਦੇ ਮਾਮਲਿਆਂ ਦਾ ਪਤਾ ਲਗਾਉਂਦੀ ਹੈ। ਸੰਨ 2000 ਬੈਚ ਦਾ ਇਹ ਅਧਿਕਾਰੀ ਇਸ ਤੋਂ ਪਹਿਲਾਂ ਲੁਧਿਆਣਾ ਵਿਖੇ ਹੀ ਕਸਟਮ ਵਿਭਾਗ ਦਾ ਐਡੀਸ਼ਨਲ ਡਾਇਰੈਕਟਰ ਰਿਹਾ ਹੈ ਜਦੋਂ ਇਸ ਨੇ ਟੈਕਸ ਚੋਰੀ ਦੇ ਅਤਿ ਕਠਿਨ ਕੇਸ ਫੜ ਕੇ ਵਾਹ ਵਾਹ ਖੱਟੀ ਸੀ। ਆਪ ਸੈਂਟਰਲ ਐਕਸਾਈਜ਼ ਦੇ ਕਮਿਸ਼ਨਰ ਅਪੀਲਜ਼ ਅਤੇ ਟੈਕਸ ਕਮਿਸ਼ਨਰ ਵੀ ਰਹਿ ਚੁੱਕੇ ਹਨ। ਆਪ ਦੀਆਂ ਸ਼ਲਾਘਾਯੋਗ ਸੇਵਾਵਾਂ ਸਦਕਾ ਆਪ ਨੂੰ 2017 ਦੇ ਗਣਤੰਤਰ ਦਿਵਸ ਸਮੇਂ ਰਾਸ਼ਟਰਪਤੀ ਨੇ ਪ੍ਰਸ਼ੰਸਾ ਪੱਤਰ ਨਾਲ ਸਨਮਾਨਿਤ ਕੀਤਾ ਸੀ। ਸੈਣੀ ਬਰਾਦਰੀ ਨੂੰ ਅਜਿਹੇ ਇਮਾਨਦਾਰ ਤੇ ਹਿੰਮਤੀ ਅਧਿਕਾਰੀ 'ਤੇ ਬਹੁਤ ਮਾਣ ਹੈ।

## ਵਿਸ਼ਵ ਪੱਧਰੀ ਕਾਰੋਬਾਰੀ ਜੈਸੀ ਸਿੰਘ ਸੈਣੀ :



ਅਮਰੀਕਾ ਵਿੱਚ ਕੈਲੇਫੋਰਨੀਆਂ ਸੂਬੇ ਦੇ ਕਸਬਾ ਲੌਸ ਗਾਟੋਸ ਦਾ ਵਸਨੀਕ ਸ. ਜਸਵਿੰਦਰ ਸਿੰਘ ਸੈਣੀ ਦੁਨੀਆਂ ਦੇ ਅਮੀਰ ਕਾਰੋਬਾਰੀਆਂ ਵਿੱਚ ਸ਼ਾਮਿਲ ਸਨ। ਉਸ ਦੀਆਂ ਕੰਪਿਊਟਰ ਕਾਰੋਬਾਰ ਦੀਆਂ ਤਿੰਨ ਕੰਪਨੀਆਂ- ਬੀ ਜੇ ਐਸ ਇਲੈਕਟਰੋਨਿਕਸ, ਏ ਬੀ ਐਲ ਕੰਪੋਨੈਂਟਸ ਅਤੇ ਨਾਨੋਬਾਈਟ ਸਾਫਟਵੇਅਰ ਤੋਂ ਉਸ ਨੂੰ ਸਾਲਾਨਾ 250 ਮਿਲੀਅਨ ਡਾਲਰ ਦੀ ਕਮਾਈ ਹੁੰਦੀ ਸੀ। ਇਨ੍ਹਾਂ ਕੰਪਨੀਆਂ ਦੇ ਨਿਊਯਾਰਕ, ਆਰੀਜ਼ੋਨਾ ਅਤੇ ਮੈਕਸੀਕੋ ਸ਼ਹਿਰ ਵਿੱਚ ਦਫਤਰ ਸਨ।

ਸ. ਜਸਵਿੰਦਰ ਸਿੰਘ ਗੁਰਦਾਸਪੁਰ ਜ਼ਿਲ੍ਹੇ ਵਿੱਚ ਦੀਨਾਨਗਰ ਸ਼ਹਿਰ ਨਜ਼ਦੀਕ ਪਿੰਡ ਮਾਜਰਾ ਦਾ ਜਮਪਲ ਸੀ। ਉਸ ਦਾ ਜਨਮ 24 ਅਗਸਤ,1958 ਨੂੰ ਮੱਧਵਰਗੀ ਸੈਣੀ ਪਰਿਵਾਰ ਵਿੱਚ ਹੋਇਆ।ਉਸ ਨੇ ਸਕੂਲੀ ਪੜ੍ਹਾਈ ਗੁਰਦਾਸਪੁਰ ਤੋਂ, ਕਾਲਜ ਦੀ ਪੜ੍ਹਾਈ ਡੀ.ਏ.ਵੀ ਕਾਲਜ ਜਲੰਧਰ ਤੋਂ ਅਤੇ ਬੀ.ਟੈਕ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਕੀਤੀ। ਉਹ ਅਮਰੀਕਾ ਤੋਂ ਆਈ ਲੜਕੀ ਸੁਰਿੰਦਰ ਕੌਰ ਨਾਲ ਵਿਆਹ ਕਰਵਾ ਕੇ 1986 ਵਿੱਚ ਅਮਰੀਕਾ ਚਲੇ ਗਿਆ। ਉਸ ਦੀ ਜੇਬ੍ਹ ਖਾਲੀ ਸੀ ਜਿਸ ਕਾਰਨ ਉਹ ਗੁਜ਼ਾਰੇ ਲਈ ਆਪਣੇ ਸਹੁਰਾ ਪਰਿਵਾਰ 'ਤੇ ਨਿਰਭਰ ਹੋ ਗਿਆ। ਉਹ ਕੰਮ ਦੀ ਤਲਾਸ਼ ਵਿੱਚ ਸਨਹੌਜ਼ੇ ਦੇ ਰੁਜ਼ਗਾਰ ਦਫਤਰ ਦੇ ਚੱਕਰ ਲਗਾਉਣ ਲੱਗਾ। ਛੇ ਕੁ ਮਹੀਨੇ ਬਾਅਦ ਇਸ ਦਫਤਰ ਦੇ ਅਧਿਕਾਰੀ ਨੇ ਤਰਸ ਕਰ ਕੇ ਉਸ ਨੂੰ ਘੱਟ ਆਮਦਨ ਕੈਟਾਗਰੀ ਅਧੀਨ ਤਿੰਨ ਮਹੀਨੇ ਦਾ ਕੰਪਿਊਟਰ ਕੋਰਸ ਕਰਵਾਉਂਣ ਦੀ ਪੇਸ਼ਕਸ਼ ਕੀਤੀ। ਇਸ ਦੌਰਾਨ ਉਸ ਨੂੰ ਇੱਕ ਗੈਸ ਸਟੇਸ਼ਨ 'ਤੇ 600 ਡਾਲਰ ਮਾਸਕ ਤਨਖਾਹ ਦੀ ਨੌਕਰੀ ਮਿਲ ਗਈ। ਉਸ ਨੇ ਯੂਬਾ ਸਿਟੀ ਵਿੱਚ ਖੇਤੀਬਾੜੀ ਕਰਨ ਦਾ ਵਿਚਾਰ ਬਣਾਇਆ ਅਤੇ ਆਮਦਨ ਵਧਾਉਣ ਲਈ ਪੀਜ਼ਾ ਵੀ ਵੇਚਿਆ। ਉਸ ਨੇ ਦਿਨ ਵਿੱਚ 16-16 ਘੰਟੇ ਕੰਮ ਕੀਤਾ। ਉਸ ਦੀ ਪਤਨੀ ਸੁਰਿੰਦਰ ਕੌਰ ਇੱਕ ਇਲੈਕਟ੍ਰਾਨਿਕ ਕੰਪਨੀ ਵਿੱਚ ਕੰਮ ਕਰਦੀ ਸੀ। ਇਸ ਦੇ ਬਾਵਜੂਦ ਉਨ੍ਹਾਂ ਦਾ ਮੁਸ਼ਕਲ ਨਾਲ ਗੁਜ਼ਾਰਾ ਚੱਲਦਾ ਸੀ।ਉਹ ਇੱਕ ਛੋਟੇ ਜਿਹੇ ਮਕਾਨ ਦਾ ਕਿਰਾਇਆ ਦੇਣ ਤੋਂ ਵੀ ਔਖੇ ਸਨ। ਇਸ ਲਈ ਜਸਵਿੰਦਰ ਸਿੰਘ ਨੇ ਆਪਣਾ ਕੋਈ ਕਾਰੋਬਾਰ ਕਰਨ ਦਾ ਫੈਸਲਾ ਕੀਤਾ ਜਿਸ ਲਈ ਉਸ ਨੇ ਇੱਕ ਪ੍ਰਾਈਵੇਟ ਇਜੰਨੀਅਰਿੰਗ ਕਾਲਜ ਵਿੱਚ ਕੰਪਿਊਟਰ ਸਿਖਲਾਈ ਲਈ ਦਾਖਲਾ ਲੈ ਲਿਆ। ਚੰਗੀ ਕਿਸਮਤ ਨੂੰ ਉੱਥੇ ਉਸ ਦਾ ਮੇਲ ਇੱਕ ਸਿੱਖ ਵਿਅਕਤੀ, ਸ. ਨਿਰਮਲ ਸਿੰਘ ਨਾਲ ਹੋ ਗਿਆ ਜੋ ਗਣਿਤ ਵਿਭਾਗ ਦਾ ਮੁਖੀ ਸੀ। ਇਸ ਸਰਦਾਰ ਨੇ ਜਸਵਿੰਦਰ ਸਿੰਘ ਨੂੰ ਹੌਸਲਾ ਦਿੰਦਿਆਂ ਰੋਣ-ਪਿੱਟਣ ਦੀ ਵਜਾਏ ਮਿਹਨਤ ਕਰਨ ਲਈ ਕਿਹਾ। ਉਸ ਦੀ ਡਾਕਟਰ ਪਤਨੀ ਦੀ ਸਿਫਾਰਿਸ਼ ਨਾਲ ਜਸਵਿੰਦਰ ਸਿੰਘ ਨੂੰ ਹਸਪਤਾਲ ਵਿੱਚ 2500 ਡਾਲਰ ਮਾਸਕ ਤਨਖਾਹ ਵਾਲੀ ਨੌਕਰੀ ਮਿਲ ਗਈ। ਇਸ ਦੌਰਾਨ ਉਸ ਦਾ ਸੰਪਰਕ ਦਿੱਲੀ ਵਿਖੇ ਇੱਕ ਵਿਅਕਤੀ ਨਾਲ ਹੋ ਗਿਆ ਜਿਹੜਾ ਅਮਰੀਕਾ ਤੋਂ ਇਲੈਕਟ੍ਰਾਨਿਕ ਪੁਰਜੇ ਮੰਗਵਾਉਣ ਦਾ ਕਾਰੋਬਾਰ ਕਰਦਾ ਸੀ। ਉਸ ਨੇ ਅਮਰੀਕਾ ਤੋਂ ਪੁਰਜੇ ਭੇਜਣ ਲਈ ਜਸਵਿੰਦਰ ਸਿੰਘ ਨੂੰ 10% ਕਮਿਸ਼ਨ ਦੇਣ ਦੀ ਪੇਸ਼ਕਸ਼ ਕੀਤੀ। ਉਸ ਨੇ ਪਹਿਲੀ ਵੇਰ 100 ਡਾਲਰ ਦਾ ਆਰਡਰ ਕੀਤਾ ਜਿਸ ਤੋਂ ਉਸ ਨੂੰ 9 ਡਾਲਰ ਕਮਿਸ਼ਨ ਮਿਲਿਆ। ਬੱਸ ਇਹ ਕਮਾਈ ਹੀ ਉਸ ਲਈ ਵਰਦਾਨ ਸਿੱਧ ਹੋਈ।

ਉਸ ਨੇ ਕੰਪਿਊਟਰ ਦੇ ਪੁਰਜੇ ਬਣਾਉਣੇ ਸ਼ੁਰੂ ਕਰ ਦਿੱਤੇ। ਇਸ ਸਮੇਂ ਇਨ੍ਹਾਂ ਵਿੱਚ ਕੰਪਿਊਟਰਾਂ ਦੇ ਸੈਂਟਰਲ ਪ੍ਰਾਸੈਸਿੰਗ ਯੂਨਿਟ ਅਤੇ ਮੈਮੋਰੀ ਯੂਨਿਟ ਅਸੈਂਬਲ ਹੁੰਦੇ ਹਨ ਜੋ ਯੂਰਪ ਦੇ ਦੇਸ਼ਾਂ, ਕੈਨੇਡਾ ਅਤੇ ਅਮਰੀਕਾ ਤੋਂ ਇਲਾਵਾ ਦੁਨੀਆਂ ਦੇ ਦੇ ਭਿੰਨ ਭਿੰਨ ਦੇਸ਼ਾਂ ਵਿੱਚ ਭੇਜੇ ਜਾਂਦੇ ਹਨ। ਫਿਰ ਜਸਵਿੰਦਰ ਸਿੰਘ ਇੱਕ ਬਹੁਤ ਵੱਡੀ ਵਿਸ਼ਵਪੱਧਰੀ ਸੌਫਟਵੇਅਰ ਕੰਪਨੀ ਸੈਪ ਦਾ ਹਿੱਸੇਦਾਰ ਵੀ ਬਣ ਗਿਆ। ਇਸ ਕਾਰੋਬਾਰੀ ਨੇ 1990-91 ਵਿੱਚ ਸਮਾਜਿਕ ਤੇ ਰਾਜਨੀਤਿਕ ਕਾਰਜਾਂ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਇਸ ਸਮੇਂ ਅਮਰੀਕਾ ਵਿੱਚ ਸਿੱਖਾਂ ਨੂੰ ਉਨ੍ਹਾਂ ਦੀਆਂ ਪੱਗਾਂ ਅਤੇ ਦਾਹੜੀਆਂ ਕਾਰਨ ਮੁਸਲਮਾਨ ਸਮਝ ਕੇ ਉਨ੍ਹਾਂ 'ਤੇ ਹਮਲੇ ਹੋਣ ਲੱਗੇ ਸਨ। ਇਸ ਲਈ ਸ. ਜਸਵਿੰਦਰ ਸਿੰਘ ਨੇ ਇੱਕ ਸੰਸਥਾ 'ਇੰਡੋ-ਫਿਲਪਾਈਨ-ਅਮੈਰੀਕਨ ਸੈਂਟਰ' ਬਣਾਈ ਜਿਸ ਵਿੱਚ ਇਨ੍ਹਾਂ ਤਿੰਨੋਂ ਕੌਮਾਂ ਦੇ ਸਮਝਦਾਰ ਵਿਅਕਤੀ ਸ਼ਾਮਲ ਕੀਤੇ ਗਏ। ਇਹ ਗਰੁੱਪ ਇੱਕ ਸ਼ਕਤੀਸ਼ਾਲੀ ਸੰਗਠਨ ਬਣ ਗਿਆ ਜਿਸ ਨੇ ਸਥਾਨਿਕ ਚੋਣਾਂ ਵਿੱਚ ਭਾਗ ਲੈ ਕੇ ਆਪਣੇ 13 ਉਮੀਦਵਾਰ ਜਿਤਾ ਲਏ। ਇਸ ਨਾਲ ਜਸਵਿੰਦਰ ਸਿੰਘ ਪੰਜਾਬੀਆਂ ਅਤੇ ਡੈਮੋਕਰੈਟਿਕ ਪਾਰਟੀ ਵਿੱਚ ਪ੍ਰਭਾਵਸ਼ਾਲੀ ਵਿਅਕਤੀ ਬਣ ਗਿਆ। ਇਸ ਕਾਰਨ ਜਸਵਿੰਦਰ ਸਿੰਘ ਪਹਿਲਾ ਗੈਰਅਮਰੀਕਨ ਵਿਅਕਤੀ ਸੀ ਜਿਸ ਦੇ ਘਰ ਸੰਨ 2000 ਵਿੱਚ ਅਮਰੀਕਾ ਦਾ ਰਾਸ਼ਟਰਪਤੀ ਬਿੱਲ ਕਲਿੰਟਨ ਅਤੇ ਉੱਪਰਾਸ਼ਟਰਪਤੀ ਅਲ ਗੋਰੇ ਵਿਸਾਖੀ ਸਮੇਂ ਆਏ ਅਤੇ ਸਿੱਖਾਂ ਦੀ ਪੂਰੀ ਸੁਰੱਖਿਆ ਦਾ ਭਰੋਸਾ ਦਿੱਤਾ। ਰਾਸ਼ਟਰਪਤੀ ਬਿੱਲ ਕਲਿੰਟਨ ਜਸਵਿੰਦਰ ਸਿੰਘ ਦੇ ਕਾਰੋਬਾਰ ਤੋਂ ਇੰਨਾਂ ਪ੍ਰਭਾਵਿਤ ਹੋਇਆ ਕਿ ਵੀਅਤਨਾਮ ਦੇ ਆਪਣੇ ਵਪਾਰਕ ਦੌਰੇ ਸਮੇਂ ਅਮਰੀਕਾ ਦੇ ਹੋਰ ਕਾਰੋਬਾਰੀਆਂ ਦੇ ਨਾਲ ਜਸਵਿੰਦਰ ਸਿੰਘ ਨੂੰ ਵੀ ਨਾਲ ਲੈ ਕੇ ਗਿਆ। ਉਹ ਪਹਿਲਾ ਭਾਰਤੀ ਹੈ ਜਿਸ ਨੂੰ 1998 ਵਿੱਚ ਸਾਂਤਾ ਕਲਾਰਾ ਕਾਊਂਟੀ ਨੇ ਮਾਣਮੱਤੇ ਸਿਵਲ ਐਵਾਰਡ 'ਐਡਨਾ ਮਾਗੀ ਐਵਾਰਡ' ਨਾਲ ਸਨਮਾਨਿਤ ਕੀਤਾ। ਉਹ 1996 ਵਿੱਚ ਫਿਲਪਾਈਨ ਦੇਸ਼ ਵਿੱਚ ਸਰਕਾਰੀ ਮਹਿਮਾਨ ਬਣ ਕੇ ਗਿਆ ਅਤੇ ਉੱਥੇ ਦੇ ਪੋਪ

ਨੇ ਉਸ ਨੂੰ ਫਿਲਪਾਈਨ ਵਿੱਚ ਫਸੇ ਵੀਅਤਨਾਮੀ ਰਿਫਿਊਜੀਆਂ ਦੀ ਆਰਥਿਕ ਸਹਾਇਤਾ ਹਿਤ ਫੰਡ ਇਕੱਠੇ ਕਰਨ ਲਈ ਸਨਮਾਨਿਤ ਕੀਤਾ। ਸੰਨ 1998 ਵਿੱਚ ਜਸਵਿੰਦਰ ਸਿੰਘ ਨੂੰ ਪੰਜਾਬ ਸਰਕਾਰ ਨੇ 'ਪੰਜਾਬ ਰਤਨ ਐਵਾਰਡ' ਪ੍ਰਦਾਨ ਕੀਤਾ।

ਸ. ਜਸਵਿੰਦਰ ਸਿੰਘ ਸੈਣੀ ਦਾ ਪਰਿਵਾਰ ਜਿਸ ਵਿੱਚ ਪਤਨੀ ਦੇ ਨਾਲ ਦੋ ਬੇਟੇ- ਸਨੀ ਸਿੰਘ ਤੇ ਗੈਰੀ ਸਿੰਘ ਅਤੇ ਬੇਟੀ ਸ਼ੈਲੀ ਕੌਰ ਹਨ ਇਸ ਸਮੇਂ ਲਾਸ ਗਾਟੋਸ ਵਿਖੇ 18000 ਵਰਗ ਗਜ਼ ਵਿੱਚ ਬਣੇ ਘਰ ਵਿੱਚ ਰਹਿੰਦੇ ਹਨ ਜਿਸ ਵਿੱਚ ਸ਼ੂਟਿੰਗ ਰੇਂਜ, ਬਾਸਕਟਬਾਲ ਦਾ ਇੰਡੋਰਮੈਦਾਨ, ਸਵਿਮਿੰਗ ਪੂਲ ਅਤੇ ਫਿਲਮ ਥੀਏਟਰ ਬਣੇ ਹੋਏ ਹਨ। ਉਹ ਹਰ ਸਾਲ ਆਪਣੇ ਪਿੰਡ ਆਉਂਦੇ ਸਨ ਅਤੇ ਉੱਥੇ ਕਈ ਵਿਕਾਸ ਕਾਰਜ ਕਰਨ ਦੀਆਂ ਯੋਜਨਾਵਾਂ ਉਲੀਕੀਆਂ ਹੋਈਆਂ ਸਨ। ਜਦੋਂ ਉਹ ਇੰਡੋਨੇਸ਼ੀਆ ਦੇਸ਼ ਵਿੱਚ ਆਪਣੇ ਕਾਰੋਬਰੀ ਕੰਮਾਂ ਲਈ ਗਏ ਹੋਏ ਸਨ ਤਾਂ ਅਚਾਨਕ 9 ਦਸੰਬਰ, 2014 ਨੂੰ 56 ਸਾਲ ਦੀ ਉਮਰ ਵਿੱਚ ਜਕਾਰਤਾ ਸ਼ਹਿਰ ਵਿਖੇ ਅਕਾਲ ਚਲਾਣਾ ਕਰ ਗਏ। ਅਜੇ ਇਸ ਹਿੰਮਤੀ ਤੇ ਪ੍ਰਤਿਭਾਸ਼ਾਲੀ ਕਾਰੋਬਾਰੀ ਤੋਂ ਮਨੁੱਖਤਾ ਨੂੰ ਬਹੁਤ ਉਮੀਦਾਂ ਸਨ। ਦੇਸ਼-ਵਿਦੇਸ਼ ਵਿੱਚ ਵਸਦੇ ਸੈਣੀ ਬਰਾਦਰੀ ਦੇ ਲੋਕ ਜੈਸੀ ਸਿੰਘ ਸੈਣੀ 'ਤੇ ਮਾਣ ਕਰਦੇ ਹਨ।

## ਡਾ. ਅਰਜੁਨ ਸਿੰਘ (ਡਾਇਰੈਕਟਰ ਜਨਰਲ ਹਾਰਟੀਕਲਚਰ) :



ਡਾ.ਅਰਜੁਨ ਸਿੰਘ ਸੈਣੀ ਹਰਿਆਣਾ ਸੂਬੇ ਦੇ ਮਹਿਕਮਾ ਹਾਰਟੀਕਲਚਰ ਦੇ ਡਾਇਰੈਕਟਰ ਜਨਰਲ ਹਨ। ਹਰਿਆਣਾ ਦੇ ਮੁੱਖ ਮੰਤਰੀ ਨੇ ਆਪ ਨੂੰ ਸ਼ਲਾਘਾਯੋਗ ਸੇਵਾਵਾਂ ਬਦਲੇ 'ਅਟਲ ਬਿਹਾਰੀ ਵਾਜਪਾਈ ਗੁੱਡ ਗਵਰਨੈਂਸ-2020' ਨਾਲ ਸਨਮਾਨਿਤ ਕੀਤਾ ਹੈ। ਡਾ. ਸੈਣੀ ਅੰਤਰਰਾਸ਼ਟਰੀ ਪੱਧਰ ਦੇ ਹਾਰਟੀਕਲਚਰ ਵਿਗਿਆਨੀ ਹਨ। ਆਪ ਦਾ ਜਨਮ 6 ਅਕਤੂਬਰ,1968 ਨੂੰ ਹਰਿਆਣਾ ਦੇ ਕੁਰੂਕਸ਼ੇਤਰ ਸ਼ਹਿਰ ਵਿੱਚ ਹੋਇਆ। ਡਾ. ਸੈਣੀ ਨੇ ਸਕੂਲੀ ਸਿੱਖਿਆ ਕੁਰੂਕਸ਼ੇਤਰ ਦੇ ਗੀਤਾ ਸੀਨੀਅਰ ਸੈਕੰਡਰੀ ਸਕੂਲ ਤੋਂ ਕਰਨ ਉਪਰੰਤ ਬੀ.ਐਸ.ਸੀ, ਐਮ.ਐਸ.ਸੀ ਅਤੇ ਪੀ.ਐਚ.ਡੀ. ਦੀਆਂ ਡਿਗਰੀਆਂ ਹਿਸਾਰ ਖੇਤੀ ਯੂਨੀਵਰਸਿਟੀ ਤੋਂ 80% ਤੋਂ ਵੱਧ ਨੰਬਰਾਂ ਨਾਲ ਹਾਸਲ ਕੀਤੀਆਂ। ਆਪ ਨੇ ਜੁਲਾਈ 1995 ਵਿੱਚ ਇੱਕ ਪ੍ਰਾਈਵੇਟ ਕੰਪਨੀ ਵਿੱਚ ਨੌਕਰੀ ਸ਼ੁਰੂ ਕਰ ਕੇ ਚੰਗੀ ਸ਼ੁਹਰਤ ਕਮਾਈ। ਅਗਸਤ, 1998 ਵਿੱਚ ਆਪ ਪਾਨੀਪਤ ਵਿਖੇ ਹਰਿਆਣਾ ਸਰਕਾਰ ਦੇ ਥਰਮਲ ਪਲਾਂਟ ਵਿੱਚ ਹਾਰਟੀਕਲਚਰ ਸਹਾਇਕ ਨਿਯੁਕਤ ਹੋਏ ਜਿੱਥੇ ਦਸੰਬਰ, 2004 ਤੱਕ ਸੇਵਾ ਨਿਭਾਈ। ਇਸ ਉਪਰੰਤ ਹਰਿਆਣਾ ਸਰਕਾਰ ਦੇ ਹਾਰਟੀਕਲਚਰ ਵਿਭਾਗ ਵਿੱਚ ਡਿਪਟੀ ਡਾਇਰੈਕਟਰ ਦੇ ਅਹੁਦੇ 'ਤੇ ਤਾਇਨਾਤ ਹੋ ਗਏ। ਉਹ ਆਪਣੀ ਮਿਹਨਤ ਤੇ ਲਿਆਕਤ ਸਦਕਾ ਨਰੰਤਰ ਤਰੱਕੀ ਕਰਦੇ ਹੋਏ ਦਸੰਬਰ, 2007 ਵਿੱਚ ਜਾਇੰਟ ਡਾਇਰੈਕਟਰ, 2011 ਵਿੱਚ ਐਡੀਸ਼ਨਲ ਡਾਇਰੈਕਟਰ ਅਤੇ 2014 ਵਿੱਚ ਇਸ ਵਿਭਾਗ ਦੇ ਡਾਇਰੈਕਟਰ ਜਨਰਲ ਦੇ ਅਹੁਦੇ 'ਤੇ ਪਹੁੰਚ ਗਏ। ਇਸ ਦੌਰਾਨ ਆਪ ਨੇ ਵਿਸ਼ਵ ਪੱਧਰੀ ਗਿਆਨ ਤੇ ਮੁਹਾਰਤ ਹਾਸਲ ਕਰਨ ਲਈ ਇਜ਼ਰਾਈਲ, ਮੈਕਸੀਕੋ, ਤਾਇਵਾਨ, ਯੂ.ਐਸ.ਏ., ਰੂਸ, ਨਿਦਰਲੈਂਡ, ਜਰਮਨੀ, ਯੂ.ਕੇ.,ਅਸਟ੍ਰੇਲੀਆ, ਨਿਊਜ਼ੀਲੈਂਡ ਅਤੇ ਪੋਲੇਂਡ ਦੇਸ਼ਾਂ ਦਾ ਦੌਰਾ ਕੀਤਾ। ਆਪ ਨੇ ਆਪਣੀ ਯੋਗਤਾ ਵਧਾਉਣ ਦੇ ਮੰਤਵ ਨਾਲ ਕਈ ਸਰਟੀਫੀਕੇਟ ਹਾਸਲ ਕੀਤੇ ਹਨ। ਇਸ ਸਦਕਾ ਆਪ ਆਪਣੀ ਡਿਊਟੀ ਬਹੁਤ ਇਮਾਨਦਾਰੀ ਤੇ ਸੁਯੋਗਤਾ ਨਾਲ ਨਿਭਾ ਰਹੇ ਹਨ। ਸਾਰੀ ਸੈਣੀ ਬਰਾਦਰੀ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ। ਡਾ. ਸੈਣੀ ਨੂੰ ਸੈਣੀ ਭਵਨ ਰੂਪਨਗਰ ਵਲੋਂ ਬਹੁਤ ਬਹੁਤ ਵਧਾਈ।

## ਸ. ਰਵਿੰਦਰ ਸਿੰਘ (ਸਿੱਖੀ ਦੇ ਸੇਵਾ-ਸਿਧਾਂਤ ਨੂੰ ਸਮਰਪਿੱਤ ਅਧਿਆਪਕ) :



ਰੂਪਨਗਰ ਜ਼ਿਲ੍ਹੇ ਦੇ ਪਿੰਡ ਫੂਲ ਖ਼ੁਰਦ ਵਿਖੇ ਸ. ਪ੍ਰੇਮ ਸਿੰਘ ਅਤੇ ਮਾਤਾ ਹਰਦਿਆਲ ਕੌਰ ਜੀ ਦੇ ਸੈਣੀ ਪਰਿਵਾਰ ਵਿੱਚ ਜਨਮੇ ਸ. ਰਵਿੰਦਰ ਸਿੰਘ ਸਰਕਾਰੀ ਸੇਵਾ ਨੂੰ ਕੇਵਲ ਰੁਜ਼ਗਾਰ ਨਹੀਂ ਸਮਝਦੇ। ਉਨ੍ਹਾਂ ਲਈ ਇਹ ਸਿੱਖੀ ਦੇ ਸੇਵਾ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਣ ਲਈ ਇੱਕ ਸਾਧਨ ਹੈ। ਉਹ ਅਜਿਹੇ ਅਧਿਆਪਕ ਹਨ ਜੋ ਕੇਵਲ ਆਪਣਾ ਵਿਸ਼ਾ ਪੜ੍ਹਾ ਕੇ ਹੀ ਸੁਰਖ਼ਰੂ ਨਹੀਂ ਹੋ ਜਾਂਦੇ ਬਲਕਿ ਵਿਦਿਆਰਥੀਆਂ ਦੀ ਹਰ ਸੁੱਖ-ਸੁਵਿਧਾ ਦਾ ਧਿਆਨ ਰੱਖਣਾ ਆਪਣਾ ਫਰਜ ਸਮਝਦੇ ਹਨ। ਉਹ ਆਪਣੀ ਕਾਲਜ ਦੀ ਪੜ੍ਹਾਈ ਪੂਰੀ ਕਰ ਕੇ 1997 ਨੂੰ ਸਿੱਖਿਆ ਵਿਭਾਗ ਵਿੱਚ ਸਮਾਜਿਕ ਸਿੱਖਿਆ ਦੇ ਅਧਿਆਪਕ ਨਿਯੁਕਤ ਹੋਣ ਉਪਰੰਤ ਸੰਨ 2000 ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਥੇੜਾ ਵਿੱਚ ਆ ਗਏ। ਇਹ ਸਕੂਲ ਨੰਗਲ ਟਾਊਨਸ਼ਿਪ ਨੇੜੇ ਸਤਲੁਜ ਦਰਿਆ ਕਿਨਾਰੇ ਸਥਿਤ ਹੈ। ਇਸ ਕਾਰਨ ਸਕੂਲ ਅੰਦਰ ਖਤਰਨਾਕ ਜੰਗਲੀ ਜੀਵਾਂ ਦੇ ਆਉਣ ਦਾ ਖਤਰਾ ਬਣਿਆਂ ਰਹਿੰਦਾ ਸੀ। ਸ. ਰਵਿੰਦਰ ਸਿੰਘ ਨੇ ਆਪਣੇ ਦੋਸਤ ਅਧਿਆਪਕ ਸਵਰਗਵਾਸੀ ਡਾ. ਗੁਲਜ਼ਾਰ ਸਿੰਘ ਕੰਗ ਅਤੇ

ਹੋਰ ਸਾਥੀਆਂ ਦੇ ਸਹਿਯੋਗ ਨਾਲ ਦਰਿਆ ਵਾਲੇ ਪਾਸੇ 5 ਲੱਖ ਰੁਪਏ ਦੀ ਲਾਗਤ ਨਾਲ 160 ਫੁੱਟ ਲੰਮਾ, 6 ਫੁੱਟ ਚੌੜਾ ਅਤੇ 25 ਫੁੱਟ ਉੱਚਾ ਪੱਥਰ ਦਾ ਡੰਗ ਲਗਵਾਇਆ। ਇਸ ਰਕਮ ਵਿੱਚ ਸ. ਰਵਿੰਦਰ ਸਿੰਘ ਨੇ 4 ਲੱਖ ਰੁਪਏ ਦਾ ਯੋਗਦਾਨ ਪਾਇਆ। ਇਸ ਤੋਂ ਇਲਾਵਾ ਸਕੂਲ ਨੂੰ ਸੁੰਦਰ ਬਣਾਉਣ ਦੇ ਉਦੇਸ਼ ਹਿਤ 100 ਦੇ ਕਰੀਬ ਦਰਖਤ ਲਗਵਾ ਕੇ ਉਨ੍ਹਾਂ ਨੂੰ ਪਾਲਿਆ ਤੇ ਸੰਭਾਲਿਆ। ਸੰਨ 2015 ਵਿੱਚ ਜਦੋਂ ਇਸ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਧਣ ਨਾਲ ਕਮਰਿਆਂ ਦੀ ਘਾਟ ਮਹਿਸੂਸ ਹੋਣ ਲੱਗੀ ਤਾਂ ਸ. ਰਵਿੰਦਰ ਸਿੰਘ ਨੇ ਸੰਤ ਸ਼ਾਦੀ ਸਿੰਘ ਜੀ ਦੀ ਯਾਦ ਵਿੱਚ ਆਪਣੀ ਤਨਖਾਹ ਵਿੱਚੋਂ ਬਚਤ ਕਰ ਕੇ 7 ਲੱਖ ਰੁਪਏ ਨਾਲ ਦੋ ਸ਼੍ਰੇਣੀ ਕਮਰੇ ਉਸਾਰ ਕੇ ਗੁਰੂ ਦੀ ਖੁਸ਼ੀ ਹਾਸਲ ਕੀਤੀ। ਆਪ ਨੇ ਅਗ੍ਰੇਜ਼ੀ ਅਤੇ ਸਮਾਜਿਕ ਸਿੱਖਿਆ ਦੀ ਪੜ੍ਹਾਈ ਦਾ ਮਿਆਰ ਉੱਚਾ ਚੁਕਣ ਲਈ ਇਨ੍ਹਾਂ ਵਿਸ਼ਿਆਂ ਦੀਆਂ ਪ੍ਰਯੋਗਸ਼ਾਲਾਵਾਂ ਬਣਾਉਣ ਲਈ ਦੋ ਕਮਰਿਆਂ ਦਾ ਨਵੀਨੀਕਰਨ ਕਰਨ 'ਤੇ 150000 ਰੁਪਏ ਆਪਣੀ ਜੇਬ੍ਹ ਚੋਂ ਖਰਚ ਕੀਤੇ।

ਸ. ਰਵਿੰਦਰ ਸਿੰਘ ਆਪਣੇ ਸਕੂਲ ਦੇ ਨਾਲ ਨਾਲ ਗਵਾਂਢੀ ਸਕੂਲਾਂ ਦੀ ਬਿਹਤਰੀ ਲਈ ਵੀ ਤਿਆਰ ਰਹਿੰਦੇ ਹਨ। ਇਸ ਉਦੇਸ਼ ਅਧੀਨ ਆਪ ਨੇ ਪਿਛੜੇ ਖੇਤਰ ਵਿੱਚ ਸਥਿਤ ਸਰਕਾਰੀ ਮਿਡਲ ਸਕੂਲ ਬੇਲਾ ਧਿਆਨੀ ਦੇ ਖੇਡ ਮੈਦਾਨ ਵਿੱਚ ਪੇਵਰ ਬਣਵਾਉਣ ਅਤੇ ਉੱਥੇ ਚਾਰ ਵਿਸ਼ਿਆਂ ਦੀ ਓਪਨ ਪ੍ਰਯੋਗਸ਼ਾਲਾ ਤਿਆਰ ਕਰਵਾਉਣ ਲਈ ਆਪਣੇ ਪਾਸੋਂ 255000 ਹਜ਼ਾਰ ਰੁਪਏ ਖਰਚ ਕੀਤੇ। ਆਪ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੁਖਸਾਲ ਵਿੱਚ 410000 ਰੁਪਏ ਦੀ ਲਾਗਤ ਨਾਲ ਓਪਨ ਪ੍ਰਯੋਗਸ਼ਾਲਾ ਸਥਾਪਤ ਕੀਤੀ। ਹੁਣ ਸ.ਰਵਿੰਦਰ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਬੇਲਾ ਬਾਹਤੀਆਂ ਵਿੱਚ ਵੀ ਪੇਵਰ ਲਗਾਉਣ ਦੀ ਯੋਜਨਾ ਬਣਾ ਰਹੇ ਹਨ। ਆਪ ਗਰੀਬ ਵਿਦਿਆਰਥੀਆਂ ਨੂੰ ਉੱਚ-ਸਿੱਖਿਆ ਹਾਸਲ ਕਰਨ ਵਿੱਚ ਵੀ ਆਰਥਿਕ ਮਦਦ ਕਰਦੇ ਹਨ। ਇਸ ਤਹਿਤ ਦੋ ਵਿਦਿਆਰਥੀਆਂ ਨੂੰ ਬੀ.ਟੈਕ ਕਰਨ ਲਈ ਮਦਦ ਦਿੱਤੀ ਅਤੇ ਕਈ ਬੀ.ਏ ਤੇ ਐਮ.ਏ ਦੇ ਵਿਦਿਆਰਥੀਆਂ ਦੀਆਂ ਫੀਸਾਂ ਆਪਣੇ ਕਮਾਈ 'ਚੋਂ ਭਰੀਆਂ ਹਨ।

ਸ. ਰਵਿੰਦਰ ਸਿੰਘ ਇਸ ਸੇਵਾ ਭਾਵਨਾ ਲਈ ਸੰਤ ਸ਼ਾਦੀ ਸਿੰਘ ਜੀ ਦੀ ਸੰਗਤ ਨੂੰ ਕਾਰਗਰ ਸਮਝਦੇ ਹਨ। ਆਪ ਦੇ ਪਿਤਾ ਮਾਸਟਰ ਪ੍ਰੇਮ ਸਿੰਘ ਜੀ ਵੀ ਸੰਤ ਸ਼ਾਦੀ ਸਿੰਘ ਜੀ ਦੇ ਅਨਿੰਨ ਸ਼ਰਧਾਲੂ ਸਨ। ਇਹ ਵੀ ਵਰਣਨਯੋਗ ਹੈ ਕਿ ਆਪ ਸਾਧਾਰਨ ਕਿਸਾਨੀ ਪਰਿਵਾਰ ਨਾਲ ਸਬੰਧ ਰਖਦੇ ਹਨ ਅਤੇ ਸਾਰੀ ਸੇਵਾ ਆਪਣੀ ਤਨਖਾਹ ਵਿੱਚੋਂ ਕੀਤੀ ਬਚਤ ਨਾਲ ਹੀ ਕਰਦੇ ਹਨ। ਇਹ ਸਭ ਕੁੱਝ ਉਨ੍ਹਾਂ ਦੇ ਸਾਦਾ ਗੁਰਸਿੱਖੀ ਜੀਵਨ ਸਦਕਾ ਹੀ ਹੋ ਰਿਹਾ ਹੈ। ਗੁਰੂ ਆਪ ਨੂੰ ਤੰਦਰੁਸਤੀ ਬਖਸ਼ੇ।

## ਵਧਾਈਆਂ



• ਰੂਪਨਗਰ ਜ਼ਿਲ੍ਹੇ ਵਿੱਚ ਨੂਰਪੁਰ ਬੇਦੀ ਇਲਾਕੇ ਦੇ ਪਿੰਡ ਅਬਿਆਣਾ ਕਲਾਂ ਦੇ ਸੈਣੀ ਬਰਾਦਰੀ ਦੇ 8 ਸਾਲ ਉਮਰ ਦੇ ਮਿਲਨਜੋਤ ਸਿੰਘ ਨੇ ਜੀ.ਕੇ ਉਲੰਪੀਅਡ ਵਿੱਚ ਭਾਗ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ ਹੈ। ਉਹ ਇੱਕ ਸਟੇਟ ਐਵਾਰਡੀ ਅਧਿਆਪਕ ਦਾ ਬੇਟਾ ਹੈ ਅਤੇ ਸ਼ਿਵਾਲਿਕ ਪਬਲਿਕ ਸਕੂਲ ਰੂਪਨਗਰ ਵਿੱਚ ਚੌਥੀ ਜਮਾਤ ਦਾ ਵਿਦਿਆਰਥੀ ਹੈ। ਇਸ ਅੰਤਰਰਾਸ਼ਟਰੀ ਮੁਕਾਬਲੇ ਵਿੱਚ 34 ਦੇਸ਼ਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ ਸੀ। ਸੈਣੀ ਬਰਾਦਰੀ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ।



• ਸੈਣੀ ਬਰਾਦਰੀ ਲਈ ਮਾਣ ਦੀ ਗੱਲ ਹੈ ਕਿ ਖਰੜ ਵਿਖੇ ਦਸ਼ਹਿਰਾ ਗਰਾਊਂਡ ਦੀ ਵਸਨੀਕ ਸ਼੍ਰੀਮਤੀ ਜਸਪ੍ਰੀਤ ਕੌਰ ਲੌਂਗੀਆ ਜੋ ਕਿ ਅਕਾਲੀ ਦਲ ਦੀ ਟਿਕਟ 'ਤੇ ਵਾਰਡ ਨੰਬਰ 19 ਤੋਂ ਚੁਣੇ ਗਏ ਸਨ, ਆਪਣੇ ਵਿਰੋਧੀ ਨੂੰ ਸਖ਼ਤ ਟੱਕਰ ਦੇ ਕੇ ਨਗਰ ਕੌਂਸਲ ਖਰੜ ਦੇ ਪ੍ਰਧਾਨ ਬਣ ਗਏ ਹਨ।



• ਜ਼ਿਲ੍ਹਾ ਰੂਪਨਗਰ ਦੇ ਪਿੰਡ ਬੇਲੀ ਨਾਲ ਸਬੰਧਿਤ ਸ. ਲਖਵੀਰ ਸਿੰਘ ਸੈਣੀ ਦੀ ਪੁੱਤਰੀ ਮੋਨਿਕਾ ਸੈਣੀ ਨੇ ਪੰਜਾਬ ਸਿਵਲ ਸਰਵਿਸਸ ਪ੍ਰੀਖਿਆ ਪਾਸ ਕਰਕੇ ਪੀ.ਸੀ.ਐੱਸ. ਅਧਿਕਾਰੀ ਬਣਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਇਹ ਪਰਿਵਾਰ ਇਸ ਸਮੇਂ ਮੁਹਾਲੀ ਵਿਖੇ ਰਹਿੰਦਾ ਹੈ। ਮੋਨਿਕਾ ਸੈਣੀ ਨੇ ਡੀ.ਏ.ਵੀ. ਕਾਲਜ ਚੰਡੀਗੜ੍ਹ ਤੋਂ ਬਾਇਓਟੈਕਨੋਲੋਜੀ ਵਿਸ਼ੇ ਵਿੱਚ ਐੱਮ.ਐੱਸ.ਸੀ. ਕੀਤੀ ਹੈ। ਇਸ ਵਿੱਚ ਉਸਨੇ ਗੋਲਡ ਮੈਡਲ ਪ੍ਰਾਪਤ ਕੀਤਾ ਅਤੇ ਉਹ ਰਾਸ਼ਟਰਪਤੀ ਪੁਰਸਕਾਰ ਨਾਲ ਸਨਮਾਨਿਤ ਕੀਤੀ ਗਈ ਸੀ।



• ਸ. ਗੁਰਬਖਸ਼ ਸਿੰਘ ਸੈਣੀ ਵਾਸੀ ਪੰਚਕੂਲਾ ਨੇ ਪੁਸਤਕ "ਕਿਸਾਨੀ ਸੋਸ਼ਣ ਤੇ ਸੰਘਰਸ਼" ਪ੍ਰਕਾਸ਼ਿਤ ਕਰਵਾਈ ਹੈ। ਜਿਸ ਵਿੱਚ 645 ਈ: ਤੋਂ ਲੈ ਕੇ ਹੁਣ ਤੱਕ ਕਿਸਾਨੀ ਸੰਘਰਸ਼ ਦਾ ਵਰਣਨ ਕੀਤਾ ਗਿਆ ਹੈ। ਇਹ ਪੁਸਤਕ 28 ਜੂਨ ਨੂੰ ਸੈਣੀ ਭਵਨ ਚੰਡੀਗੜ੍ਹ ਵਿਖੇ ਲੋਕ ਅਰਪਣ ਕੀਤੀ ਗਈ ਹੈ।

ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਵਲੋਂ ਆਪ ਸਭ ਨੂੰ ਇਨ੍ਹਾਂ ਸਫਲਤਾਵਾਂ ਲਈ ਲੱਖ ਲੱਖ ਵਧਾਈ ਹੋਵੇ।

ਕਹਾਣੀ

# ਵਾਰਸ

**ਮਿਹਰ ਸਿੰਘ ਪ੍ਰੋਫੈਸਰ (ਰਿਟਾ.)**
**ਮੁਹਾਲੀ**

ਮੈਂ ਆਪਣੇ ਦਫਤਰ ਵਿੱਚ ਬੈਠਾ ਸਾਂ। ਅਚਾਨਕ ਇੱਕ ਦੈਂਤ ਕੱਦ ਆਦਮੀ ਇਕ ਛਮਕ ਜਿਹੀ ਮੁਟਿਆਰ ਨਾਲ ਮੇਰੇ ਸਾਹਮਣੇ ਆ ਬੈਠਾ। "ਉਇ ਭੰਗੀਆਂ ਦੀ ਤੋਪ ਤੂੰ! ਉਇ ਤੈਨੂੰ ਕਿਧਰੋਂ ਰਾਹ ਲੱਭ ਪਿਆ ਏਧਰ ਦਾ?" ਮੇਰੇ ਮੂੰਹੋਂ ਆਪ ਮੁਹਾਰੇ ਨਿਕਲਿਆ। ਉਸ ਨੇ ਘੁੱਟ ਕੇ ਮੈਨੂੰ ਆਪਣੀ ਜੱਫੀ ਵਿੱਚ ਲੈ ਲਿਆ। ਇਹ ਮੇਰਾ ਹਮਜਮਾਤੀ ਬਖਸ਼ੀਸ਼ ਸਿੰਘ ਸੀ।

ਅਸੀਂ ਸਕੂਲ ਤੇ ਬੀ.ਏ. ਤੱਕ ਕਾਲਜ ਵਿੱਚ ਇਕੱਠੇ ਪੜ੍ਹੇ ਸਾਂ। ਉਸ ਦੇ ਛੇ-ਫੁਟੇ ਕੱਦ ਅਤੇ ਵੱਡੇ ਡੀਲ-ਡੌਲ ਕਰਕੇ ਅਸੀਂ ਉਸਦਾ ਨਾਂ ਭੰਗੀਆਂ ਦੀ ਤੋਪ ਪਾਇਆ ਹੋਇਆ ਸੀ। ਮੈਂ ਉਸੇ ਕਾਲਜ ਵਿੱਚ ਐਮ.ਏ ਕਰਨ ਲੱਗਾ ਅਤੇ ਉਸ ਨੇ ਜਲੰਧਰ ਦੇ ਲਾਅ ਕਾਲਜ ਵਿੱਚ ਦਾਖਲਾ ਲੈ ਲਿਆ। ਫਿਰ ਪੰਝੀ-ਛੱਬੀ ਸਾਲ ਕਦੇ ਨਾ ਮਿਲੇ। ਮੈਂ ਕਾਲਜ ਦੀ ਸਰਕਾਰੀ ਨੌਕਰੀ ਵਿੱਚ ਆ ਗਿਆ।ਮੈਨੂੰ ਆਪਣੇ ਹੋਰ ਸਾਂਝੇ ਮਿੱਤਰਾਂ ਤੋਂ ਪਤਾ ਲੱਗ ਗਿਆ ਸੀ ਕਿ ਉਸ ਨੇ ਆਪਣੀ ਕਈ ਪਿੰਡਾਂ ਵਿੱਚ ਫੈਲੀ ਬੇ-ਸ਼ੁਮਾਰ ਜ਼ਮੀਨ ਨੂੰ ਵੇਚ-ਵੱਟ ਕੇ ਲੁਧਿਆਣੇ ਵਿੱਚ ਇਕ ਹੋਟਲ ਖ਼ਰੀਦ ਲਿਆ ਸੀ ਤੇ ਸੰਗਰੂਰ ਦੇ ਨਜ਼ਦੀਕ ਆਪਣੇ ਜੱਦੀ ਪਿੰਡ ਵਿੱਚ ਜਿਸਦੀ ਸਾਰੀ ਜ਼ਮੀਨ ਦਾ ਉਹ ਵਾਹਦ ਮਾਲਕ ਸੀ, ਆਪ ਖੇਤੀ ਕਰਵਾ ਰਿਹਾ ਸੀ।

ਉਸ ਨੇ ਮੈਨੂੰ ਆਪਣੇ ਨਾਲ ਬੈਠੀ ਖੂਬਸੂਰਤ ਕੁੜੀ ਨਾਲ ਮਿਲਾਉਂਦਿਆਂ ਦੱਸਿਆ ਕਿ ਮਨਜੀਤ ਉਸਦੀ ਨੂੰਹ ਹੈ। ਉਸ ਦਾ ਇੱਕੋ ਇਕ ਪੁੱਤਰ ਹੈ, ਜਿਹੜਾ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਬੀ.ਐਸ.ਸੀ. ਕਰਨ ਤੋਂ ਬਾਅਦ ਪਿੰਡ ਵਿੱਚ ਖੇਤੀ ਦਾ ਕਾਰੋਬਾਰ ਸੰਭਾਲ ਰਿਹਾ ਹੈ। ਮਨਜੀਤ ਨੇ ਪੰਜਾਬੀ ਦੀ ਐਮ.ਏ. ਪਹਿਲੇ ਦਰਜੇ ਵਿੱਚ ਪਾਸ ਕੀਤੀ ਹੈ। ਏਸ ਸਾਲ ਉਸ ਨੇ ਪੰਜਾਬੀ ਯੂਨੀਵਰਸਿਟੀ ਤੋਂ ਐਮ.ਫਿਲ ਵੀ ਕਰ ਲਈ ਹੈ।

ਆਉਣ ਦੇ ਕਾਰਨ ਬਾਰੇ ਪੁੱਛਣ 'ਤੇ ਉਸ ਨੇ ਹੱਸਦਿਆਂ ਕਿਹਾ, "ਤੁਹਾਡੇ ਕਾਲਜ ਦਾ ਇਸ਼ਤਿਹਾਰ ਪੜ੍ਹਿਆ ਸੀ ਅਖ਼ਬਾਰ 'ਚ ਕਿ ਤੁਹਾਨੂੰ ਪੰਜਾਬੀ ਦੇ ਇਕ ਲੈਕਚਰਾਰ ਦੀ ਲੋੜ ਹੈ। ਤੇ ਜਦੋਂ ਮੈਂ ਹੇਠਾਂ ਤੇਰਾ ਨਾਂ ਪੜ੍ਹਿਆ ਤਾਂ ਮੈਂ ਕਿਹਾ ਲਉ ਉਸ ਕਾਲਜ 'ਚ ਤਾਂ ਆਪਣਾ ਖੰਘੂਰਾ ਪ੍ਰਿੰਸੀਪਲ ਲੱਗਾ ਹੋਇਐ। ਤੇ ਮੈਂ ਏਸ ਨੂੰ ਨਾਲ ਲੈ ਕੇ ਤੇਰੇ ਪਾਸ ਆ ਗਿਆਂ"।

ਜਾਣ ਤੋਂ ਪਹਿਲਾਂ ਉਸ ਨੇ ਮੈਨੂੰ ਦੱਸਿਆ ਸੀ ਕਿ ਉਨ੍ਹਾਂ ਨੂੰ ਅਸਲ ਵਿੱਚ ਏਸ ਦੀ ਨੌਕਰੀ ਦੀ ਲੋੜ ਨਹੀਂ। ਅਸਲ ਵਿਚ ਮਨਜੀਤ ਨੂੰ ਇੱਕ ਐਸੇ ਰੁਝੇਵੇਂ ਦੀ ਲੋੜ ਹੈ, ਜਿਸ ਨਾਲ ਉਸ ਦਾ ਦਿਲ ਲੱਗਾ ਰਹੇ। ਇਹ ਪਟਿਆਲੇ ਸ਼ਹਿਰ ਦੀ ਜੰਮ-ਪਲ ਹੈ। ਏਸ ਲਈ ਮੈਂ ਚਾਹੁੰਦਾ ਹਾਂ ਜੇ ਇਹ ਏਸ ਕਾਲਜ ਵਿੱਚ ਲੱਗ ਜਾਏ ਤਾਂ ਇਸ ਦਾ ਮਨ ਲਗਿਆ ਰਹੇਗਾ।

ਇੰਟਰਵਿਊ ਵਾਲੇ ਦਿਨ ਉਹ ਆਪਣੀਆਂ ਯੋਗਤਾਵਾਂ ਕਾਰਨ ਹੀ ਪੰਜਾਬੀ ਦੀ ਆਸਾਮੀ ਲਈ ਚੁਣ ਲਈ ਗਈ। ਉਹ ਕਾਲਜ ਵਿੱਚ ਬੜੇ ਸ਼ੌਕ ਨਾਲ ਪੜ੍ਹਾਉਣ ਲੱਗ ਪਈ। ਉਹ ਬਹੁਤ ਖੁਸ਼ ਤਬੀਅਤ ਤੇ ਸਾਊ ਲੜਕੀ ਸੀ।

ਇੱਕ ਦਿਨ ਮਨਜੀਤ ਮੇਰੇ ਦਫਤਰ ਵਿੱਚ ਆਈ ਅਤੇ ਸਿਮਟ ਕੇ ਮੇਰੇ ਸਾਹਮਣੇ ਕੁਰਸੀ 'ਤੇ ਬੈਠ ਗਈ। ਮੈਂ ਦੇਖਿਆ ਉਹ ਬਹੁਤ ਉਦਾਸ ਸੀ ਤੇ ਉਸ ਦਾ ਚਿਹਰਾ ਉਤਰਿਆ ਹੋਇਆ ਸੀ। ਮੇਰੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਉਸ ਦੇ ਪਤੀ ਪਿਛਲੇ ਤਿੰਨ ਮਹੀਨਿਆਂ ਤੋਂ ਠੀਕ ਨਹੀਂ ਹਨ। ਉਨ੍ਹਾਂ ਨੂੰ ਭੁੱਖ ਨੀ ਲੱਗਦੀ ਅਤੇ ਵਜਨ ਵੀ ਘਟਦਾ ਜਾ ਰਿਹਾ ਏ। ਉਨ੍ਹਾਂ ਨੂੰ ਪੀ.ਜੀ.ਆਈ ਵਿੱਚ ਚੈਕ ਅਪ ਕਰਵਾਇਆ ਹੈ। ਡਾਕਟਰ ਦੱਸਦੇ ਹਨ ਕਿ ਖ਼ੂਨ ਘੱਟ ਬਣਦਾ ਏ। ਉਹ ਉਹਨਾਂ ਨੂੰ ਛੱਡ ਕੇ ਆ ਨਹੀਂ ਸਕਦੀ। ਇਸੇ ਲਈ ਉਸਨੂੰ ਕਈ ਵੇਰ ਛੁੱਟੀ ਲੈਣੀ ਪੈ ਜਾਂਦੀ ਏ। ਉਸਦੀਆਂ ਸਿਆਹ ਅੱਖਾਂ ਵਿਚ ਹੰਝੂ ਡਲ੍ਹਕ ਆਏ। ਮੈਂ ਉਸ ਨੂੰ ਹੌਸਲਾ ਦਿੱਤਾ। ਉਹ ਆਪਣੇ ਪਰਸ ਵਿਚੋਂ ਰੁਮਾਲ ਕੱਢ ਕੇ ਅੱਖਾਂ ਪੂੰਝਦੀ ਮੇਰੇ ਕਮਰੇ ਚੋਂ ਬਾਹਰ ਚਲੀ ਗਈ।

ਫਿਰ ਕਈ ਦਿਨ ਉਹ ਕਾਲਜ ਤੋਂ ਛੁਟੀ 'ਤੇ ਰਹੀ। ਇੱਕ ਦਿਨ ਇੱਕ ਪ੍ਰੋਫੈਸਰ ਨੇ ਕਾਲਜ ਵਿੱਚ ਆ ਕੇ ਦੱਸਿਆ ਕਿ ਮਨਜੀਤ ਕੌਰ ਦੇ ਪਤੀ ਦਾ ਰਾਤ ਦੇਹਾਂਤ ਹੋ ਗਿਆ ਏ। ਸਾਰੇ ਕਾਲਜ ਦੇ ਸਟਾਫ ਵਿੱਚ ਸੋਗ ਪੈ ਗਿਆ। ਅਸੀਂ ਸਾਰੇ ਉਨ੍ਹਾਂ ਦੇ ਸਸਕਾਰ 'ਤੇ ਗਏ।

ਏਸ ਘਟਨਾ ਨੂੰ ਦੋ ਮਹੀਨੇ ਹੋ ਗਏ ਸਨ। ਇੱਕ ਦਿਨ ਮਨਜੀਤ ਅਚਾਨਕ ਮੇਰੇ ਦਫ਼ਤਰ ਵਿਚ ਆਈ। ਉਸ ਦੀ ਪੌਸ਼ਾਕ ਸਾਦਾ ਤੇ ਢੁਕਵੀਂ ਸੀ। ਉਸ ਦਾ ਚਿਹਰਾ ਸਫੈਦ ਤੇ ਸੋਗ ਨਾਲ ਪੋਤਿਆ ਹੋਇਆ, ਜਿਵੇਂ ਕੋਈ ਜੋਗਨ ਮੇਰੇ ਸਾਹਮਣੇ ਖੜ੍ਹੀ ਹੋਵੇ। ਫਿਰ ਬੋਲੀ "ਜੀ ਮੈਨੂੰ ਪੜ੍ਹਾਈ ਦੇ ਤਜਰਬੇ ਦਾ ਸਰਟੀਫਿਕੇਟ ਚਾਹੀਦੈ"। ਮੇਰੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਨੇ ਕੁਝ ਪੰਜਾਬੀ ਦੀਆਂ ਆਸਾਮੀਆਂ ਕੱਢੀਆਂ ਨੇ, ਉਸ ਲਈ ਅਰਜੀ ਦੇਣੀ ਹੈ। ਮੈਂ ਤੁਰੰਤ ਟਾਈਪ ਕਰਵਾ ਕੇ ਸਰਟੀਫੀਕੇਟ ਉਸ ਨੂੰ ਦੇ ਦਿੱਤਾ।

ਇਸ ਤੋਂ ਹਫਤਾ ਕੁ ਬਾਅਦ ਮੇਰਾ ਇਹ ਮਿੱਤਰ, ਬਖ਼ਸ਼ੀਸ਼ ਸਿੰਘ ਅਚਾਨਕ ਮੇਰੇ ਦਫਤਰ ਵਿਚ ਆ ਗਿਆ। ਰਸਮੀ ਜਿਹੀ ਸੁੱਖ-ਸਾਂਦ ਤੋਂ ਬਾਅਦ ਮੈਂ ਉਸ ਨੂੰ ਆਉਣ ਦਾ ਕਾਰਨ ਪੁੱਛਿਆ ਤਾਂ ਉਸ ਨੇ ਦੁਖੀ ਮਨ ਨਾਲ ਦੱਸਿਆ, "ਸਾਡੀ ਨੂੰਹ ਮਨਜੀਤ ਦੇ ਸਿਰ 'ਤੇ ਸਰਕਾਰੀ ਨੌਕਰੀ ਦਾ ਭੂਤ ਸੁਆਰ ਹੋਇਆ ਪਿਐ। ਤੂੰ ਉਸ ਨੂੰ ਸਮਝਾ ਕਿ ਉਹ ਸਰਕਾਰੀ ਨੌਕਰੀ ਦਾ ਖਿਆਲ ਛੱਡ ਦਏ। ਜੇ ਉਸ ਦੀ ਚੋਣ ਹੋ ਗਈ ਤਾਂ ਉਹ ਸਾਡੇ ਹੱਥਾਂ 'ਚੋਂ ਨਿਕਲ ਜਾਏਗੀ। ਅਸੀਂ ਬਰਬਾਦ

ਹੋ ਜਾਵਾਂਗੇ। ਉਹ ਜਦੋਂ ਸਾਥੋਂ ਦੂਰ ਚਲੀ ਗਈ ਤਾਂ ਹੋ ਸਕਦੈ ਉਹ ਕਿਸੇ ਹੋਰ ਥਾਂ ਵਿਆਹ ਕਰਵਾ ਲਵੇ"।

"ਬੜੀ ਅਜੀਬ ਸੋਚ ਏ ਤੇਰੀ। ਤੂੰ ਇਸ ਤਰ੍ਹਾਂ ਕਿਉਂ ਸੋਚਦਾ ਏ? ਤੂੰ ਇਹ ਕਿਉਂ ਨੀ ਸੋਚਦਾ ਕਿ ਉਹ ਆਪਣੀ ਪਹਾੜ ਜਿੱਡੀ ਜਿੰਦਗੀ ਕਿਸ ਦੇ ਸਹਾਰੇ ਕੱਟੇਗੀ? ਗੱਲ ਸੁਣ ਬਖ਼ਸ਼ੀਸ਼! ਉਸਦੀ ਉਮਰ ਈ ਕੀ ਏ। ਉਹ ਜਵਾਨ ਹੈ, ਖ਼ੂਬਸੂਰਤ ਹੈ। ਉਸਦੀਆਂ ਆਪਣੀਆਂ ਉਮੰਗਾਂ ਹਨ, ਇੱਛਾਵਾਂ ਹਨ। ਉਸ ਦੇ ਆਪਣੇ ਅਰਮਾਨ ਹਨ। ਉਸ ਨੂੰ ਵੀ ਆਪਣੇ ਢੰਗ ਨਾਲ ਜਿੰਦਗੀ ਜਿਊਣ ਦਾ ਅਧਿਕਾਰ ਹੈ। ਅਮੀਰੀ ਤੇ ਆਰਥਿਕ ਖੁਸ਼ਹਾਲੀ ਹੀ ਤਾਂ ਸਭ ਕੁਝ ਨਹੀਂ ਨਾ ਹੁੰਦੇ"। ਮੈਂ ਉਸ ਨੂੰ ਝਾੜਦਿਆਂ ਕਿਹਾ।

"ਕਿਉਂ ਅਸੀਂ ਮਰ ਗਏ। ਕਰੋੜਾਂ ਦੀ ਜਾਇਦਾਦ ਦੀ ਮਾਲਕ ਹੈ ਉਹ। ਅਸੀਂ ਹਾਂ ਨੀ ਉਸ ਦਾ ਸਹਾਰਾ। ਬਾਈ ਤੂੰ ਸਾਡੇ ਦੁੱਖਾਂ ਤੇ ਅਰਮਾਨਾਂ ਨੂੰ ਨੀ ਸਮਝਦਾ। ਤੈਨੂੰ ਪਤੈ ਕਿ ਸਾਡਾ ਕਿੱਡਾ ਵੱਡਾ ਖਾਨਦਾਨ ਹੈ। ਕਿੰਨੀ ਜਾਇਦਾਦ ਹੈ ਸਾਡੀ। ਮੈਂ ਤੇ ਇਕ ਗਰੀਬ ਘਰਾਣੇ ਦੀ ਇਹ ਖੂਬਸੂਰਤ ਲੜਕੀ ਆਪਣੀ ਏਸ ਲੰਮੀ-ਚੌੜੀ ਜਾਇਦਾਦ ਦਾ ਵਾਰਸ ਪੈਦਾ ਕਰਨ ਲਈ ਹੀ ਵਿਆਹ ਕੇ ਲਿਆਂਦੀ ਸੀ। ਮੈਂ ਸਾਰੀ ਉਮਰ ਤੇਰਾ ਅਹਿਸਾਨ ਨਹੀਂ ਭੁੱਲਾਂਗਾ। ਬਸ ਤੂੰ ਉਸ ਨੂੰ ਮਨਾ ਲੈ, ਉਹ ਸਾਨੂੰ ਛੱਡ ਕੇ ਨਾ ਜਾਏ, ਨਹੀਂ ਤਾਂ ਸਾਡਾ ਬੀਜ ਨਾਸ਼ ਹੋ ਜਾਏਗਾ ਏਸ ਜਹਾਨ ਤੋਂ"। ਇਹ ਕਹਿੰਦਿਆਂ ਉਹ ਰੋ ਪਿਆ।

"ਭਲਾ ਮੰਨ ਲਉ ਉਹ ਤੁਹਾਡਾ ਪਰਿਵਾਰ ਛੱਡ ਕੇ ਨਾ ਜਾਵੇ ਤਾਂ ਕਿਹੜਾ ਤੁਹਾਡੇ ਮਨ ਦੀ ਮੁਰਾਦ ਪੂਰੀ ਹੋਜੂ"? ਮੈਂ ਠਰ੍ਹਮੇ ਤੇ ਹਮਦਰਦੀ ਨਾਲ ਪੁੱਛਿਆ।

"ਪੂਰੀ ਹੋ ਸਕਦੀ ਏ। ਕਿਉਂ ਨੀ ਹੋ ਸਕਦੀ। ਬਾਈ ਜੇ ਜ਼ਮੀਨ ਜ਼ਰਖੇਜ਼ ਤੇ ਉਪਜਾਊ ਹੋਏ ਤਾਂ ਬੀਜ ਪਾਇਆ ਵਿਅਰਥ ਨੀ ਜਾਂਦਾ"। ਉਸ ਨੇ ਆਪਣੇ ਦਿਲ ਦੀ ਗੱਲ ਕਹਿ ਦਿੱਤੀ।

❋ ❋ ❋ ❋ ❋

## ਸ਼ਰਧਾਂਜਲੀਆਂ

• **ਸੇਵਾਮੁਕਤ ਲੈਫ. ਕਰਨਲ ਜੀ. ਆਰ. ਸੈਣੀ** ਵਾਸੀ ਹੁਸ਼ਿਆਰਪੁਰ ਜਿਨ੍ਹਾਂ ਨੇ ਲੋੜਵੰਦ ਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਲਈ ਸੈਣੀ ਭਵਨ ਵਿੱਚ 20 ਲੱਖ, 45 ਹਜ਼ਾਰ ਰੁਪਏ ਜਮ੍ਹਾਂ ਕਰਵਾਏ ਹੋਏ ਸਨ, 102 ਸਾਲ ਤੋਂ ਤਿੰਨ ਮਹੀਨੇ ਘੱਟ ਦੀ ਮਾਣਮੱਤੀ ਸਫ਼ਲ ਜ਼ਿੰਦਗੀ ਬਤੀਤ ਕਰ ਕੇ ਪਿਛਲੇ ਸਾਲ 7 ਮਈ, 2020 ਨੂੰ ਅਕਾਲ ਚਲਾਣਾ ਕਰ ਗਏ ਸਨ। ਇਨ੍ਹਾਂ ਦੀ ਪਹਿਲੀ ਬਰਸੀ ਮੌਕੇ ਸੈਣੀ ਭਵਨ ਰੂਪਨਗਰ ਦੇ ਸਮੂਹ ਪ੍ਰਬੰਧਕ ਆਪ ਨੂੰ ਸ਼ਰਧਾਂਜਲੀ ਭੇਟ ਕਰਦੇ ਹਨ।



• **ਸ਼੍ਰੀਮਤੀ ਰਾਜਿੰਦਰ ਕੌਰ** ਪਤਨੀ ਡਾ. ਰਾਜਵੰਤ ਸਿੰਘ ਵਾਸੀ ਮੋਹਾਲੀ 22 ਅਗਸਤ, 2020 ਨੂੰ ਅਕਾਲ ਚਲਾਣਾ ਕਰ ਗਏ ਹਨ। ਸ਼੍ਰੀਮਤੀ ਰਾਜਿੰਦਰ ਕੌਰ ਅਤੇ ਉਨ੍ਹਾਂ ਦੇ ਪਤੀ ਡਾ. ਰਾਜਵੰਤ ਸਿੰਘ ਨੇ ਸਮਾਜ ਦੇ ਲੋੜਵੰਦ ਤੇ ਹੁਸ਼ਿਆਰ ਵਿਦਿਆਰਥੀਆਂ ਦੀ ਆਰਥਿਕ ਮਦਦ ਕਰਨ ਲਈ ਸੈਣੀ ਭਵਨ ਪਾਸ 2-2 ਲੱਖ ਰੁਪਏ ਜਮ੍ਹਾਂ ਕਰਵਾਏ ਹੋਏ ਹਨ।



**ਨਿਰਮਲਾ ਸੈਣੀ ਦਾ ਵਿਛੋੜਾ :** ਸ. ਮਿਲਖਾ ਸਿੰਘ ਦੀ ਧਰਮ ਪਤਨੀ ਸ਼੍ਰੀਮਤੀ ਨਿਰਮਲ ਕੌਰ ਸੈਣੀ ਆਪਣੇ ਪਤੀ ਤੋਂ 5 ਦਿਨ ਪਹਿਲਾਂ, 13 ਜੂਨ, 2021 ਨੂੰ 83 ਸਾਲ ਦੀ ਉਮਰ ਭੋਗ ਕੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ ਹਨ। ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖੂਪੁਰਾ ਵਿਖੇ 10 ਅਕਤੂਬਰ 1938 ਨੂੰ ਸ਼੍ਰੀ ਮਿਹਰ ਚੰਦ ਸੈਣੀ ਦੇ ਘਰ ਜਨਮੀ ਨਿਰਮਲ ਕੌਰ ਨੇ 1958 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਰਾਜਨੀਤੀ ਸ਼ਾਸਤਰ ਵਿੱਚ ਐਮ.ਏ ਅਤੇ ਪਟਿਆਲਾ ਤੋਂ ਫੀਜ਼ੀਕਲ ਐਜੂਕੇਸ਼ਨ ਵਿੱਚ ਡਿਗਰੀ ਹਾਸਲ ਕੀਤੀ। ਉਨ੍ਹਾਂ ਦਾ ਪਰਿਵਾਰ ਦਿੱਲੀ ਵਿੱਚ ਰਹਿੰਦਾ ਸੀ। ਇਸ ਲਈ ਉਹ ਦਿੱਲੀ ਦੇ ਲੇਡੀ ਇਰਵਿਨ ਕਾਲਜ ਵਿੱਚ ਲੈਕਚਰਾਰ ਲੱਗ ਗਏ। ਉਹ ਪਹਿਲਾਂ ਪੰਜਾਬ ਦੀ ਮਹਿਲਾ ਵਾਲੀਬਾਲ ਟੀਮ ਦੇ ਅਤੇ ਬਾਅਦ ਵਿੱਚ ਭਾਰਤੀ ਟੀਮ ਦੇ ਕੈਪਟਨ ਰਹੇ। ਆਪ ਦੀ ਮੁਲਾਕਾਤ 1956 ਵਿੱਚ ਲੰਕਾ ਵਿਖੇ ਖੇਡ ਮੁਕਾਬਲਿਆਂ ਦੌਰਾਨ ਸ. ਮਿਲਖਾ ਸਿੰਘ ਨਾਲ ਹੋਈ ਅਤੇ 1963 ਵਿੱਚ ਉਨ੍ਹਾਂ ਨਾਲ ਵਿਆਹ ਕਰਵਾ ਲਿਆ। ਆਪ ਦਾ ਇੱਕ ਬੇਟਾ ਜੀਵ ਮਿਲਖਾ ਸਿੰਘ ਜੋ ਗੋਲਫ ਦਾ ਅੰਤਰਰਾਸ਼ਟਰੀ ਖਿਡਾਰੀ ਹੈ ਅਤੇ ਤਿੰਨ ਬੇਟੀਆਂ ਹਨ। ਆਪ ਪੰਜਾਬ ਦੇ ਖੇਡ ਵਿਭਾਗ ਵਿੱਚ ਡਾਇਰੈਕਟਰ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਸਨ। ਇਸ ਤੋਂ ਬਾਅਦ ਆਪ ਚੰਡੀਗੜ੍ਹ ਦੇ ਖੇਡ ਡਾਇਰੈਕਟਰ ਵੀ ਰਹੇ। ਆਪ ਨੇ ਆਪਣੇ ਪਰਿਵਾਰ ਦੀ ਪਾਲਣਾ ਬਹੁਤ ਸੁਚੱਜੇ ਢੰਗ ਨਾਲ ਕੀਤੀ। ਆਪ ਦਾ ਵਿਛੋੜਾ ਸੈਣੀ ਬਰਾਦਰੀ ਲਈ ਬਹੁਤ ਦੁੱਖਦਾਈ ਤੇ ਅਸਹਿ ਹੈ।



• **ਸ਼੍ਰੀਮਤੀ ਸੁਰਜੀਤ ਕੌਰ** ਪਤਨੀ ਸ. ਕਰਮਜੀਤ ਸਿੰਘ ਲਾਡਲ ਵਾਸੀ ਮੁਹੱਲਾ ਸ਼ੇਖਾਂ ਰੂਪਨਗਰ, 15 ਜੂਨ 2021 ਨੂੰ ਅਕਾਲ ਚਲਾਣਾ ਕਰ ਗਏ ਹਨ।

ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਇਨ੍ਹਾਂ ਪਵਿੱਤਰ ਆਤਮਾਵਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਨ। ਸਾਡੀ ਪਰਮਾਤਮਾ ਅੱਗੇ ਅਰਦਾਸ ਹੈ ਕਿ ਇਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਸਥਾਨ ਦੇਵੇ ਅਤੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਲਹੂ-ਭਿੱਜਾ ਇਤਿਹਾਸ

# ਮੌਤ ਰੇਲਵੇ (Death Railway)

ਦਲਜੀਤ ਸਿੰਘ
ਰੂਪਨਗਰ



ਇਹ ਉਸ ਰੇਲਵੇਲਾਈਨ ਦੀ ਦੁਖਦਾਈ ਤੇ ਭਿਆਨਕ ਕਹਾਣੀ ਹੈ ਜਿਸ ਨੂੰ ਬਣਾਉਣ ਵਿੱਚ ਲੱਖਾਂ ਹੀ ਕਾਮਿਆਂ ਦੀਆਂ ਜਾਨਾਂ ਗਈਆਂ ਪਰ ਇਸ ਦੀ ਵਰਤੋਂ ਸੀਮਿਤ ਸਮੇਂ ਲਈ ਹੀ ਕੀਤੀ ਗਈ। ਇਹ ਥਾਈਲੈਂਡ ਦੇ ਬੈਨ ਪੌਂਗ ਰੇਲਵੇ ਸਟੇਸ਼ਨ ਤੋਂ ਬਰਮਾ(ਮਾਇਨਮਾਰ) ਦੇ ਥਨਬਾਈਜ਼ੁਅਟ ਰੇਲਵੇ ਸਟੇਸ਼ਨ ਤੱਕ 415 ਕਿਲੋਮੀਟਰ ਲੰਮੀ ਹੈ ਜੋ ਕਿ ਜਾਪਾਨ ਨੇ 1940-1944 ਤੱਕ ਦੇ ਸਮੇਂ ਦੌਰਾਨ ਦੂਜੀ ਸੰਸਾਰ ਜੰਗ ਸਮੇਂ ਫੌਜੀ ਸਮਾਨ ਦੀ ਢੋਹ ਢੁਆਈ ਲਈ ਬਣਵਾਈ ਸੀ।

ਦੂਜੀ ਸੰਸਾਰ ਜੰਗ ਸਮੇਂ ਭਾਵੇਂ ਥਾਈਲੈਂਡ ਕਿਸੇ ਵੀ ਧਿਰ ਨਾਲ ਨਹੀਂ ਸੀ ਪਰ ਜਾਪਾਨ ਨੇ ਇਸ 'ਤੇ ਕਬਜ਼ਾ ਕਰ ਲਿਆ। ਇਸ ਲਈ ਥਾਈਲੈਂਡ ਨੂੰ ਮਜ਼ਬੂਰਨ ਜਾਪਾਨ ਦਾ ਸਾਥ ਦੇਣਾ ਪਿਆ। ਇਹ ਦੇਸ਼ ਕਿਉਂਕਿ ਬ੍ਰਿਟਿਸ਼ ਕਾਲੋਨੀ ਬਰਮਾ ਦੇ ਨਾਲ ਲਗਦਾ ਸੀ ਇਸ ਲਈ ਜਾਪਾਨੀ ਫੌਜਾਂ ਲਈ ਬਹੁਤ ਲਾਹੇਵੰਦ ਸੀ। ਜਾਪਾਨ ਨੂੰ ਇਸ ਖੇਤਰ ਦੇ ਜੰਗੀ ਮੈਦਾਨ ਤੱਕ ਸੈਨਿਕਾਂ ਅਤੇ ਜੰਗੀ ਸਾਮਾਨ ਢੋਣ ਲਈ ਮਲਾਇਆ ਵੱਲ ਦੀ ਸਮੁੰਦਰੀ ਰਸਤੇ 3200 ਕਿਲੋਮੀਟਰ ਲੰਮਾ ਸਫਰ ਤੈਅ ਕਰਨਾ ਪੈਂਦਾ ਸੀ। ਇਹ ਸਮੁੰਦਰੀ ਰਸਤਾ ਅਲਾਈਡ ਫੌਜਾਂ ਦੀਆਂ ਡੁਬਕਣੀਆਂ ਕਿਸ਼ਤੀਆਂ ਦੀ ਮਾਰ ਹੇਠ ਹੋਣ ਕਾਰਨ ਬਹੁਤ ਖਤਰੇ ਵਾਲਾ ਸੀ। ਇਸ ਲਈ ਖੁਸ਼ਕ ਰਾਸਤੇ ਲਈ ਰੇਲਵੇ ਲਾਈਨ ਦੀ ਸਖਤ ਜ਼ਰੂਰਤ ਸੀ। ਇਸ ਕੰਮ ਲਈ ਸਮਾਂ ਬਹੁਤ ਸੀਮਿਤ ਸੀ। ਜਾਪਾਨ ਨੇ ਇਹ ਕੰਮ ਕਰਨ ਲਈ ਵੱਧ ਮਜ਼ਦੂਰੀ ਅਤੇ ਪੱਕੀ ਨੌਕਰੀ ਦੇ ਝੂਠੇ ਲਾਲਚ ਦੇ ਕੇ ਏਸ਼ੀਅਨ ਮਜ਼ਦੂਰ ਭਰਤੀ ਕੀਤੇ। ਪਰ ਫਿਰ ਵੀ ਏਨੇ ਵੱਡੇ ਕੰਮ ਲਈ ਲੋੜ ਅਨੁਸਾਰ ਕਾਮੇ ਨਾ ਮਿਲੇ। ਇਸ ਲਈ ਜਾਪਾਨ ਨੇ ਜੰਗੀ ਕੈਦੀਆਂ ਦੀ ਵਰਤੋਂ ਕੀਤੀ। ਬਰਮਾ ਵਿੱਚ ਇਹ ਰੇਲਵੇ ਲਾਈਨ ਸਤੰਬਰ 1942 ਵਿੱਚ ਅਤੇ ਥਾਈਲੈਂਡ ਵਿੱਚ ਨਵੰਬਰ 'ਚ ਸ਼ੁਰੂ ਹੋਈ। ਇਸ ਵਿੱਚ 2,50000 ਦੱਖਣੀ ਪੂਰਬੀ ਏਸ਼ੀਅਨ ਅਤੇ 60000 ਅਲਾਈਡ ਦੇਸ਼ਾਂ ਦੇ ਕੈਦੀ ਫੌਜੀ ਕੰਮ ਆਏ। ਇਸ ਦਾ ਬਹੁਤਾ ਭਾਗ ਪਹਾੜੀ ਅਤੇ ਜੰਗਲੀ ਖੇਤਰ ਸੀ। ਅਤਿ ਦੀ ਗਰਮੀ ਵਿੱਚ ਇਹ ਲੱਕਤੋੜੂ ਕੰਮ ਸੀ। ਜਾਪਾਨ ਅਤੇ ਕੋਰੀਆ ਦੇ ਇੰਜਨੀਅਰਾਂ ਨੇ ਮਜ਼ਦੂਰਾਂ 'ਤੇ ਅਕਹਿ ਤਸ਼ੱਦਦ ਕੀਤਾ। ਇੱਥੇ ਸਾਫ-ਸਫਾਈ ਦਾ ਕੋਈ ਪ੍ਰਬੰਧ ਨਹੀਂ ਸੀ ਜਿਸ ਕਰ ਕੇ ਬਹੁਤ ਸਾਰੇ ਮਜ਼ਦੂਰ ਹੈਜੇ, ਤਪਦਿਕ, ਪਲੇਗ ਜਿਹੀਆਂ ਬਿਮਾਰੀਆਂ ਨਾਲ ਮਰ ਗਏ। ਕਈ ਭੁੱਖ, ਪਿਆਸ ਅਤੇ ਥਕਾਵਟ ਦਾ ਸ਼ਿਕਾਰ ਹੋ ਗਏ। ਕਾਮਿਆਂ ਨੂੰ ਬਹੁਤ ਥੋੜ੍ਹਾ ਭੋਜਨ ਦਿੱਤਾ ਜਾਂਦਾ ਸੀ। ਇਸ ਤੋਂ ਇਲਾਵਾ ਕਾਮਿਆਂ ਨਾਲ ਬਹੁਤ ਮਾੜਾ ਵਰਤਾਵ ਕੀਤਾ ਜਾਂਦਾ ਸੀ। ਇੱਕ ਅੰਦਾਜ਼ੇ ਅਨੁਸਾਰ ਇੱਕ ਲੱਖ ਤੋਂ ਵੱਧ ਮਜ਼ਦੂਰ ਰੇਲਵੇ ਲਾਈਨ ਪੂਰੀ ਹੋਣ ਤੱਕ ਮੌਤ ਦਾ ਸ਼ਿਕਾਰ ਹੋ ਗਏ ਜਿਸ ਕਰਕੇ ਇਸ ਨੂੰ ਮੌਤ ਰੇਲਵੇ ਕਿਹਾ ਜਾਂਦਾ ਹੈ।



ਇਹ ਆਮ ਕਿਹਾ ਜਾਂਦਾ ਹੈ ਕਿ ਰੇਲਵੇ ਲਾਈਨ ਦੀ ਇੱਕ ਸਲੀਪਰ ਵਿਛਾਉਣ ਬਦਲੇ ਇੱਕ ਮਜ਼ਦੂਰ ਦੀ ਜਾਨ ਗਈ।

ਇਹ ਰੇਲਵੇ ਲਾਈਨ ਥਾਈਲੈਂਡ ਦੀ ਮੁੱਖ ਰੇਲਵੇ ਲਾਈਨ ਨੂੰ ਬਰਮਾ ਰੇਲਵੇ ਨਾਲ ਜੋੜਦੀ ਸੀ। ਇਸ ਦਾ 304 ਕਿਲੋਮੀਟਰ ਭਾਗ ਥਾਈਲੈਂਡ ਵਿੱਚ ਅਤੇ 111 ਕਿਲੋਮੀਟਰ ਬਰਮਾ(ਮਾਇਨਮਾਰ) ਵਿੱਚ ਪੈਂਦਾ ਸੀ। ਜਾਪਾਨੀ ਫੌਜਾਂ ਨੇ ਇਸ ਰੇਲਵੇ ਲਾਈਨ ਰਾਹੀਂ 5 ਲੱਖ ਟੰਨ ਫੌਜੀ ਸਮਾਨ ਢੋਇਆ। ਇਸ ਰੇਲਵੇ ਲਾਈਨ ਦਾ ਸਭ ਤੋਂ ਮਹੱਤਵਪੂਰਨ ਭਾਗ ਥਾਈਲੈਂਡ ਦੇ ਕੰਚਨਬਾੜੀ ਸੂਬੇ ਵਿੱਚ ਦਰਿਆ ਕਵਾਈ 'ਤੇ ਬਣਿਆ ਪੁੱਲ ਸੀ। ਇਸ ਪੁਲ ਨੂੰ ਅਲਾਈਡ ਫੌਜਾਂ ਦੇ ਹਵਾਈ ਜਹਾਜ਼ਾਂ ਨੇ ਬੰਬ ਸੁੱਟ ਕੇ ਕਈ ਵਾਰ ਤੋੜਨ ਦੀ ਕੋਸ਼ਿਸ਼ ਕੀਤੀ ਪਰ ਇਸ ਦੀ ਤੁਰੰਤ ਮੁਰੰਮਤ ਕਰਵਾ ਲਈ ਜਾਂਦੀ ਸੀ। ਇਸ ਤੋਂ ਇਲਾਵਾ ਟੈਰਾਸੈਰਮ ਪਹਾੜੀਆਂ ਵਿੱਚ ਬਣਾਇਆ ਹੈੱਲ ਪਾਸ (ਨਰਕ ਦਰਾ) ਸਭ ਤੋਂ ਕਠਿਨ ਭਾਗ ਸੀ ਕਿਉਂਕਿ ਇਸ ਦੂਰ-ਦੁਰਾਡੇ ਇਲਾਕੇ ਵਿੱਚ ਬਹੁਤ ਲੰਮੀ ਚਟਾਨ ਨੂੰ ਕੱਟਣਾ ਪਿਆ। ਇਹ ਦਰਾ ਬਣਾਉਣ ਲਈ 12 ਹਫਤੇ ਦਾ ਸਮਾਂ ਲੱਗਾ ਜਿਸ ਦੌਰਾਨ ਜਪਾਨੀ ਗਾਰਡਾਂ ਨੇ 69 ਮਜ਼ਦੂਰ ਤਸ਼ੱਦਦ ਨਾਲ ਮਾਰ ਦਿੱਤੇ। ਕਾਮਿਆਂ ਪਾਸ ਨਾ ਤਾਂ ਵਧੀਆ ਔਜਾਰ ਸਨ ਅਤੇ ਨਾ ਹੀ ਭਾਰਾ ਸਮਾਨ ਢੋਣ ਲਈ ਮਕੈਨੀਕਲ ਸਾਧਨ ਸਨ। ਕਾਮਿਆਂ ਨੇ 18-18 ਘੰਟੇ ਕੰਮ ਕਰ ਕੇ ਇਸ ਨੂੰ ਸਿਰੇ ਲਾਇਆ। ਕਈ ਵਾਰ ਤਾਂ ਰਾਤ ਨੂੰ ਟਾਰਚਾਂ ਦੀ ਰੌਸ਼ਨੀ ਵਿੱਚ ਕੰਮ ਕੀਤਾ। ਇਸ ਕਾਰਨ ਹੀ ਇਸ ਪਾਸ ਨੂੰ ਨਰਕ ਦਰਾ ਕਿਹਾ ਜਾਂਦਾ ਹੈ। ਇੰਨੀ ਮਿਹਨਤ ਕਰਨ ਦੇ ਬਾਵਜ਼ੂਦ ਅਲਾਈਡ ਫੌਜਾਂ ਦੇ ਕੈਦੀਆਂ ਅਤੇ ਦੱਖਣੀ ਪੂਰਬੀ ਏਸ਼ੀਅਨ ਕਾਮਿਆਂ ਨੂੰ ਜਾਪਾਨੀ ਗਾਰਡਾਂ ਵਲੋਂ ਕੁੱਟ ਕੁੱਟ ਕੇ ਮਾਰ ਦਿੱਤਾ ਜਾਂਦਾ ਸੀ। ਇੰਨੀਆਂ ਕਠਿਨਾਈਆਂ ਦੇ ਹੁੰਦਿਆਂ ਇਸ ਪ੍ਰਜੈਕਟ ਨੂੰ ਸਮੇਂ ਤੋਂ ਪਹਿਲਾਂ ਪੂਰਾ ਕਰ ਦਿੱਤਾ ਗਿਆ।

ਸੰਸਾਰ ਜੰਗ ਵਿੱਚ ਜਾਪਾਨ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਜੇਤੂ ਬ੍ਰਿਟਿਸ਼ ਸਰਕਾਰ ਇਸ ਰੇਲ ਲਿੰਕ ਨੂੰ ਕਾਇਮ ਰੱਖਣ ਦੇ ਪੱਖ ਵਿੱਚ ਨਹੀਂ ਸੀ। ਇਸ ਲਈ ਬਰਮਾ ਅਤੇ ਥਾਈਲੈਂਡ ਬਾਰਡਰ ਦੁਆਲੇ ਦਾ ਚਾਰ ਕਿਲੋਮੀਟਰ ਰੇਲਵੇ ਲਾਈਨ ਦਾ ਭਾਗ ਤੁਰੰਤ ਜਾਪਾਨੀ ਫੌਜੀ ਕੈਦੀਆਂ ਤੋਂ ਤੁੜਵਾ ਦਿੱਤਾ ਗਿਆ। ਉਂਜ ਵੀ ਜੰਗ ਤੋਂ ਬਾਅਦ ਇਸ ਰੇਲਵੇ

ਬਾਕੀ ਸਫਾ 40 'ਤੇ.........

ਜੀਵਨ ਜਾਚ

## ਜੋਤਿਸ਼ - ਇੱਕ ਭਰਮ

ਡਾ. ਕੁਲਦੀਪ ਸਿੰਘ ਧੀਰ

ਸਾਡਾ ਦੇਸ਼ ਵਹਿਮਾਂ-ਭਰਮਾਂ ਤੇ ਜੋਤਿਸ਼ ਦੇ ਚੱਕਰ ਵਿੱਚ ਫਸਿਆ ਪਿਆ ਹੈ। ਆਮ ਆਦਮੀ ਤੋਂ ਲੈ ਕੇ ਰਾਜ ਨੇਤਾਵਾਂ ਤੱਕ। ਅਨਪੜ੍ਹਾਂ ਤੋਂ ਲੈ ਕੇ ਕਾਲਜਾਂ, ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਰਗ ਦਰਸ਼ਨ ਕਰਨ ਵਾਲੇ ਪ੍ਰੋਫੈਸਰਾਂ, ਪ੍ਰਿੰਸੀਪਲਾਂ ਤੱਕ। ਅਖਬਾਰਾਂ, ਰਸਾਲੇ ਤੇ ਟੀ.ਵੀ ਚੈਨਲ ਵੀ ਇਸ ਧੰਦੇ ਨੂੰ ਪੈਸਾ ਕਮਾਉਣ ਲਈ ਵਰਤ ਰਹੇ ਹਨ।

ਇਹ ਸਮਝ ਨਹੀਂ ਆਉਂਦਾ ਕਿ ਸਾਡਾ ਮੀਡੀਆ, ਪੜ੍ਹੇ-ਲਿਖੇ ਲੋਕ ਅਤੇ ਸਰਕਾਰ ਇਸ ਪ੍ਰਤਿ ਲੋਕਾਂ ਨੂੰ ਚੇਤੰਨ ਕਰਨ ਵਾਸਤੇ ਯਤਨ ਕਿਉਂ ਨਹੀਂ ਕਰਦੇ? ਕਮਾਲ ਦੀ ਗੱਲ ਇਹ ਹੈ ਕਿ ਜੋਤਿਸ਼ ਵਿੱਚ ਸਭ ਤੋਂ ਮਾੜੇ ਦੱਸੇ ਜਾਂਦੇ ਗ੍ਰਹਿਆਂ-ਰਾਹੂ ਤੇ ਕੇਤੂ ਦੀ ਕਿਸੇ ਅਸਮਾਨ ਵਿੱਚ ਹੋਂਦ ਨਹੀਂ। ਜੋਤਸ਼ੀ ਇਨ੍ਹਾਂ ਨੂੰ ਛਾਇਆ ਗ੍ਰਹਿ ਕਹਿ ਕੇ ਦਾਲ-ਫੁਲਕਾ ਤੋਰ ਰਹੇ ਹਨ। ਜ਼ਰਾ ਵੇਖੋ ਉਨ੍ਹਾਂ ਦਾ ਤਰਕ। ਧਰਤੀ ਦੁਆਲੇ ਚੰਦਰਮਾ ਪਰਕਰਮਾ ਕਰਦਾ ਹੈ। ਉਹ ਇਹ ਵੀ ਕਹਿੰਦੇ ਹਨ ਕਿ ਧਰਤੀ ਦੁਆਲੇ ਸੂਰਜ ਵੀ ਪਰਕਰਮਾ ਕਰਦਾ ਹੈ । ਉਨ੍ਹਾਂ ਅਨੁਸਾਰ ਧਰਤੀ ਦੁਆਲੇ ਚੰਦਰਮਾ ਦਾ ਪਰਕਰਮਾ ਪੱਥ, ਧਰਤੀ ਦੁਆਲੇ ਸੂਰਜ ਦੇ ਪੱਥ ਨੂੰ ਦੋ ਬਿੰਦੂਆਂ 'ਤੇ ਕੱਟਦਾ ਹੈ। ਇਨ੍ਹਾਂ ਬਿੰਦੂਆਂ ਵਿੱਚੋਂ ਇੱਕ ਨੂੰ ਉਹ ਰਾਹੂ ਕਹਿੰਦੇ ਹਨ ਅਤੇ ਦੂਜੇ ਨੂੰ ਕੇਤੂ। ਸਵਾਲ ਇਹ ਹੈ ਕਿ ਸੂਰਜ ਤਾਂ ਧਰਤੀ ਦੁਆਲੇ ਘੁੰਮਦਾ ਹੀ ਨਹੀਂ। ਇਸ ਲਈ ਇਹ ਤਰਕ ਫ਼ਜ਼ੂਲ ਆਡੰਬਰ ਬਣ ਕੇ ਰਹਿ ਜਾਂਦਾ ਹੈ। ਜਾਪਦਾ ਹੈ, ਜੋਤਸ਼ੀ ਅਸਮਾਨ ਵਿੱਚ ਤੁਰਦੇ ਪ੍ਰਤੀਤ ਹੁੰਦੇ ਸੂਰਜ ਆਸਰੇ ਹੀ ਆਪਣਾ ਕੰਮ ਚਲਾਈ ਜਾਂਦੇ ਹਨ। ਰਾਸ਼ੀਆਂ ਬਾਰੇ ਵੀ ਉਹ ਇਸ ਤਰਕ ਦਾ ਸਹਾਰਾ ਲੈਂਦੇ ਹਨ। ਜੋਤਸ਼ੀ, ਨੰਗੀ ਅੱਖ ਨਾਲ ਸੂਰਜ ਦੇ ਆਕਾਸ਼ ਵਿੱਚ ਦਿਸਦੇ ਆਭਾਸੀ ਮਾਰਗ ਨੂੰ ਹੀ ਸੱਚਾ ਮੰਨ ਕੇ ਇਸ ਦੇ ਬਾਰਾਂ ਹਿੱਸੇ ਕਰਦੇ ਹਨ ਅਤੇ ਹਰ ਹਿੱਸੇ ਨੂੰ ਰਾਸ਼ੀ ਦਾ ਨਾ ਦਿੰਦੇ ਹਨ। ਜਿਸ ਤੱਥ ਦਾ ਵਿਗਿਆਨਕ ਆਧਾਰ ਹੀ ਨਹੀਂ, ਜੋ ਸਿਰਫ਼ ਨਜ਼ਰ ਦਾ ਭੁਲੇਖਾ ਹੈ, ਉਸ ਉੱਤੇ ਹੀ ਸਾਰਾ ਜੋਤਿਸ਼ ਤੁਰੀ ਜਾਂਦਾ ਹੈ। ਇਸੇ ਆਸਰੇ ਹੀ ਮਨੁੱਖ ਦੇ ਜੀਵਨ ਦੀ ਭਵਿੱਖਬਾਣੀ ਕੀਤੀ ਜਾ ਰਹੀ ਹੈ। ਚੰਗੇ-ਮਾੜੇ ਦੀ ਭਵਿੱਖਬਾਣੀ। ਕਿਸੇ ਕੰਮ ਨੂੰ ਸ਼ੁਰੂ ਕਰਨ ਜਾਂ ਨਾ ਕਰਨ ਦੀ। ਪਿੱਛੇ ਜਿਹੇ ਭਾਰਤ ਦੇ ਇੱਕ ਜੋਤਸ਼ੀ ਨੇ ਭਿਅੰਕਰ ਭੂਚਾਲ ਦੀ ਭਵਿੱਖਬਾਣੀ ਕਰ ਦਿੱਤੀ। ਪਰ ਇਸ ਦਿਨ ਕੁੱਝ ਨਾ ਵਾਪਰਿਆ। ਇਕ ਜੋਤਸ਼ੀ ਨੇ ਆਪਣੇ ਮਰਨ ਦੇ ਦਿਨ ਤੇ ਸਥਾਨ ਦੀ ਭਵਿੱਖਬਾਣੀ ਕਰ ਦਿੱਤੀ ਪਰ ਦਿੱਤਾ ਸਮਾਂ ਲੰਘ ਗਿਆ। ਉਸ ਨੂੰ ਕੁੱਝ ਨਹੀ ਹੋਇਆ। ਉਹ ਅਚਾਰੀਆ ਸਾਰਿਆਂ ਨੂੰ ਮੂਰਖ ਬਣਾ ਕੇ ਤਿੱਤਰ ਹੋ ਗਿਆ।

ਅਸਲ ਗੱਲ ਇਹ ਹੈ ਕਿ ਜੋਤਿਸ਼ ਆਦਿ ਸੱਭਿਆਤਾਵਾਂ ਦੇ ਸੀਮਿਤ ਗਿਆਨ ਨਾਲ ਡਰ ਵਿੱਚ ਜੀਵੇ ਜਾ ਰਹੇ ਜੀਵਨ ਵਿਹਾਰ ਦੀ ਦੇਣ ਹੈ। ਪੁਰਾਤਨ ਮਿਸਰ, ਯੂਨਾਨ ਤੇ ਭਾਰਤ ਦੀਆਂ ਸੱਭਿਆਤਾਵਾਂ ਵਿੱਚ ਜੋਤਿਸ਼ ਦੇ ਮੁਢਲੇ ਬੀਜ ਹਨ। ਮੱਧ ਕਾਲ ਤੱਕ ਲੋਕ ਇਹ ਮੰਨਣ ਲੱਗੇ ਸਨ ਕਿ ਗ੍ਰਹਿਆਂ ਦੀਆਂ ਗਤੀਆਂ/ਸਥਿਤੀਆਂ ਦਾ ਧਰਤੀ ਉੱਤਲੇ ਲੋਕਾਂ 'ਤੇ ਇੱਥੇ ਵਾਪਰਦੇ ਵਰਤਾਰਿਆਂ ਨਾਲ ਨੇੜਲਾ ਸਬੰਧ ਹੈ। ਪੁਲਾੜ ਤੇ ਬ੍ਰਹਿਮੰਡ ਨਾਲ ਜੁੜੀਆਂ ਖੋਜਾਂ ਤੇ ਪ੍ਰਯੋਗਾਂ ਨੇ ਹੁਣ ਸਪਸ਼ਟ ਕਰ ਦਿੱਤਾ ਹੈ ਕਿ ਧਰਤੀ, ਚੰਦ ਤੇ ਹੋਰ ਗ੍ਰਹਿ/ਉਪਗ੍ਰਹਿ ਸਾਰੇ ਹੀ ਗਣਿਤ ਤੇ ਵਿਗਿਆਨ ਦੁਆਰਾ ਨਿਸ਼ਚਿਤ ਪਰਕਰਮਾਂ ਪੱਥਾਂ 'ਤੇ ਚੱਲ ਰਹੇ ਹਨ। ਸੂਰਜ ਧਰਤੀ ਦੁਆਲੇ ਪਰਕਰਮਾ ਤਾਂ ਨਹੀਂ ਕਰਦਾ ਪਰ ਇਹ ਆਪਣੀ ਅਕਾਸ਼ ਗੰਗਾ ਦੇ ਕੇਂਦਰ ਦੁਆਲੇ ਘੁੰਮ ਰਿਹਾ ਹੈ। ਸਾਰਾ ਬ੍ਰਹਿਮੰਡ ਗਤੀਸ਼ੀਲ ਹੈ।

ਬਾਬਾ ਨਾਨਕ ਦੇ ਬੋਲ ਹਨ-

'ਭੈ ਵਿੱਚ ਸੂਰਜ ਭੈ ਵਿਚ ਚੰਦ।
ਕੋਹ ਕਰੋੜੀ ਚਲਤ ਨਾ ਅੰਤ'।।

ਭਾਵ ਕਿ ਸਭ ਕੁੱਝ ਇੱਕ ਨੇਮ ਵਿਧਾਨ ਵਿੱਚ ਗਤੀਮਾਨ ਹੈ। ਇਨ੍ਹਾਂ ਗਤੀਆਂ ਦਾ ਸਾਡੇ ਜੀਵਨ ਚੱਕਰ, ਵਰਤਮਾਨ ਤੇ ਭਵਿੱਖ ਨੂੰ ਪ੍ਰਭਾਵਿਤ ਕਰਨ ਦਾ ਕਿਤੇ ਕੋਈ ਜ਼ਿਕਰ ਨਹੀ ਹੈ।

ਜੋਤਿਸ਼ ਦੀ ਸੱਚਾਈ ਜਾਣਨ ਲਈ ਕਈ ਅਧਿਐਨ ਹੋਏ ਹਨ। ਸੂਰਜ, ਚੰਦ, ਰਾਹੂ, ਕੇਤੂ ਦੀ ਇੱਕੋ ਸਥਿਤੀ ਵਿੱਚ ਜੰਮੇ ਜੌੜੇ ਬੱਚਿਆਂ ਦੇ ਵੱਡੇ ਪੱਧਰ 'ਤੇ ਕੀਤੇ ਅਧਿਐਨ ਜੋਤਿਸ਼ ਦੀ ਸਚਾਈ ਨੂੰ ਸ਼ੱਕ ਦੇ ਘੇਰੇ ਵਿੱਚ ਲਿਆਉਂਦੇ ਹਨ। ਸੰਨ 1975 ਵਿੱਚ 186 ਪ੍ਰਮੁੱਖ ਵਿਗਿਆਨੀਆਂ ਨੇ ਇਕ ਸਰਵੇਖਣ ਵਿੱਚ ਵੀ ਜੋਤਿਸ਼ ਦੀਆਂ ਭਵਿਖਬਾਣੀਆਂ ਨੂੰ ਗਲਤ ਸਿੱਧ ਕੀਤਾ ਸੀ। ਸੰਨ 1973 ਵਿੱਚ ਮਨੋਵਿਗਿਆਨਕ ਖੋਜੀ ਐਲਨ ਵਾਘਨ ਨੇ ਜੋਤਿਸ਼ ਨੂੰ ਤੁੱਕੇਬਾਜ਼ੀ ਸਿੱਧ ਕੀਤਾ ਸੀ। ਸੰਨ 1927 ਵਿੱਚ ਜੋਤਸ਼ੀਆਂ ਨੂੰ ਇੱਕ ਹਜ਼ਾਰ ਡਾਲਰ ਦਾ ਇਨਾਮ ਦੇਣ ਲਈ ਇਹ ਸ਼ਰਤ ਰੱਖੀ ਗਈ ਕਿ ਉਹ ਤਿੰਨ ਬੰਦਿਆਂ ਦੀ ਜਨਮ ਪੱਤਰੀ ਦੇ ਅਧਾਰ 'ਤੇ ਉਨ੍ਹਾਂ ਦਾ ਸੁਭਾ, ਕਿਸਮਤ ਅਤੇ ਭੂਤਕਾਲ ਬਾਰੇ ਸਹੀ ਭਵਿੱਖਬਾਣੀ ਕਰਨ। ਹਜ਼ਾਰਾਂ ਜੋਤਸ਼ੀਆਂ ਤੋਂ ਪ੍ਰਾਪਤ ਉੱਤਰਾਂ ਵਿੱਚ ਕੋਈ ਵੀ ਪੂਰੀ ਤਰ੍ਹਾਂ ਠੀਕ ਨਹੀਂ ਸੀ। ਪ੍ਰਾਪਤ ਵੇਰਵੇ ਇੱਕ ਦੂਜੇ ਦੇ ਉਲਟ ਅਤੇ ਪਰਸਪਰ ਵਿਰੋਧੀ ਸਨ। ਕੋਈ ਵੀ ਜੋਤਸ਼ੀ ਇਨਾਮ ਨਾ ਜਿੱਤ ਸਕਿਆ। ਮਨੋਵਿਗਿਆਨੀ ਫਰਾਇਡ ਨੇ ਆਪਣੇ ਇੱਕ ਮਰੀਜ਼ ਦੇ ਮਰਨ ਬਾਰੇ ਭਵਿੱਖਬਾਣੀ ਗਲਤ ਸਿੱਧ ਹੋ ਜਾਣ 'ਤੇ ਕਿਹਾ ਸੀ ਕਿ ਇੱਕੋ ਸਮੇਂ ਦੁਨੀਆਂ ਵਿੱਚ ਅਨੇਕਾਂ ਹੀ ਲੋਕ ਜੰਮਦੇ ਹਨ। ਹਰ ਇੱਕ ਦਾ ਜੀਵਨ ਅਤੇ ਹਾਲ ਵੱਖਰਾ ਹੈ। ਕੋਈ ਵੀ ਇੱਕ ਜਨਮ ਪੱਤਰੀ ਇਨ੍ਹਾਂ ਬੰਦਿਆਂ ਦੇ ਵੇਰਵੇ ਨਹੀਂ ਦੇ ਸਕਦੀ। ਇਨ੍ਹਾਂ ਅਧਿਐਨਾਂ ਅਤੇ ਖੋਜਾਂ ਤੋਂ ਇਹ ਸਿੱਧ ਹੋਇਆ ਕਿ ਜੋਤਿਸ਼ ਦੀਆਂ ਭਵਿੱਖਬਾਣੀਆਂ ਦੀ ਸੱਚਾਈ ਦੀ

ਬਾਕੀ ਸਫਾ 34 'ਤੇ ........



## Remembering The Good Samaritan - Late ShriL.R. Mundra

Baldev Singh Mundra
Mumbai

About three years ago, Respected Shri Lekh Raj Mundra left for his heavenly abode, leaving his indelible footprints for spreading education in the community along with a sincere commitment for the noble cause. His recent death anniversary reminded me of an incident occurring in 2014/15, regarding his sincere resolve to achieve those goals and his deep understanding of how to motivate and channelize the minds of ordinary people in matters of philanthropy, which is necessary for the development of the community in particular and the society at large.

I am based in Mumbai and periodically visit my village in Ropar. I had been intermittently collaborating in the activities of Apna Ghar and Saini Charitable Education Trust with Respected L.R.Mundra Sahib. One morning I got a call from Respected Mundra-jee who narrated that an elderly lady had approached him seeking financial support of Rs five lakhs for the education of her son, who had completed his MBBS degree meritoriously and who had now got a rare opportunity with an institution of repute, for further specialisation. She had further stated that none of her relativeswere in a position to support her and she has knocked on Mundrajee'sdoor as the Saini-Bhawan Trustee.

Mundrajee shared that the lady was indeed in dire financial distress and that he also had to arrange for funding the fare for her return journey back to home. He further shared that he had been keenly deliberating how to help the lady in this matter as the education fund from Saini-Bhawan had already been disbursedand thus lay exhausted for the year. He informed that he had a sum of Rs fifty thousand kept aside for some personal expenses which expenses he was inclined to sacrifice for this better cause. He could grant that sum,if I (the author)could commit a similar figure whereby one-fifth amount would become available and which he considered sufficient to invigorate and inspire the other Trustees to complete the project and mobilise the balance funds. His sincere, honest and self-less request was imposing and there was no scope for any hesitation on my part. Mundra sahib's confidence in his fellow Trustees and community members was also awe-inspiring. As envisaged by him, every Trustee came forward working with enthusiasm to reach the magic goal of Rs Five lakhs which had appeared impossible at the start, being so sudden and beyond the routine budgets .



Subsequently, one of the Saini-Bhawan executives verified the credentials and procedural requirements directly with the Institute's Admission authorities, and then disbursed the funds in the form of fees straight to the Institute in Ludhiana. In due course, the deserving gentleman gathered his specialisation and was now better endowed to serve humanity.

The above incident is a fine example of Mundra-jee's undeterred commitment to support the cause of education of the meritorious who might otherwise be financially challenged. It also demonstrated his understanding of harnessing the positive inclination and even zeal of ordinary people to help their deserving brethren wherever possible. We respectfully remember Late Shri Lekh Raj Mundra to sustain the beacon of philanthropy in our community and to promote meritocracy even while routinely serving humanity.

We are happy that Mundra-Sahib's philosophy is largely fostered and imbued within the present Saini-Bhawan organisation that continues to follow those noble principles and thereby keeps Lekh Raj Mundra-jee, alive amongst us.

ਪ੍ਰਕ੍ਰਿਤਕ ਅਤੇ ਮਾਨਵੀ ਸੁਹਜ ਦਾ ਸੁਮੇਲ

# ਨਿਆਗਰਾ ਫਾਲਜ਼

ਡਾ. ਕੁਲਵੰਤ ਕੌਰ
ਪਟਿਆਲਾ



ਦੁਨੀਆਂ ਦੀ ਵਿਖਿਆਤ ਹਨੀਮੂਨ ਨਗਰੀ। ਸੰਸਾਰ ਦੇ ਸੱਤ ਕੁਦਰਤੀ ਅਜੂਬਿਆਂ 'ਚੋਂ ਇੱਕ ਅਜੂਬਾ। ਧੂਹਾਂ ਪਾਉਂਦੇ ਮੀਨਾਰਾਂ, ਸਕਾਈਲੋਨਾ, ਕਲਾ ਭਵਨ, ਦਿਉ ਕੱਦ ਹੋਟਲਾਂ, ਰੈਸਤੋਰਾਂ, ਥੀਏਟਰਾਂ, ਅਜਾਇਬ ਘਰਾਂ, ਰਿਵਾਲਵਿੰਗ ਰਸੋਈ ਘਰਾਂ ਅਤੇ ਆਰਾਮ ਘਰਾਂ ਦੀ ਨਗਰੀ। ਪ੍ਰਕ੍ਰਿਤਕ ਸੁਹਜ ਦੀ ਮੂੰਹ ਬੋਲਦੀ ਤਸਵੀਰ। ਮਾਨਵੀ ਸੁਹਜ ਦਾ ਇੱਕ ਨਾਯਾਬ ਨਮੂਨਾ। ਕੁਦਰਤੀ ਸੁਹੱਪਣ ਅਤੇ ਇਲਾਹੀ ਸੁੰਦਰਤਾ ਦਾ ਕ੍ਰਿਸ਼ਮਾ। ਰੰਗੀਨ ਪ੍ਰਕ੍ਰਿਤੀ ਦਾ ਜਿਉਂਦਾ ਜਾਗਦਾ ਪ੍ਰਮਾਣ- ਇਹੀ ਹੈ ਨਿਆਗਰਾ ਦਰਿਆ 'ਤੇ ਬਣੇ ਯਾਦਗਾਰੀ ਤੇ ਅਭੁੱਲ ਨਿਆਗਰਾ ਫਾਲਜ਼। ਨਿਊਯਾਰਕ ਦੇ ਬੁਫਾਲੋ ਤੋਂ 27 ਕਿਲੋਮੀਟਰ ਉੱਤਰ-ਪੱਛਮ ਵੱਲ ਅਤੇ ਟੋਰਾਂਟੋ ਦੇ ਦੱਖਣ-ਪੂਰਬ ਵਿਚ 121 ਕਿਲੋਮੀਟਰ ਦੂਰ ਦੋ ਵਿਸ਼ਾਲ ਦੇਸ਼ਾਂ ਦੀ ਸਰਹੱਦ ਨਿਖੇੜਦਾ, ਸਮੇਟਦਾ, ਵੱਖਰਿਆਉਂਦਾ ਨਿਆਗਰਾ ਫਾਲਜ਼। ਯਾਦ-ਪੱਟੀ ਤੇ ਸਦੀਵੀ ਉਕਰਿਆ ਨਿਆਗਰਾ ਫਾਲਜ਼। ਨਿਊਯਾਰਕ ਵਲੋਂ ਆਵੋ ਜਾਂ ਟਰਾਂਟੋ ਵਲੋਂ, ਚੋਗਿਰਦੇ ਦੀ ਸੁੰਦਰਤਾ ਮਾਣਦਾ ਦੋਵੀਂ ਪਾਸੀਂ ਅਨੰਤ ਐਨਟੈਰੀਉ ਝੀਲ ਦਾ ਨੀਲੋਤਣੀ ਨਜ਼ਾਰਾ ਨਿਹਾਰਦਾ ਤੇ ਉੱਚੇ ਲੰਮੇ ਮੈਪਲ ਰੁੱਖਾਂ ਵਿੱਚੀਂ ਗੁਜ਼ਰਦਾ ਸੈਲਾਨੀ ਉਸ ਰੋਮਾਂਚਿਕ ਦ੍ਰਿਸ਼ ਦੇ ਰੂਬਰੂ ਹੋਣ ਲਈ ਕਾਹਲਾ ਪੈਂਦੇ ਜੋ ਦੇਸੀਆਂ/ਵਿਦੇਸ਼ੀਆਂ ਸਭ ਲਈ ਇੱਕੋ ਜਿਹਾ ਖਿੱਚਦਾਇਕ ਹੈ। ਅਮਰੀਕਨ ਪਾਸਿਉਂ ਆਉਂਦੇ ਹੋਏ ਵਿਦੇਸ਼ੀ, ਕਸਟਮ ਅਤੇ ਇਮੀਗਰੇਸ਼ਨ ਦੀਆਂ ਰਸਮਾਂ ਮੁਕਾ ਕੇ ਝੱਬ ਦੇ ਕੇ ਇਸ ਅਲੋਕਾਰੇ ਸੀਨ ਵਿੱਚ ਖੁੱਭ ਜਾਣਾ ਲੋਚਣ ਪ੍ਰੰਤੂ ਉਨ੍ਹਾਂ ਲਈ ਵੀ ਮੰਜ਼ਲ ਐਨੀ ਕਰੀਬ ਨਹੀਂ ਜਿੰਨੀ ਵੇਖਣ ਵਿੱਚ ਜਾਪਦੀ ਹੈ। ਇੱਕ ਲੰਮਾ ਸਫਰ ਤੈਅ ਕਰ ਕਰਨ ਉਪਰੰਤ ਹੀ ਉਹ ਨਿਆਗਰਾ ਫਾਲਜ਼ ਦੀ ਅਸਲ ਖੂਬਸੂਰਤੀ ਮਾਣ ਸਕਣ ਦੇ ਸਮਰੱਥ ਹੁੰਦੇ ਹਨ ਤੇ ਟਰਾਂਟੋ-ਹਮਿਲਟਨ ਤੋਂ ਨਿਆਗਰਾ ਫਾਲਜ਼ ਤੋਂ ਨਿਆਗਰਾ ਸ਼ਹਿਰ ਆਉਂਦਿਆਂ ਭਾਵੇਂ ਘੰਟੇ ਕੁ ਦਾ ਹੀ ਸਫਰ ਹੈ ਪ੍ਰੰਤੂ ਪਾਰਕਿੰਗ ਦੀ ਮਹਾਂ ਸਮੱਸਿਆ ਕਈ ਘੰਟੇ ਖਾ ਜਾਂਦੀ ਹੈ। ਫਾਲਜ਼ ਤੋਂ ਮੀਲਾਂ ਦੂਰ ਬਣੇ ਵੱਡੇ ਵੱਡੇ ਪਾਰਕਿੰਗ ਲਾਟ ਵਿੱਚੋਂ ਨਿਕਲ ਕੇ ਡਬਲ ਡੈਕਰਾਂ ਜਾਂ ਪੀਪਲਜ਼ ਮੂਵਰਾਂ ਰਾਹੀਂ ਅਸਲ ਸਥਲ ਤੇ ਪੁੱਜਦਿਆਂ ਚੋਖਾ ਸਮਾਂ ਲੰਘ ਜਾਂਦਾ ਹੈ, ਕਿਉਂਕਿ ਸਾਰਾ ਕਾਫਲਾ ਵਿਧਾਨ, ਸਹਿਜਤਾ, ਧੀਰਜ ਤੇ ਭਾਜੜਰਹਿਤ ਤੁਰਦਾ ਹੈ। ਇਸ ਲਾਸਾਨੀ ਸੀਨ ਨੂੰ ਵੇਖਣ, ਮਾਣਨ ਅਤੇ ਜਾਣਨ ਦੇ ਸ਼ੌਕੀਨ ਧੜਕਦੇ ਦਿਲਾਂ ਨਾਲ ਛੇਤੀਂ ਹੀ ਇਸ ਦੇ ਸਨਮੁਖ ਆ ਖੜ੍ਹੋਂਦੇ ਹਨ- ਮੰਤਰ ਮੁਗਧ, ਖਾਮੋਸ਼, ਚੇਤਨਾਪੂਰਨ।

ਯੁਗੋ ਯੁੱਗ ਅਟੱਲ, ਅਡੋਲ, ਅਰੋਕ, ਅਸੀਮ ਅਤੇ ਅਨੰਤ ਨਿਆਗਰਾ ਫ਼ਾਲਜ਼। ਬਰਫ਼ਾਨੀ ਝੱਗ ਉਛਾਲਦਾ। ਰੂੰਦਾਰ ਪਰਬਤ ਉਸਾਰਦਾ। ਗੜਗੱਜਾਂ ਪਾਉਂਦਾ, ਸ਼ੋਰ ਮਚਾਉਂਦਾ ਤੇ ਸਭ ਨੂੰ ਹਲਸਾਉਂਦਾ ਨਿਆਗਰਾ ਫ਼ਾਲਜ਼। ਇੱਕ ਸੌ ਛਿਅਤਰ ਮੀਟਰ ( 176 ਮੀਟਰ) ਉਚਾਈ ਅਰਥਾਤ ਲਗਭਗ ਛੇ ਸੌ ਫੁੱਟ ਉਚਾਈ ਤੋਂ ਹੇਠਾਂ ਡਿਗਦਾ ਅਥਾਹ ਸਾਫ਼ ਸ਼ਫ਼ਾਫ਼ ਪਾਣੀ। ਪੂਰੀ ਦੁਨੀਆਂ ਵਿੱਚ ਸੁਪ੍ਰਸਿੱਧ ਨਿਆਗਰਾ ਫ਼ਾਲਜ਼। ਸਿਲਸਿਲਾ ਫਿਲਮ ਵਾਂਗ ਸਲੀਕੇਦਾਰ ਫੁੱਲਾਂ ਬੂਟਿਆਂ ਤੇ ਲੈਂਡ ਸਕੇਪਿੰਗ ਦਾ ਇੱਕ ਮਨਮੋਹਕ ਨਜ਼ਾਰਾ ਪੇਸ਼ ਕਰਦਾ ਇਸ ਦਾ ਪ੍ਰਵੇਸ਼ ਦੁਆਰ। ਸਫ਼ੈਦ, ਹਰਿਆਵਲੀ ਤੇ ਨੀਲੋਤਣ ਭਾਅ ਮਾਰਦਾ ਇਸ ਦਾ ਤੂਫਾਨੀ ਪਾਣੀ। ਇੱਕ ਵਿਸ਼ਾਲ ਦੁਧ ਗੰਗਾਂ ਸਿਰਜਦਾ ਨਿਆਗਰਾ ਫ਼ਾਲਜ਼। ਇਤਿਹਾਸ, ਭੂਗੋਲ ਵਿੱਚ ਇਸ ਦਾ ਅਨੇਕ ਵਾਰ ਜ਼ਿਕਰ ਪੜ੍ਹਨ ਦੇ ਬਾਵਜੂਦ ਮਨੁੱਖੀ ਸੂਝ ਇਸ ਦੇ ਸਾਖਿਆਤ ਦ੍ਰਿਸ਼ ਤੋਂ ਚਕਾਚੌਂਧ ਹੋ ਜਾਂਦੀ ਹੈ ਕਿਉਂਕਿ ਪ੍ਰਕ੍ਰਿਤਕ ਸੁੰਦਰਤਾ ਦੇ ਨਾਲ ਰਲਗੱਡ ਹੋਇਆ ਮਨੁੱਖੀ ਸੁਹਜ ਇਸ ਨੂੰ ਵਾਕਈ ਕੋਈ ਅਜਿਹਾ ਦੈਵੀ ਨਜ਼ਾਰਾ ਬਣਾ ਦਿੰਦਾ ਹੈ ਜਿਸ ਨੂੰ ਵੇਖ ਵੇਖ, ਮਾਣ ਮਾਣ ਨਾ ਅੱਖਾਂ ਰੱਜਦੀਆਂ ਹਨ ਤੇ ਨਾ ਹੀ ਰੂਹ। ਇਸ ਦੇ ਅਨੰਤ ਪਾਣੀਆਂ ਦਾ ਸੰਗੀਤਕ ਸ਼ੋਰ ਹਮੇਸ਼ਾਂ ਲਈ ਮਨ-ਮਸਤਕ ਵਿੱਚ ਰਚ ਮਿਚ ਜਾਂਦਾ ਹੈ। ਸਦੀਵੀ ਤਰੋਤਾਜ਼ਾ। ਹਮੇਸ਼ਾਂ ਸਜਿੰਦ। ਅਸਲ ਕੈਨੇਡਾ ਦੀ ਇੱਥੇ ਪੂਰੀ ਸੂਰੀ ਝਲਕ। ਵਿਭਿੰਨ ਕੌਮਾਂ, ਰੰਗਾਂ, ਨਸਲਾਂ, ਰੂਪਾਂ, ਪੁਸ਼ਾਕਾਂ, ਬੋਲੀਆਂ, ਸ਼ਕਲਾਂ-ਸੂਰਤਾਂ, ਚਿਹਰਿਆਂ-ਮੁਹਰਿਆਂ,ਵਿਚਾਰਾਂ-ਸੱਭਿਆਚਾਰਾਂਦਾ ਸੁਮੇਲ। ਵਿਕਲੋਤਰੇ ਅਹਿਸਾਸਾਂ ਦਾ ਉਦਾਹਰਣ। ਨਿਵੇਕਲੀਆਂ ਭਾਵਨਾਵਾਂ ਦਾ ਸਮਿਸ਼ਰਨ। ਸਭ ਦੇ ਸਭ ਦੀਵਾਨੇ ਝੱਲੇ ਬਣੇ ਇਸ ਨੂੰ ਮੁੱਠੀ ਵਿੱਚ ਸਮੇਟ ਲੈਣਾ ਚਾਹੁੰਦੇ। ਕਲਿੱਕ ਕਲਿੱਕ ਕਰਦੇ ਕੈਮਰੇ। ਆਪਸ 'ਚ ਚੁੰਮ ਚੁੰਮ ਆਂਤਰਿਕ ਖੁਸ਼ੀ ਪ੍ਰਗਟਾਉਂਦੇ ਪ੍ਰੇਮੀ ਜੋੜੇ। ਨਿੱਘੀਆਂ ਜੱਫੀਆਂ ਵਿੱਚ ਬੱਝਦੇ ਇਸ ਦੇ ਸ਼ੁਦਾਈ। ਮੁੜ ਮੁੜ ਤੱਕਦੇ, ਤੱਕੀ ਜਾਂਦੇ ਪ੍ਰੇਮੀ। ਹਰ ਪਲ ਦਾ ਲਾਹਾ ਲੈ ਰਹੇ ਸੈਲਾਨੀ।

ਕਨੇਡੀਅਨ ਸਰਕਾਰ ਨੇ ਇਸ ਅਜੂਬੇ ਦੇ ਧੁਰ ਦੀਦਾਰਿਆਂ ਲਈ ਬੇਸ਼ੁਮਾਰ ਪ੍ਰਬੰਧ ਕੀਤੇ ਹਨ। ਕੋਈ ਕਸਰ ਨਹੀਂ ਛੱਡੀ। ਕੋਈ ਢੰਗ ਤਰੀਕਾ ਬਾਕੀ ਨਹੀਂ ਛੱਡਿਆ ਜੋ ਇਸ ਦੇ ਮਾਣ ਸਕਣ ਲਈ ਹੋਰ ਸੰਭਵ ਹੋ ਸਕਦਾ ਸੀ। ਇਸ ਨੂੰ ਤੱਕਣ ਮਾਣਨ ਲਈ ਜਿੱਥੇ ਗਗਨ ਛੂੰਹਦੇ ਹੋਟਲ ਉਸਾਰੇ ਉੱਥੇ ਸਕਾਈਲੋਨਾਂ, ਮੀਨਾਰਾਂ, ਘੁੰਮਦੇ ਰੈਸਤੋਰਾਂ। ਹਜ਼ਾਰਾਂ ਫੁੱਟ ਉੱਚੀ ਰਸੋਈ, ਕਲੱਬ, ਪੱਬ, ਬੱਚਿਆਂ ਲਈ ਉਪਰ ਜਾਂਦੀ ਟਰੈਮ ਅਤੇ ਹੋਰ ਬਹੁਤ ਕੁੱਝ। ਫ਼ਾਲਜ਼ ਨੂੰ ਐਨ ਕਰੀਬ ਤੋਂ ਮਾਣਨ ਲਈ ਹੈਲੀਕਾਪਟਰ ਸੇਵਾਵਾਂ ਉਪਲਬਧ ਹਨ ਜੋ ਚੰਗਾ ਚੋਖਾ ਭਾੜਾ ਲੈ ਕੇ ਸੈਲਾਨੀ ਨੂੰ ਐਨ ਉਸ ਮੁਕਾਮ ਦੇ ਰੂਬਰੂ ਕਰ ਦੇਣ ਜਿੱਥੋਂ ਗੜਗੱਜਾਂ ਪਾਉਂਦਾ ਪਾਣੀ ਹੇਠਾਂ ਲਪਕਦਾ

ਹੈ। ਮੇਡ ਆਫ ਦਾ ਮਿਸਟ ਅਰਥਾਤ ਸਮੁੰਦਰੀ ਜਹਾਜ਼-ਨੁਮਾ ਡੈਕਾਂ ਵਾਲੇ ਬੇੜੇ ਇਸ ਦੇ ਸ਼ੌਕੀਨਾਂ ਨੂੰ ਹੇਠਾਂ ਉਸ ਥਾਂ ਕੋਲ ਲਿਜਾ ਖਲ੍ਹਾਰਦੇ ਹਨ ਜਿੱਥੇ ਉੱਛਲਦਾ ਤੇ ਦੁੱਧਨੁਮਾ ਸਾਫ਼ ਪਾਣੀ ਰੂੰ ਦੇ ਪਹਾੜ ਉਸਾਰਦਾ ਬੜਾ ਉੱਤੇਜਿਤ ਦ੍ਰਿਸ਼ ਸਾਕਾਰ ਕਰਦਾ ਹੈ। ਕਈ ਉਤਸ਼ਾਹੀ ਮੌਤ ਨਾਲ ਦਸਤ ਪੰਜਾ ਲੈਂਦੇ ਸੈਕੜੇ ਫੁੱਟ ਡੂੰਘੇ ਸਥਲ ਤੇ ਡਿਗ ਕੇ ਕੁੱਝ ਨਵਾਂ ਕਰ ਗੁਜ਼ਰਨ ਦੀ ਵਾਹ ਲਾਉਂਦੇ ਸਦੀਵੀ ਤੌਰ ਤੇ ਅਲੋਪ ਹੋ ਜਾਂਦੇ ਹਨ ਪਰ ਅਗਲਿਆਂ ਵਿੱਚ ਫਿਰ ਵੀ ਸਹੀ ਸਲਾਮਤ ਹੇਠਾਂ ਡਿਗਣ ਦੀ ਹੋੜ। ਭਾਰੀ ਚਟਾਨਾਂ, ਬੇਸ਼ੁਮਾਰ ਪਾਣੀ, ਨੁਕੀਲੇ ਪੱਥਰ ਤੇ ਮਸਨੂਈ ਤੌਰ ਤੇ ਬਣਾਇਆ ਜ਼ਬਰਦਸਤ ਪ੍ਰਵਾਹ ਵਿਅਕਤੀ ਦਾ ਡਿਗਦੇ ਸਾਰ ਖੁਰਾ ਖੋਜ ਮਿਟਾ ਦਿੰਦਾ ਹੈ।

ਨਿਆਗਰਾ ਫ਼ਾਲਜ਼ ਆਬਸ਼ਾਰਾਂ ਨੂੰ ਹੋਰ ਨੇੜਿਉਂ ਮਾਣਨ ਦੇ ਇਰਾਦੇ ਨਾਲ ਤੇ ਇਸ ਟੂਰਿਸਟ ਸਨਅਤ ਤੋਂ ਵੱਧ ਲਾਭ ਲੈਣ ਦੇ ਮਨੋਰਥ ਨਾਲ ਇਸ ਨੂੰ ਵਿਭਿੰਨ ਦਿਸ਼ਾਈ ਸੁਰੰਗਾਂ ਨਾਲ ਡਿਗਣ ਸਥਲ ਦੇ ਨਾਲ ਜੋੜਿਆ ਹੋਇਆ ਹੈ। ਇਹ 125 ਮੀਟਰ ਡੂੰਘਾ ਥਾਂ ਹੈ ਜਿੱਥੇ ਪਹੁੰਚਣ ਲਈ ਘੰਟਿਆਂ ਬੱਧੀ ਵਾਰੀ ਉਡੀਕਣੀ ਪੈਂਦੀ ਹੈ। ਛੇ-ਸੱਤ ਡਾਲਰ ਦੀ ਟਿਕਟ ਖ਼ਰੀਦ ਕੇ ਤੇ ਪਾਣੀ ਦੇ ਬਚਾਓ ਲਈ ਮੁਫਤ ਮਿਲਦੇ ਰੇਨ ਕੋਟ ਲੈ ਕੇ ਲੰਮੀਆਂ ਕਤਾਰਾਂ ਵਿੱਚ ਤੁਰਦਿਆਂ ਸੁਰੰਗੀ ਰਾਹਾਂ ਤੋਂ ਜਾਈਦਾ ਹੈ। ਪਾਣੀ ਦਾ ਆਪ ਮੱਤਾ ਵਹਾਉ ਤੇ ਫੁਹਾਰਾਂ ਹਰ ਸੈਲਾਨੀ ਨੂੰ ਗਹਿਗੱਚ ਕਰ ਦਿੰਦੀਆਂ ਹਨ। ਰੇਨ ਕੋਟ ਦੇ ਹੁੰਦਿਆਂ ਸੁੰਦਿਆਂ ਵੀ ਜੁੱਤੀ, ਪੱਗ, ਪਰਸ ਤੇ ਕਈ ਕੁੱਝ ਹੋਰ ਨਿਚੋੜਨ ਵਾਲਾ ਹੋ ਜਾਂਦਾ ਹੈ ਪਰ ਝਾਕੀ ਬੇਹੱਦ ਸੁਹਣੀ। ਤਿੰਨ ਚਾਰ ਸੁਰੰਗਾਂ ਇਹੋ ਜਿਹਾ ਸੀਨ ਪੇਸ਼ ਕਰਦੀਆਂ ਹਨ ਜੋ ਤੀਹ ਚਾਲੀ ਦੇ ਕੋਣ ਨਾਲ ਵੱਖ ਹੁੰਦਾ ਹੈ। ਬੱਚੇ ਨੱਚਦੇ ਹਨ। ਟੱਪਦੇ ਹਨ। ਭੱਜਦੇ ਹਨ। ਰੇਨ ਕੋਟ ਲਾਹ ਕੇ ਭਿੱਜਣਾ ਚਾਹੁਣ। ਹਿੱਲਣ ਦਾ ਨਾਂ ਨਹੀਂ ਲੈਂਦੇ ਪਰ ਛੇਤੀਂ ਹੀ ਕੰਬਣੀ ਦਾ ਆਲਮ।

ਲੇਕ ਏਰੀ ਨੂੰ ਲੇਕ ਐਨਟੈਰਿਉ ਨਾਲ ਜੋੜ ਕੇ ਅਮਰੀਕਾ ਤੇ ਕਨੇਡਾ ਨੂੰ ਬਸੀਮਾ ਪ੍ਰਦਾਨ ਕਰਦਾ ਨਿਆਗਰਾ ਝਰਨਾ, ਗੋਟ ਜਜ਼ੀਰੇ ਰਾਹੀਂ, ਇਸ ਨੂੰ ਸਮੁੰਦਰ ਨਾਲ ਮਿਲਾਉਣ ਦਾ ਪੁੰਨ ਖੱਟਦਾ ਹੈ। ਦੋ ਦੋ ਸੌ ਫੁੱਟ ਲੰਮੇ ਫ਼ਾਲਜ਼ ਇਸ ਦੇ ਪੂਰਬੀ ਕੰਢੇ 'ਤੇ ਸਥਿਤ ਹਨ,ਜਦੋਂ ਕਿ ਕਨੇਡੀਅਨ ਪਾਸੇ ਫ਼ਾਲਜ਼ (ਹੌਰਸ ਸ਼ੂਅ ਫ਼ਾਲਜ਼) ਇਸ ਤੋਂ ਕਿਤੇ ਵੱਧ ਥਾਂ ਤੇ ਫੈਲੇ ਵਧੇਰੇ ਆਕਰਸ਼ਕ ਲਗਦੇ ਹਨ। ਕਦੇ ਕਲਿਫਟਨ ਫ਼ਾਲਜ਼ ਵਜੋਂ ਜਾਣੇ ਜਾਂਦੇ ਨਿਆਗਰਾ ਫ਼ਾਲਜ਼ ਨਾਲ ਨਿਊਯਾਰਕ ਤਿੰਨ ਪੁਲਾਂ ਰਾਹੀਂ ਜੁੜਿਆ ਹੋਇਆ ਹੈ। ਅਮਰੀਕਾ ਵੰਨੀ ਸ਼ਾਇਦ ਐਨੇ ਵਿਕਸਿਤ ਪ੍ਰਬੰਧ ਨਾ ਹੋਣ ਕਰ ਕੇ ਜਾਂ ਕੁੱਝ ਇਨ੍ਹਾਂ ਦੀ ਸਥਿਤੀ ਵੀ ਇਹੋ ਜਿਹੀ ਹੋਣ ਕਰ ਕੇ ਵਿਰਲੇ ਟਾਵੇਂ ਸੈਲਾਨੀ ਹੀ ਨਜ਼ਰੀਂ ਪੈਂਦੇ ਹਨ। ਵੱਖਰੇ ਰੰਗਾਂ ਦੇ ਰੇਨ ਕੋਟਾਂ (ਕਨੇਡਾ ਦੇ ਪੀਲੇ ਤੇ ਅਮਰੀਕਨਾ ਦੇ ਨੀਲੇ) ਤੋਂ ਸਮੁੰਦਰੀ ਬੇੜਿਆਂ ਦੇ ਸਵਾਰਾਂ ਦੀ ਪਹਿਚਾਣ ਕਰਨੀ ਆਸਾਨ ਹੋ ਜਾਂਦੀ ਹੈ ਜਿਹੜੇ



ਹਰ ਪਲ, ਹਰ ਰੁੱਤ, ਹਰ ਮੌਸਮ ਵਿੱਚ ਇਸ ਦੇ ਪ੍ਰਵਾਹ ਤੋਂ ਲੁਤਫ਼ ਲੈਣ ਲਈ ਝੱਲੇ-ਬਾਵਰੇ ਰਹਿੰਦੇ ਹਨ।

ਦਿਨ ਢਲਦਿਆਂ ਹੀ ਰੋਸ਼ਨੀਆਂ ਦੀ ਰੰਗ-ਬਰੰਗੀ ਜੜਤ ਨਿਆਗਰਾ ਫ਼ਾਲਜ਼ ਨੂੰ ਇੱਕ ਹੁਸੀਨ ਪੁਸ਼ਾਕ ਪਹਿਨਾ ਦੇਂਦੀ ਹੈ। ਵਿਸ਼ੇਸ਼ ਕੰਪਿਉਟਰਾਈਜ਼ਡ ਯੋਜਨਾ ਅਧੀਨ ਵੰਨ-ਸੁਵੰਨ ਪੈ ਰਹੀਆਂ ਵਿਵਿਧ ਲਾਈਟਾਂ ਚੌਗਿਰਦੇ ਨੂੰ ਮਹਿਕਾ ਦੇਦੀਆਂ। ਮੱਧਮ ਮੱਧਮ ਚਲਦਾ ਸੰਗੀਤ ਕੰਨਾਂ ਵਿੱਚ ਰੱਸ ਘੋਲਦਾ ਹੈ।

ਐਨਟੇਰੀਓ ਦੀ ਆਰਥਿਕਤਾ ਵਿੱਚ ਇਸ ਝਰਨੇ ਦਾ ਬਹੁਤ ਵੱਡਾ ਯੋਗਦਾਨ ਹੈ। ਸੈਲਾਨੀਗਾਹ ਹੋਣ ਤੋਂ ਇਲਾਵਾ ਇਹ ਬਹੁਤ ਸਾਰੇ ਕਾਰਖਾਨਿਆਂ ਦਾ ਬਿਜਲੀ ਸਰੋਤ ਵੀ ਹੈ। ਉਦਯੋਗ ਪੂਰੀ ਤਰ੍ਹਾਂ ਇਸ 'ਤੇ ਆਧਾਰਿਤ ਹਨ। ਨਿਆਗਰਾ ਸ਼ਹਿਰ ਦੀ ਸਾਰੀ ਹੋਟਲ ਸਨਅਤ ਦਾ ਇਹ ਰੋਜ਼ਗਾਰ ਦਾਤਾ ਹੈ। ਇਸ ਅਭੁੱਲ ਚੌਗਿਰਦੇ ਦੀ ਕਾਇਮੀ 'ਤੇ ਖ਼ਰਚਿਆ ਅਰਬਾਂ ਡਾਲਰ ਇਸ ਪ੍ਰਾਂਤ ਦੀ ਆਮਦਨ ਦਾ ਸਦੀਵੀ ਸਰੋਤ ਬਣ ਚੁੱਕਾ ਹੈ। ਪੂਰੇ ਐਨਟੇਰੀਓ ਰਾਜ ਵਿੱਚ ਵਿਸ਼ੇਸ਼ ਟੂਰਿਸਟ ਬੱਸਾਂ ਚਲਾਈਆਂ ਜਾਂਦੀਆਂ ਹਨ ਜੋ ਬਹੁਤ ਸਾਰੇ ਯਾਦਗਾਰੀ ਸਥਾਨਾਂ ਤੇ ਖ਼ੂਬਸੂਰਤ ਨਜ਼ਾਰਿਆਂ ਦੇ ਨਾਲ ਨਾਲ ਨਿਆਗਰਾ ਫ਼ਾਲਜ਼ ਦੇ ਉਚੇਚੇ ਦੀਦਾਰੇ ਕਰਵਾ ਕੇ ਆਪਣੀ ਮੰਜ਼ਲ ਵੱਲ ਪਰਤਦੀਆਂ ਹਨ। ਨਿਰਸੰਦੇਹ ਇਹ ਕੁਦਰਤੀ ਤੇ ਮਾਨਵੀ ਸੂਹਜ ਦਾ ਕ੍ਰਿਸ਼ਮਾ ਹੈ।

❊ ❊ ❊ ❊ ❊

........ਸਫਾ 15 ਦੀ ਬਾਕੀ

ਹੋਵੇਗਾ'।

ਹੁਣ ਅਹਿਮਦ ਸ਼ਾਹ ਅਬਦਾਲੀ ਨੇ ਦੋ ਹਾਥੀਆਂ ਦੇ ਪੈਰਾਂ ਨਾਲ ਰੱਸੇ ਬੰਨ੍ਹਵਾਏ ਤੇ ਉਨ੍ਹਾਂ ਰੱਸਿਆਂ ਨੂੰ ਭਾਈ ਹਾਠੂ ਸਿੰਘ ਜੀ ਦੇ ਹੱਥਾਂ ਪੈਰਾਂ ਨਾਲ ਬੰਨ੍ਹ ਦਿੱਤਾ ਗਿਆ। ਜਲਾਦਾਂ ਨੇ ਉਨ੍ਹਾਂ ਹਾਥੀਆਂ ਨੂੰ ਦੋ ਵੱਖੋ-ਵੱਖਰੀਆਂ ਦਿਸ਼ਾਵਾਂ ਵੱਲ ਤੋਰਿਆ। ਅਜਿਹਾ ਕਰਨ ਨਾਲ ਭਾਈ ਹਾਠੂ ਸਿੰਘ ਦਾ ਸਰੀਰ ਦੋ-ਫਾੜ ਹੋ ਗਿਆ ਤੇ ਉਹ ਸੂਰਬੀਰ ਬਹਾਦਰਾਂ ਵਾਂਗ ਸ਼ਹੀਦ ਹੋ ਗਿਆ। ਭਾਈ ਹਾਠੂ ਸਿੰਘ ਦੀ ਸ਼ਹੀਦੀ ਸਾਹਸ, ਅਣਖ ਤੇ ਬਹਾਦਰੀ ਦੀ ਅਦੁੱਤੀ ਮਿਸਾਲ ਹੈ।

# ਨਹਾਉਂਦਾ ਫਿਰੇਂ ਤੀਰਥਾਂ 'ਤੇ

ਗੁਰਬਿੰਦਰ ਸਿੰਘ ਮਾਣਕ



ਅਚਾਨਕ ਮੇਰੀ ਜਾਗ ਖੁਲ੍ਹੀ ਤਾਂ ਬਾਹਰ ਗਲੀ ਵਿੱਚ ਕਿਸੇ ਦੇ ਬਹੁਤ ਹੀ ਮਧੁਰ ਆਵਾਜ਼ ਵਿੱਚ ਗਾਉਣ ਦੀ ਆਵਾਜ਼ ਸੁਣਾਈ ਦਿੱਤੀ। ਧਿਆਨ ਨਾਲ ਸੁਣਿਆਂ ਤਾਂ ਪਤਾ ਲੱਗਾ ਕੋਈ ਫਕੀਰ ਗਾ ਰਿਹਾ ਸੀ, 'ਤੇਰੇ ਮਨ ਦੀ ਮੈਲ ਨਾ ਜਾਵੇ, ਨਹਾਉਂਦਾ ਫਿਰੇਂ ਤੀਰਥਾਂ 'ਤੇ'। ਮੇਰਾ ਧਿਆਨ ਇਕ ਦਮ ਤੀਰਥਾਂ 'ਤੇ ਜੁੜਦੀਆਂ ਬੇਸ਼ੁਮਾਰ ਭੀੜਾਂ ਵੱਲ ਚਲਾ ਗਿਆ। ਕਿੰਨਾਂ ਵੱਡਾ ਸੱਚ ਛੁਪਿਆ ਹੋਇਆ ਹੈ, ਇਸ ਸਤਰ ਵਿੱਚ। ਇਸ ਦੇ ਬਾਵਜੂਦ ਲੋਕ ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਨ ਨੂੰ ਪੁੰਨ ਸਮਝਦੇ ਹਨ। ਕਿਸੇ ਵੀ ਤੀਰਥ ਸਥਾਨ 'ਤੇ ਜਾ ਕੇ ਦੇਖ ਲਉ, ਆਪ-ਮੁਹਾਰੀਆਂ ਭੀੜਾਂ ਦਿਖਾਈ ਦੇਣਗੀਆਂ। ਸਿੱਖ ਧਰਮ ਵਿੱਚ ਤਾਂ ਬਾਹਰੀ ਭੇਖਾਂ ਤੇ ਪਾਖੰਡਾਂ ਨੂੰ ਮੂਲੋਂ ਹੀ ਰੱਦ ਕੀਤਾ ਗਿਆ ਹੈ।

ਗੁਰੂ ਸਾਹਿਬਾਨ ਨੇ ਇਸ ਸਬੰਧੀ ਉਦਾਹਰਣ ਦੇ ਕੇ ਗੱਲ ਸਮਝਾਈ ਹੈ ਕਿ ਜੇਕਰ ਕੋਈ ਖੋਟੇ ਮਨ ਤੇ ਚੋਰ ਤਨ ਨਾਲ ਤੀਰਥਾਂ ਉੱਤੇ ਇਸ਼ਨਾਨ ਕਰਨ ਜਾਂਦਾ ਵੀ ਹੈ ਤਾਂ ਇਸ ਤਰ੍ਹਾਂ ਉਸ ਨੂੰ ਕੋਈ ਲਾਭ ਨਹੀਂ ਹੁੰਦਾ। ਉਹ ਸਗੋਂ ਝੂਠ ਦੀ ਇੱਕ ਹੋਰ ਪਰਤ ਆਪਣੇ ਤਨ 'ਤੇ ਚੜ੍ਹਾਅ ਕੇ ਪਰਤ ਆਉਂਦਾ ਹੈ। ਗੁਰਮਤਿ ਵਿੱਚ ਬਾਹਰੀ ਅਡੰਬਰਾਂ ਨੂੰ ਕੋਈ ਥਾਂ ਨਹੀਂ, ਇੱਥੇ ਤਾਂ ਅਮਲਾਂ 'ਤੇ ਜ਼ੋਰ ਦਿੱਤਾ ਜਾਂਦਾ ਹੈ। ਜੇ ਕਿਸੇ ਮਨੁੱਖ ਦੀ ਰੋਜ਼ਾਨਾ ਜ਼ਿੰਦਗੀ ਝੂਠ, ਫਰੇਬ, ਹੇਰਾਫੇਰੀ, ਲਾਲਚ ਤੇ ਸਵਾਰਥ ਨਾਲ ਗ੍ਰਸੀ ਹੋਈ ਹੈ ਉਸ ਦੁਆਰਾ ਤੀਰਥਾਂ ਉੱਤੇ ਜਾ ਕੇ ਇਸ਼ਨਾਨ ਕਰਨਾ ਤੇ ਮੱਥੇ ਰਗੜਨਾ ਮਹਿਜ਼ ਇੱਕ ਪਖੰਡ ਹੀ ਹੈ। ਵਪਾਰੀ, ਦੁਕਾਨਦਾਰ, ਪੂੰਜੀਪਤੀ, ਸਿਆਸਤਦਾਨ ਤੇ ਹੋਰ ਅਨੇਕਾਂ ਵਿਅਕਤੀ ਝੂਠ ਦਾ ਸਹਾਰਾ ਲੈ ਕੇ ਹੀ ਧਨ ਕਮਾਉਂਦੇ ਹਨ। ਕਾਲੇ ਕਾਰਨਾਮਿਆਂ ਰਾਹੀਂ ਕਮਾਏ ਦੋ ਨੰਬਰ ਦੇ ਧਨ ਵਿੱਚੋਂ ਜੇ ਕੋਈ ਵਿਅਕਤੀ ਤੀਰਥ ਸਥਾਨਾਂ ਉੱਤੇ ਜਾ ਕੇ ਮੱਥੇ ਰਗੜਦਾ ਹੈ ਜਾਂ ਧਨ ਤੇ ਹੋਰ ਚੀਜ਼ਾਂ ਦਾਨ ਕਰਦਾ ਹੈ ਤਾਂ ਇਸ ਨਾਲ ਉਸ ਦੇ ਪਾਪ ਖਤਮ ਨਹੀਂ ਹੋ ਜਾਂਦੇ। ਇਹ ਤਾਂ ਨਿਰੋਲ ਮਨੁੱਖੀ ਮਨ ਦਾ ਭਰਮ ਹੀ ਹੈ ਕਿ ਇਸ ਤਰ੍ਹਾਂ ਕਰਨ ਨਾਲ ਮਨੁੱਖ ਦੇ ਸਾਰੇ ਪਾਪ ਧੋਤੇ ਜਾਣਗੇ ਤੇ ਉਹ ਆਪਣਾ 'ਅੱਗਾ' ਸੁਧਾਰ ਲਵੇਗਾ। ਲੋਕਾਂ ਦਾ ਖੂਨ ਚੂਸ ਕੇ ਜਾਂ ਹੋਰ ਗਲਤ ਢੰਗਾਂ ਦੁਆਰਾ ਕੀਤੀ ਕਮਾਈ ਵਿੱਚੋਂ ਜੇ ਕੋਈ ਲੰਗਰ ਵੀ ਲਗਾਈ ਜਾਵੇ ਤਾਂ ਸਦਾਚਾਰਕ ਤੌਰ 'ਤੇ ਇਸ ਦਾ ਮਨੁੱਖ ਨੂੰ ਕੀ ਲਾਭ ਪ੍ਰਾਪਤ ਹੋ ਸਕਦਾ ਹੈ?

ਸ਼ਰਧਾਵਾਨ ਆਪਣੇ ਰਹਿਬਰਾਂ ਦੇ ਦਿਨ ਮਨਾਉਣ ਲਈ ਬਹੁਤ ਉਤਸ਼ਾਹ ਦਿਖਾਉਂਦੇ ਹਨ। ਜਗਰਾਤੇ, ਕੀਰਤਨ ਦਰਬਾਰ ਤੇ ਅਖੰਡ ਪਾਠਾਂ ਦੀਆਂ ਲੜੀਆਂ ਚੱਲਦੀਆਂ ਹਨ। ਵਿਸ਼ਾਲ ਨਗਰ ਕੀਰਤਨ ਕੱਢੇ ਜਾਂਦੇ ਹਨ। ਅਸਲੀਅਤ ਇਹ ਹੈ ਕਿ 'ਗਲੀ ਅਸੀ ਚੰਗੀਆ ਆਚਾਰੀ ਬੁਰੀਆਹ' ਦੇ ਗੁਰਵਾਕ ਅਨੁਸਾਰ ਇਨ੍ਹਾਂ ਸ਼ੁੱਭ ਕਾਰਜਾਂ ਅਤੇ ਸਾਡੇ ਅਮਲੀ ਜੀਵਨ ਦੇ ਕਾਰ ਵਿਹਾਰ ਵਿੱਚ ਢੇਰ ਅੰਤਰ ਮਿਲਦਾ ਹੈ। ਅਸੀਂ ਆਪਣੇ ਗੁਰੂਆਂ, ਪੀਰਾਂ ਤੇ ਰਹਿਬਰਾਂ ਦੀ ਸਿੱਖਿਆ ਦਾ ਉਪਦੇਸ਼ ਦੂਜਿਆਂ ਨੂੰ ਬਹੁਤ ਕਰਦੇ ਹਾਂ, ਪਰ ਆਪਣੇ ਗਿਰੇਵਾਨ ਵਿੱਚ ਕਦੇ ਝਾਤੀ ਮਾਰ ਕੇ ਨਹੀਂ ਦੇਖਿਆ। ਬਾਹਰੋਂ ਅਸੀਂ ਬਹੁਤ ਉੱਜਲੇ ਹਾਂ, ਪਰ ਸਾਡਾ ਮਨ ਬਹੁਤ ਗੰਧਲਾ ਹੈ। ਜੇ ਮਨੁੱਖੀ ਮਨ ਦੀ ਮੈਲ ਹੀ ਨਹੀਂ ਜਾਂਦੀ ਤਾਂ ਬਾਹਰਲੀ ਲਿਸ਼ਕ-ਪੁਸ਼ਕ ਨੇ ਕੀ ਸਵਾਰਨਾ ਹੈ? ਆਲੇਦੁਆਲੇ ਨੂੰ ਅਸੀਂ ਬਹੁਤ ਰੁਸ਼ਨਾ ਲਿਆ ਹੈ, ਪਰ ਮਨੁੱਖੀ ਮਨ ਦੇ ਕੋਨਿਆਂ ਵਿੱਚ ਅਜੇ ਵੀ ਹਨੇਰੇ ਦਾ ਵਾਸ ਹੈ। ਮੱਸਿਆ, ਸੰਗਰਾਂਦ ਤੇ ਹੋਰ ਦਿਨ-ਦਿਹਾੜਿਆਂ ਉੱਤੇ ਲੋਕ ਹੁੰਮਹੁਮਾ ਕੇ ਤੀਰਥਾਂ 'ਤੇ ਜਾਂਦੇ ਹਨ। ਬਹੁਤੇ ਸ਼ਰਧਾਵਾਨ ਮਨਾਂ ਵਿੱਚ ਅਜਿਹੀ ਆਸਥਾ ਲੈ ਕੇ ਜਾਂਦੇ ਹਨ ਕਿ ਅਜਿਹੇ ਦਿਹਾੜੇ 'ਤੇ ਸਰੋਵਰ ਵਿੱਚ ਇਸ਼ਨਾਨ ਕਰ ਕੇ ਸਾਰੀਆਂ ਭੁੱਲਾਂ ਤੇ ਪਾਪ ਬਖਸ਼ਾਏ ਜਾ ਸਕਦੇ ਹਨ।

ਮਨਾਂ ਵਿੱਚ ਤਾਂ ਉਸੇ ਤਰ੍ਹਾਂ ਹੀ ਈਰਖਾ, ਸਾੜਾ, ਨਫਰਤ, ਵੈਰ-ਵਿਰੋਧ, ਲਾਲਸਾ, ਸਵਾਰਥ ਤੇ ਬੇਈਮਾਨੀ ਕਾਇਮ ਰਹਿੰਦੀ ਹੈ। ਮਨੁੱਖ ਸਵੇਰ ਤੋਂ ਲੈ ਕੇ ਸ਼ਾਮ ਤੱਕ ਰੋਜ਼ਾਨਾਂ ਜੀਵਨ ਵਿੱਚ ਆਪਣੇ ਸਵਾਰਥੀ ਹਿਤਾਂ ਦੀ ਪੂਰਤੀ ਲਈ ਪਤਾ ਨਹੀਂ ਕਿੰਨੀਆਂ ਠਗੀਆਂ ਮਾਰਦਾ ਹੈ? ਜੇ ਮਨਾਂ ਵਿੱਚ ਹਉਮੈਂ, ਹੰਕਾਰ ਕਾਇਮ ਰਿਹਾ ਤਾਂ ਕਿਸੇ ਧਾਰਮਿਕ ਅਸਥਾਨ 'ਤੇ ਮੱਥੇ ਰਗੜੀ ਜਾਣਾ ਵੀ ਵਿਅਰਥ ਹੈ। ਸਾਡੇ ਮਹਾਨ ਰਹਿਬਰਾਂ ਦੀਆਂ ਸਿੱਖਿਆਵਾਂ ਪੜ੍ਹ-ਸੁਣ ਕੇ ਜੇ ਮਨੁੱਖ ਦੇ ਜੀਵਨ ਵਿੱਚ ਕੋਈ ਪਰਿਵਰਤਨ ਨਹੀਂ ਆਉਂਦਾ ਤੇ ਉਸ ਦੇ ਮਨ ਦੀ ਮੈਲ ਉਸੇ ਤਰ੍ਹਾਂ ਕਾਇਮ ਰਹਿੰਦੀ ਹੈ ਤਾਂ ਫਿਰ ਪਾਠ-ਪੂਜਾ ਕਰਨਾ ਵੀ ਸਮਾਂ ਵਿਅਰਥ ਗੁਆਉਣ ਦੇ ਤੁਲ ਹੈ।

ਕੋਈ ਮਾਇਆ ਦੇ ਨਸ਼ੇ ਵਿੱਚ ਚੂਰ ਹੈ, ਕਿਸੇ ਪਾਸੋਂ ਤਾਕਤ ਦਾ ਨਸ਼ਾ ਨਹੀਂ ਸੰਭਾਲਿਆ ਜਾਂਦਾ, ਕੋਈ ਆਪਣੀ ਉੱਚੀ ਜਾਤ ਦੇ ਨਸ਼ੇ ਵਿੱਚ ਹੰਕਾਰਿਆ ਪਿਆ ਹੈ, ਕਿਸੇ ਨੂੰ ਆਪਣੇ ਉੱਚੇ ਅਹੁਦੇ ਦਾ ਗੁਮਾਨ ਹੈ। ਅਜੀਬ ਤ੍ਰਾਸਦੀ ਹੈ ਕਿ ਧਰਮ ਦਾ ਪ੍ਰਚਾਰ ਕਰਨ ਵਾਲੇ ਵੀ ਸਾਧ ਸੰਗਤ ਨੂੰ ਹੀ ਜ਼ੋਰ-ਜ਼ੋਰ ਨਾਲ ਉਪਦੇਸ਼ ਦਿੰਦੇ ਹਨ, ਪਰ ਆਪ ਉਸ 'ਤੇ ਅਮਲ ਨਹੀਂ ਕਰਦੇ। ਅਜਿਹੇ ਲੋਕ ਬਹੁਤ ਵਿਰਲੇ ਹਨ, ਜਿਹੜੇ ਧਰਮ ਦੀ ਸਿੱਖਿਆ ਉੱਤੇ ਅਮਲ ਕਰ ਕੇ ਆਪਣੇ ਜੀਵਨ ਨੂੰ ਸਚਿਆਰਾ ਬਣਾਉਣ ਦੇ ਰਾਹ ਤੁਰਦੇ ਹਨ। ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲਾ ਤੇ ਸਦਾਚਾਰਕ ਕਦਰਾਂ-ਕੀਮਤਾਂ ਨੂੰ ਪ੍ਰਣਾਇਆ ਕੋਈ ਵਿਅਕਤੀ ਜੇ ਤੀਰਥਾਂ ਉੱਤੇ ਜਾ ਕੇ ਇਸ਼ਨਾਨ ਕਰਨ ਦਾ ਸਮਾਂ ਕੱਢ ਸਕੇ ਤਾਂ ਉਸ ਦਾ ਕੁੱਝ ਨਹੀਂ ਵਿਗੜਦਾ। ਜਿਹੜਾ ਮਨੁੱਖ ਆਪਣੇ ਆਲੇ-ਦੁਆਲੇ ਕੰਧਾਂ ਉਸਾਰ ਲੈਂਦਾ ਹੈ, ਉਹ ਧਰਮ ਦਾ ਕਿੰਨਾਂ ਵੱਡਾ ਪੈਰੋਕਾਰ ਵੀ ਕਿਉਂ ਨਾ ਹੋਵੇ, ਉਹ ਊਣਾ ਹੀ ਨਜ਼ਰ ਆਏਗਾ।

ਸਾਡੇ ਰਹਿਬਰਾਂ ਨੇ ਬਹੁਤ ਸਾਰੇ ਪਖੰਡਾਂ ਦਾ ਵਿਰੋਧ ਕੀਤਾ ਤੇ ਲੋਕਾਈ ਨੂੰ ਨਵੀਂ ਸੇਧ ਦਿੱਤੀ। ਇਸ ਦੇ ਬਾਵਜ਼ੂਦ ਅਨੇਕਾਂ ਕਰਮ-ਕਾਂਡ ਤੇ ਪਖੰਡ ਅੱਜ ਵੀ ਸਾਡੇ ਜੀਵਨ ਦਾ ਹਿੱਸਾ ਬਣੇ ਹੋਏ ਹਨ। ਧਰਮ ਦਾ ਨਕਾਬ ਪਹਿਨ ਕੇ ਮਨੁੱਖ ਦੂਜਿਆਂ ਨੂੰ ਨਹੀਂ ਆਪਣੇ ਆਪ ਨੂੰ ਧੋਖਾ ਦਿੰਦਾ ਹੈ। ਤੀਰਥ-ਅਸਥਾਨਾਂ ਉੱਤੇ ਭੀੜਾਂ ਲੱਗੀਆਂ ਹੋਈਆਂ ਹਨ, ਪਰ ਮਨ ਭਟਕਣਾ ਦਾ ਸ਼ਿਕਾਰ ਹੋਇਆ ਪਿਆ ਹੈ। ਲਾਲਸਾ ਤੇ ਸਵਾਰਥ ਦੀ ਅੰਨ੍ਹੀ ਦੌੜ ਵਿੱਚ ਮਨੁੱਖ ਗਵਾਚਿਆ ਹੋਇਆ ਹੈ। ਮਨ ਦੀ ਸ਼ਾਂਤੀ ਲਈ ਉਹ ਇੱਧਰ-ਉੱਧਰ ਭਟਕ ਰਿਹਾ ਹੈ, ਪਰ ਆਪਣੇ ਮੰਦੇ ਅਮਲਾਂ ਨੂੰ ਤਿਆਗਣ ਲਈ ਤਿਆਰ ਨਹੀਂ।

ਮਿਲਾਵਟਖੋਰ ਮਾਸੂਮ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰਦਾ ਹੈ। ਪੂੰਜੀਪਤੀ ਆਪਣੇ ਮੁਨਾਫੇ ਦੀ ਖਾਤਰ ਗਰੀਬ ਮਜ਼ਦੂਰਾਂ ਦਾ ਖੂਨ ਚੂਸਦਾ ਹੈ। ਨਸ਼ਿਆਂ ਦੇ ਵਪਾਰ ਵਿੱਚੋਂ ਹੱਥ ਰੰਗਣ ਵਾਲੇ ਤੇ ਆਪਣੇ ਹੀ ਨੌਜਵਾਨਾਂ ਦਾ ਭਵਿੱਖ ਹਨੇਰਾ ਕਰਨ ਵਾਲੇ ਕਿਹੜੇ ਧਰਮ ਦਾ ਭਲਾ ਕਰ ਰਹੇ ਹਨ? ਉਹ ਆਪਣੇ ਪਾਪਾਂ ਨੂੰ ਛੁਪਾਉਣ ਦੀ ਖਾਤਰ ਜੇ ਦਾਨੀ ਪੁਰਸ਼ ਹੋਣ ਦਾ ਦੰਭ ਵੀ ਕਰ ਲੈਣ ਤਾਂ ਇਸ ਦਾ ਕੋਈ ਲਾਭ ਹੋਣਾ ਮੁਸ਼ਕਲ ਹੈ। ਜੇ ਕੋਈ ਮਨੁੱਖ ਅਖੌਤੀ ਉੱਚੀ ਜਾਤ ਦੀ ਭਾਵਨਾ ਅਧੀਨ ਦੂਜਿਆਂ ਨਾਲ ਨਫਰਤਭਰਿਆ ਵਰਤਾਓ ਕਰਦਾ ਹੈ, ਉਸ ਦੇ ਜੀਵਨ ਵਿੱਚ ਧਰਮ ਦੀ ਦਖਲਅੰਦਾਜ਼ੀ ਵੀ ਮਹਿਜ਼ ਇੱਕ ਨਾਟਕ ਹੀ ਹੈ। ਜਿਹੜਾ ਮਨੁੱਖ, ਮਨੁੱਖਾਂ ਵਿਚਕਾਰ ਕਿਸੇ ਤਰ੍ਹਾਂ ਦਾ ਵਿਤਕਰਾ ਕਰਦਾ ਹੈ, ਉਹ ਤਾਂ ਸਹੀ ਅਰਥਾਂ ਵਿੱਚ ਇਨਸਾਨ ਕਹਾਉਣ ਦੇ ਵੀ ਕਾਬਲ ਨਹੀਂ ਹੈ।

ਕਿਸੇ ਮਨੁਖ ਦੀ ਅਸਲ ਪ੍ਰਾਪਤੀ ਉਸ ਦੇ ਸੁਹਜ ਕਰਮ ਹੀ ਹੁੰਦੇ ਹਨ। ਉਹ ਜੇ ਕਿਸੇ ਤੀਰਥ ਉੱਤੇ ਜਾ ਕੇ ਇਸ਼ਨਾਨ ਨਾ ਵੀ ਕਰੇ ਤਾਂ ਉਸ ਨਾਲ ਰੱਬ ਦੇ ਨਾਰਾਜ਼ ਹੋਣ ਦਾ ਕੋਈ ਖਤਰਾ ਨਹੀਂ। ਧਰਮਾਂ ਵਿੱਚ ਸੇਵਾ ਦਾ ਬਹੁਤ ਮਹੱਤਵ ਹੈ। ਬਹੁਤ ਲੋਕ ਨੇ ਜਿਨ੍ਹਾਂ ਨੇ ਸੇਵਾ ਨੂੰ ਹੀ ਆਪਣਾ ਧਰਮ ਬਣਾਇਆ ਹੋਇਆ ਹੈ, ਅਜਿਹੇ ਲੋਕ ਹੀ ਅਸਲ ਵਿੱਚ ਮਨੁੱਖਤਾ ਦੇ ਪਹਿਰੇਦਾਰ ਹਨ। ਅਕਸਰ ਹੀ ਲੋਕ ਭੇਡ-ਚਾਲ ਵਜੋਂ ਹੀ ਤੀਰਥਾਂ ਉੱਤੇ ਜਾਂਦੇ ਹਨ, ਪਰ ਮਨਾ ਦੇ ਹਨੇਰੇ ਸਮੇਤ ਹੀ ਪਰਤ ਆਉਂਦੇ ਹਨ। ਅਖੌਤੀ ਬਾਬਿਆਂ ਦੇ ਡੇਰਿਆਂ 'ਤੇ ਹੁੰਦੀ ਅੰਨ੍ਹੀ ਲੁੱਟ, ਕਾਲੇ ਕਾਰਨਾਮਿਆਂ ਦਾ ਸਿਲਸਿਲਾ ਤੇ ਧਰਮ ਦੇ ਨਾਂਅ 'ਤੇ ਆਮ ਲੋਕਾਂ ਨੂੰ ਬੁੱਧੂ ਬਣਾਉਣ ਦੀਆਂ ਕਹਾਣੀਆਂ ਹੁਣ ਕਿਸੇ ਤੋਂ ਲੁਕੀਆਂ-ਛਿਪੀਆਂ ਨਹੀਂ, ਪਰ ਲੋਕਾਂ ਦੀਆਂ ਭੀੜਾਂ ਅਜੇ ਵੀ ਅੰਨ੍ਹੀ ਸ਼ਰਧਾ ਤੇ ਅਗਿਆਨਤਾ ਦੇ ਹਨੇਰੇ ਵਿੱਚ ਵਿਚਰਦੀਆਂ ਇਨ੍ਹਾਂ ਡੇਰਿਆਂ 'ਤੇ ਦੇਖੀਆਂ ਜਾ ਸਕਦੀਆਂ ਹਨ। ਜਿਨ੍ਹਾਂ ਦੇ ਆਪਣੇ ਮਨਾਂ 'ਚ ਹੀ ਕਾਲਖਾਂ ਦਾ ਪਹਿਰਾ ਹੈ, ਉਹ ਲੋਕਾਂ ਨੂੰ ਚਾਨਣ ਦਾ ਰਾਹ ਦਿਖਾਉਣ ਦੇ ਦਾਅਵੇ ਕਰੀ ਜਾਂਦੇ ਹਨ।

ਫੋਨ-9815356086



# ਬੂੰਦ ਬਣ ਜਾਵਾਂ

ਅਮਰੀਕ ਹਮਰਾਜ

ਛੱਪੜ ਬਣਨ ਦੀ ਇੱਛਾ ਨਹੀਂ
ਸਮੁੰਦਰ ਬਣਨ ਦੀ ਹੈਸੀਅਤ ਨਹੀਂ
ਦਰਿਆ ਬਣ ਕੇ ਕੀ ਲੈਣਾ
ਬੱਸ ਇੱਕ ਬੂੰਦ ਬਣ ਜਾਵਾਂ
ਜਿਹੜੀ ਗਰਮ ਤਵੇ 'ਤੇ ਰਿੱਝਦੀ ਹੋਈ
ਅਦਿੱਖ ਭਾਫ ਬਣ
ਅਲੋਪ ਹੋ ਜਾਂਦੀ ਹੈ
ਪਰਿਕਰਮਾ ਕਰਦੀ ਹੈ ਬ੍ਰਹਿਮੰਡ ਦੀ।

ਕਦੇ ਸੋਚਦਾ ਹਾਂ
ਮੈਂ ਉਹ ਬੂੰਦ ਬਣ ਜਾਵਾਂ
ਜਿਸ ਨੂੰ ਤੂੰ ਮੱਲੋ ਮੱਲੀ
ਅੱਖ ਝਮਕ ਝਮਕ ਕੇ
ਮੁੜ ਅੱਖਾਂ ਵਿੱਚ ਹੀ ਜਜ਼ਬ ਕਰ ਲੈਂਦੀ ਏਂ।

ਕਦੇ ਕਦਾਈਂ ਮਨ ਕਰਦਾ ਏ
ਉਹ ਬੂੰਦ ਬਣਾਂ
ਜਿਹੜੀ ਤੇਰੇ ਵਾਲਾਂ ਦੀ ਲਿਟ ਤੋਂ ਉੱਤਰ ਕੇ
ਮਾਸੂਮ ਗੱਲ੍ਹਾਂ ਨਾਲ ਖਹਿੰਦੀ ਹੋਈ
ਮਿੱਟੀ ਵਿੱਚ ਆਪਣੀ ਹੋਂਦ ਗਵਾ ਦਿੰਦੀ ਹੈ।

ਛੱਪੜ ਬਣਨ ਦੀ ਇੱਛਾ ਨਹੀਂ
ਸਮੁੰਦਰ ਬਣਨ ਦੀ ਹੈਸੀਅਤ ਨਹੀਂ
ਦਰਿਆ ਬਣ ਕੇ ਕੀ ਲੈਣਾ
ਬੱਸ ਇੱਕ ਬੂੰਦ ਬਣ ਜਾਵਾਂ

* * * * *

ਉਨ੍ਹਾਂ ਪੁੱਛਿਆ ਕਹਿਰ ਕੱਕਰ ਦਾ,
ਕਿਹੜੇ ਫੁੱਲ ਨੇ ਸਹਿ ਜਾਂਦੇ।
ਮੈਂ ਅਮ੍ਰਿਤ ਵੇਲੇ ਕੂੜਾ ਫੋਲਦੇ ਬੱਚੇ ਦਿਖਾ ਦਿੱਤੇ।

ਵਿਰਸੇ ਦਾ ਹੇਰਵਾ

# ਕਿੱਲੇ ਵਾਲਾ ਖੂਹ

ਮਨਜੀਤ ਸਿੰਘ ਤੰਬੜ
ਪੰਜੌੜ (ਹੁਸ਼ਿਆਰਪੁਰ)



ਪੁਰਾਣੇ ਬਜ਼ੁਰਗ ਦੱਸਿਆ ਕਰਦੇ ਸਨ, "ਪਈ ਇਹ ਖੂਹ ਪਿੰਡ ਦਾ ਹਾਣੀ ਆ..। ਪਿੰਡ ਦੇ ਮੋਢੀ ਬਜ਼ੁਰਗ ਨੇ ਕਿਸੇ ਹੋਰ ਪਾਸਿਓਂ ਆ ਕੇ, ਇਥੇ ਆਪਣੇ ਨਾਂ ਦੀ ਮੋੜ੍ਹੀ (ਕਿੱਲਾ) ਗੱਡੀ ਸੀ। ਪਹਿਲਾਂ ਬਹੁਤੀਆਂ ਜ਼ਮੀਨਾਂ ਦਾ ਕੋਈ ਵੀ ਮਾਲਕ ਨਹੀਂ ਸੀ ਹੁੰਦਾ। ਸਰਕਾਰੀ ਹੁਕਮ ਮੁਤਾਬਿਕ, ਜਿੰਨੀ ਕਿਸੇ ਨੇ ਜਗ੍ਹਾ ਮੱਲਣੀ ਹੋਵੇ ਉਸ ਦੇ ਚਾਰੇ ਖੂੰਝਿਆਂ 'ਤੇ ਚਾਰ ਮੋੜੀਆਂ ਗੱਡ ਦਿੱਤੀਆਂ ਜਾਂਦੀਆਂ। ਜਦੋ ਉਹ ਸਰਕਾਰੀ ਖਜ਼ਾਨੇ ਵਿੱਚ ਉਸ ਜਮੀਨ ਦਾ ਬਣਦਾ ਮਾਮਲਾ (ਸਰਕਾਰੀ ਟੈਕਸ) ਜਮ੍ਹਾਂ ਕਰਵਾ ਦਿੰਦਾ ਤਾਂ ਮਾਲਕੀ ਓਸੇ ਦੇ ਨਾਮ ਚੜ੍ਹ ਜਾਂਦੀ। ਬਜ਼ੁਰਗ ਨੇ ਇੱਕ ਮਹਾਤਮਾਂ ਕੋਲੋਂ ਪੁੱਛ ਕੇ ਪਿੰਡ ਦੇ ਨੀਂਹ ਪੱਥਰ ਵਜੋਂ ਇੱਕ ਹੋਰ ਛੋਟੀ ਮੋੜ੍ਹੀ ਘਰ ਦੇ ਚੜ੍ਹਦੇ ਪਾਸੇ ਵੱਲ ਗੱਡ ਦਿੱਤੀ। ਬਜ਼ੁਰਗ ਦੇ ਤਿੰਨ ਪੁੱਤ ਸਨ। ਜਦੋਂ ਉਹ ਮਰਿਆ ਤਾਂ ਪੁੱਤਰਾਂ ਨੇ ਇਹ ਛੋਟੀ ਮੋੜੀ ਪੁੱਟ ਕੇ ਇੱਥੇ ਖੂਹ ਬਣਾ ਦਿੱਤਾ। ਸਮਾਂ ਬੀਤਣ ਨਾਲ ਜਦੋਂ ਹੋਰ ਵੀ ਖੂਹ ਬਣੇ ਤਾਂ ਇਸ ਖੂਹ ਦੀ ਪਹਿਚਾਣ ਕਿੱਲੇ ਵਾਲੇ ਖੂਹ ਵਜੋਂ ਹੋਈ"।

ਦਸ ਕੁ ਸਾਲ ਪਹਿਲਾਂ ਜਦੋਂ ਲਾਗੇ ਰਹਿੰਦੀ ਔਰਤ ਨੇ ਘਰ ਵਾਲੇ ਨਾਲ ਲੜ ਕੇ ਇਸ ਵਿੱਚ ਛਾਲ ਮਾਰੀ ਸੀ, ਉਦੋਂ ਤੋਂ ਹੀ ਪਿੰਡ ਵਾਲਿਆਂ ਨੇ ਇਥੋਂ ਪਾਣੀ ਭਰਨਾ ਬੰਦ ਕਰ ਦਿੱਤਾ। ਲੋਕਾਂ ਨੇ ਆਪਣੇ ਘਰਾਂ ਵਿੱਚ ਨਲਕੇ ਵੀ ਲਗਵਾ ਲਏ ਸਨ। ਪਿੰਡ ਦੀ ਮੁੰਡੀਰ ਵਲੋਂ ਇਸ ਨੂੰ ਮਿੱਟੀ ਨਾਲ ਪੂਰਨ ਦੀਆਂ ਅਵਾਜ਼ਾਂ ਉੱਠਣ ਲੱਗੀਆਂ। ਨਵੀ ਨੌਜਵਾਨ ਸਭਾ ਬਣਨ ਨਾਲ, ਇਹ ਅਵਾਜ਼ ਹੋਰ ਵੀ ਬੁਲੰਦ ਹੋ ਗਈ। ਅਖੀਰ ਅੱਜ ਕੁੱਝ ਕੁ ਪੁਰਾਣੇ ਬੰਦਿਆਂ ਦੇ ਵਿਰੋਧ ਕਰਨ ਦੇ ਬਾਵਜੂਦ ਪੰਚਾਇਤ ਨੇ ਬਹੁਸੰਮਤੀ ਨਾਲ ਖੂਹ ਨੂੰ ਭਰ ਕੇ ਇੱਥੇ ਚੌਕ ਬਣਾਉਣ ਦਾ ਮਤਾ ਪਾਸ ਕਰ ਦਿੱਤਾ।

ਉਮਰੋਂ ਸਿਆਣੇ ਬੰਦਿਆਂ ਦਾ ਵਿਚਾਰ ਸੀ, ਪਈ ਜੇ ਇਸ ਵਿੱਚ ਕਿਸੇ ਦੇ ਡਿਗਣ ਦਾ ਡਰ ਹੈ ਤਾਂ ਇਸ ਨੂੰ ਮਿੱਟੀ ਨਾਲ ਨਾ ਪੂਰੀਏ। ਖੂਹ ਨੂੰ ਪੂਰਨਾ ਖੁਆਜਾ ਦੇਵਤੇ ਦੀ ਘੋਰ ਬੇ-ਅਦਬੀ ਹੋਵੇਗੀ। ਇਸ ਉੱਤੇ ਸੀਮਿੰਟ ਦੀ ਸਲੈਬ ਬਣਾ ਕੇ ਰਖਵਾ ਦਿੰਦੇ ਹਾਂ। ਇਸ ਦੀ ਬਾਹਰੀ ਦਿਖ ਨੂੰ ਨਾ ਵਿਗਾੜਿਆ ਜਾਵੇ। ਇਹ ਪਿੰਡ ਦਾ ਮੁੱਢ ਕਦੀਮੀ ਸਾਥੀ ਵਿਰਾਸਤੀ ਖੂਹ ਹੈ। ਏਸੇ ਦੇ ਪਾਣੀ ਨਾਲ ਪਤਾ ਨਹੀਂ ਕਿੰਨੀਆਂ ਪੁਸ਼ਤਾਂ ਪੈਦਾ ਹੋ ਕੇ ਤੁਰ ਗਈਆਂ। ਇਸ ਵਿੱਚ ਲੱਗੀਆਂ ਨਾਨਕ ਸ਼ਾਹੀ ਇੱਟਾਂ ਸਾਡੀ ਸਦੀਆਂ ਪੁਰਾਣੀ ਸਭਿਅਤਾ ਦੀ ਪ੍ਰਤੱਖ ਗੁਆਹ ਹਨ। ਇਸ ਨਾਲ ਪਿੰਡ ਦੀ ਤਵਾਰੀਖ ਜੁੜੀ ਹੋਈ ਹੈ। ਉਸ ਨੂੰ ਖਤਮ ਨਾ ਕਰੋ। ਪਿੰਡ ਦੇ ਮੋਢੀ ਬਜ਼ੁਰਗਾਂ ਦੀ ਰੂਹ ਨੂੰ ਤੰਗੀ ਨਾ ਦਿਓ।

ਪਰ ਨਵੀ ਪਨੀਰੀ ਕਿਥੋਂ ਮੰਨਦੀ ਆ। ਉਹਨਾਂ ਦਾ ਤਰਕ ਸੀ, "ਜਿਸ ਵਸਤੂ ਦੀ ਲੋੜ ਹੀ ਨਹੀਂ ਉਸ ਨੂੰ ਐਵੇਂ ਗਲ ਨਾਲ ਲਾਈ ਰੱਖਣਾ ਕਿੱਥੋਂ ਦੀ ਸਿਆਣਪ ਹੈ। ਫਿਰ ਇਸ ਖੂਹ ਦਾ ਪਾਣੀ ਵਰਤਣਯੋਗ ਹੀ ਨਹੀਂ, ਲੋਕ ਏਦੇ 'ਚ' ਘਰਾਂ ਦਾ ਗੰਦ- ਮੰਦ ਸੁੱਟੀ ਜਾਂਦੇ ਆ, ਤੁਸੀਂ ਹਾਲੇ ਵੀ ਏਨੂੰ ਖ਼ੁਆਜਾ ਦੇਵਤਾ ਬਣਾਈ ਬੈਠੇ ਹੋ। ਖੂਹ ਉਸ ਸਮੇਂ ਦੀ ਲੋੜ ਸੀ, ਅੱਜ ਦੀ ਨਹੀਂ। ਸਦੀਆਂ ਪਹਿਲਾਂ ਮਰ ਚੁੱਕੇ ਬਜ਼ੁਰਗਾਂ ਦੀ ਰੂਹਾਂ ਕਿੱਥੋਂ ਆ ਗਈਆਂ ਇਸ 'ਚ'।

ਮੇਰੀ ਇਸ ਖੂਹ ਨਾਲ ਉਮਰ ਭਰ ਦੀ ਦਿਲੀ ਸਾਂਝ ਸੀ। ਬਚਪਨ ਵਿੱਚ ਆਪਣੀ ਮਾਂ ਨੂੰ ਇੱਥੋਂ ਮਿੱਟੀ ਦੇ ਘੜੇ ਨਾਲ ਪਾਣੀ ਢੋਂਦਿਆਂ, ਬਾਪ ਨੂੰ ਇਥੇ ਮੱਝਾਂ ਨਹਾਉਂਦੇ ਦੇਖਿਆ ਸੀ। ਆਪਣੀਆਂ ਭੈਣਾ ਨੂੰ ਕੱਪੜੇ ਧੋਂਦਿਆਂ ਵੇਖਿਆ ਸੀ। ਬਾਲ ਉਮਰ ਵਿੱਚ ਮੈ ਖੁਦ ਆਪਣੇ ਹਾਣੀ ਦੋਸਤਾਂ ਨਾਲ ਇਸ ਦੇ ਚਲ੍ਹੇ ਵਿੱਚ ਨਹਾਉਂਦਿਆਂ ਕੰਨ ਪਾੜਨ ਵਾਲੀਆਂ ਕਿਲਕਾਰੀਆਂ, ਚੀਕਾਂ ਮਾਰੀਆਂ ਸਨ। ਅੱਜ ਟੁੱਟਦੀ ਸਾਂਝ ਨੂੰ ਕਿਵੇਂ ਬਰਦਾਸ਼ਤ ਕਰਦਾ। ਮੇਰਾ ਮਜਬੂਰ ਮਨ ਇਹ ਫੈਸਲਾ ਸੁਣ ਕੇ ਦੁਖੀ ਹੋ ਉਠਿਆ। ਮੋਢੇ 'ਤੇ ਪਰਨਾ ਸੁਟਿਆ, ਕੁਝ ਬੋਲੇ ਬਗੈਰ ਘਰ ਵੱਲ ਨਾ ਪਰਤ ਕੇ ਖੂਹ ਵੱਲ ਨੂੰ ਮੁੜ ਪਿਆ। ਸੋਚਿਆ ਜਾਣ ਵਾਲੇ ਨੂੰ ਇਕ ਵਾਰ ਜੀਅ ਭਰ ਕੇ ਦੇਖ ਆਵਾਂ। ਆਖਰੀ ਵਿਦਾਈ ਵਜੋਂ ।

ਜਿਸ ਖੂਹ ਉੱਤੇ ਸਰਘੀ ਵੇਲੇ ਤੋਂ ਸਾਰਾ ਦਿਨ ਪਾਣੀ ਲਈ ਔਰਤਾ ਮਰਦਾਂ ਦੀ ਰੌਣਕ ਲੱਗੀ ਰਹਿੰਦੀ ਸੀ। ਅੱਜ ਸੁੰਨਸਾਨ ਸੀ। ਮੌਤ ਵਰਗਾ ਸਨਾਟਾ। ਨਾ ਕਿਸੇ ਕਪੜੇ ਧੋਣ ਵਾਲੀ ਦੀ ਥਾਪੜੀ ਦੀ ਅਵਾਜ਼ ਸੀ, ਨਾ ਹੀ ਡੋਲੂਆਂ ਦਾ ਖੜਕਾ। ਡੋਲੂਆਂ ਨਾਲ ਬੱਝੇ ਸੰਗਲ ਮਰੇ ਹੋਏ ਸੱਪ ਦੀ ਲਾਸ਼ ਵਾਂਗ ਪਏ ਸਨ। ਖੂਹ ਦੇ ਵਿਰਾਨ ਚਿਹਰੇ ਨੇ ਕਈ ਸਵਾਲ ਮੈਨੂੰ ਕਰ ਦਿੱਤੇ। "ਜੇ ਆਇਆਂ ਤਾਂ, ਹੁਣ ਸੁਣ ਕੇ ਜਾਈਂ ਮੇਰਾ ਹਿਰਖ, ਭਲੇਮਾਣਸਾ ਦਸ ਮੈ ਕੀ ਵਿਗਾੜਿਆ ਤੁਹਾਡਾ ਜਿਹੜਾ ਤੁਸੀਂ ਮੇਰੀ ਬਰਬਾਦੀ 'ਤੇ ਉਤਰ ਆਏ ਹੋ। ਮੈ ਕਦੋਂ ਕਿਹਾ ਮੇਰੇ 'ਚ ਆ ਕੇ ਮਰੋ। ਮੇਰੇ ਪਾਣੀ ਨੇ ਸਦਾ ਤੁਹਾਨੂੰ ਜੀਵਨ ਦਾਨ ਦਿੱਤਾ ਹੈ, ਮਾਰਿਆ ਨਹੀਂ। ਕਦੀ ਰੋਕਿਆ ਤੁਹਾਨੂੰ ਪਾਣੀ ਤੋਂ? ਸੱਚ ਤਾਂ ਇਹ ਹੈ, ਤੁਸੀ ਆਪ ਹਟੈ, ਆਪਣੀ ਕਮਜ਼ੋਰੀ ਕਰਕੇ। ਤੁਹਾਡੇ ਸਰੀਰ ਚ ਸਤ ਈ ਨਹੀਂ ਰਿਹਾ ਮੇਰੇ ਚੋਂ ਪਾਣੀ ਖਿਚਣ ਦਾ। ਮੇਰਾ ਪਾਣੀ ਘਟਿਆ ਤੁਹਾਡੇ ਕਰਕੇ। ਜਿਸ ਪਾਣੀ ਨੂੰ ਮੈ ਸਦੀਆਂ ਬੱਧੀ ਤੁਹਾਡੇ ਲਈ ਸੰਭਾਂਲੀ ਰੱਖਿਆ ਉਸ ਨੂੰ ਤੁਸੀਂ ਆਪ ਗੰਦਾ ਕੀਤਾ, ਆਪਣੀ ਗੰਦਗੀ ਨਾਲ। ਦੋਸ਼ ਮੈਨੂੰ ਦੇਈ ਜਾਂਦੇ ਹੋ। ਕਦੀ ਸਾਰ ਲਈ ਤੁਸੀਂ ਮੇਰੀ। ਮੈ ਤੁਹਾਡੀ ਉਮਰ ਭਰ ਗੰਦਗੀ ਧੋਤੀ, ਤੁਸੀਂ ਇਕ ਵਾਰ ਵੀ ਮੈਨੂੰ ਸਾਫ ਕਰਵਾਇਆ? ਤਿਪ ਤਿਪ ਪਾਣੀ ਨਾਲ ਮੈ ਤੁਹਾਡੀਆਂ ਪੁਸ਼ਤਾਂ ਪਾਲੀਆਂ। ਤੁਸੀਂ ਕੀ ਕਦਰ ਪਾਈ ਮੇਰੀ। ਕਦਰ ਪਾਉਣ ਵਾਲੇ ਮੁਕ ਗਏ। ਮਰ ਗਈ ਘੱਗਰੇ ਵਾਲੀ ਰੱਖੀ ਝਿਉਰੀ ਤੁਹਾਡੇ ਘਰਾਂ ਲਈ

ਪਾਣੀ ਢੋਂਦੀ। ਖੁਸ਼ੀਆ, ਕੰਮਾਂ, ਕਰਤਾਰਾ ਤੇ ਮੇਹਰੂ ਝਿਊਰ ਸਭ ਮਰ ਗਏ ਜਿਹੜੇ ਮੇਰੇ ਪਾਣੀ ਨਾਲ ਤੁਹਾਡੇ ਗਲੇ ਦੀ ਪਿਆਸ ਬੁਝਾ ਕੇ ਆਪਣਾ ਪੇਟ ਪਾਲਦੇ ਸਨ"।

ਮੈ ਦੋ ਕਦਮ ਹੋਰ ਅੱਗੇ ਪੁੱਟ ਕੇ ਘੱਟੇ ਨਾਲ ਭਰੇ ਖੂਹ ਦੇ ਸਾਰੇ ਅੰਗਾਂ ਨੂੰ ਇਕ ਇਕ ਕਰਕੇ ਆਪਣੀਆਂ ਕੰਬਦੀਆਂ ਉਂਗਲਾਂ ਨਾਲ ਛੋਹਿਆ, ਜਿਵੇਂ ਪੁੱਤਰ ਆਪਣੇ ਮਰਨ ਕਿਨਾਰੇ ਪਏ ਬਜ਼ੁਰਗ ਬਾਪ ਨੂੰ ਪਲੋਸਦਾ ਹੈ। ਚਾਰੇ ਗਾਡਰ ਉਸੇ ਤਰਾਂ ਖੂਹ ਦੇ ਮੂੰਹ ਨੂੰ ਕਲਾਵੇ ਵਿੱਚ ਘੁਟੀ ਬੈਠੇ ਸਨ। ਪਰ ਉਹਨਾਂ 'ਚ ਪਹਿਲਾਂ ਵਾਲੀ ਮਜਬੂਤ ਪਕੜ ਨਹੀਂ ਸੀ। ਉਨ੍ਹਾਂ ਉੱਤੇ ਲੱਗੇ ਜੰਗਾਲ ਦੇ ਖੇਪੜ ਮੌਤ ਨਾਲ ਭੈਅ ਭੀਤ ਹੋਏ ਮਰੀਜ਼ ਦੇ ਬੁੱਲਾਂ ਦੀ ਉੱਖੜੀ ਪੇਪੜੀ ਵਾਂਗ ਲਟਕ ਰਹੇ ਸਨ। ਸ਼ਾਇਦ ਵਗਦੀ ਵਾਅ ਉਸ ਨੂੰ ਪਹਿਲਾਂ ਹੀ ਅੰਤ ਕਾਲ ਦੀ ਕੋਈ ਡਰਾਉਣੀ ਖਬਰ ਦੇ ਗਈ ਹੋਵੇ। ਗਾਡਰਾਂ ਉੱਤੇ ਲੱਗੇ ਮਜ਼ਬੂਤ ਲੋਹੇ ਦੀ ਪੱਤੀ ਦੇ ਜੰਗਲੇ ਖੂਹ ਨੂੰ ਉੱਪਰੋਂ ਘੇਰੀ ਤਾਂ ਜਰੂਰ ਖੜੇ ਸਨ, ਪਰ ਹੁਣ ਉਨ੍ਹਾਂ 'ਚ ਉਨਾਂ ਸਾਹ ਸਤ ਨਹੀਂ ਸੀ ਜੋ ਕਿਸੇ ਮੁਟਿਆਰ ਦੀਆਂ ਜੁਆਨ ਬਾਹਾਂ ਨਾਲ ਪਾਣੀ ਦੇ ਭਰੇ ਡੋਲ ਨੂੰ ਬਾਹਰ ਖਿਚਣ ਦੀ ਝਾਲ ਝੱਲ ਸਕਣ। ਦੋ ਪੱਤੀਆਂ ਨੂੰ ਨੱਥੀ ਕਰਦੇ ਸੱਤ ਅੱਠ ਲੋਹੇ ਦੇ ਰਾਡ, ਰਾਡਾਂ ਦੇ ਗਲਾਂ ਵਿੱਚ ਪਏ ਘਿਰੜੇ, ਜਿਨ੍ਹਾਂ ਦੀਆਂ ਧੌਣਾ ਦੁਆਲੇ ਮੁਟਿਆਰਾਂ ਲੱਜ ਪਾ ਕੇ ਆਪਣੇ ਕੀਮੇ ਦੀ ਪਿਆਸ ਬੁਝਾਇਆ ਕਰਦੀਆਂ ਸਨ।ਕਦੇ ਉੱਚਾ ਸਾਹ ਤੱਕ ਨਹੀਂ ਸੀ ਲੈਂਦੇ, ਅੱਜ ਮੇਰੇ ਹੱਥ ਲਾਇਆਂ ਹੀ ਚੀਕਾਂ ਮਾਰਨ ਲੱਗੇ। ਡੰਗਰ ਵੱਛੇ ਦੀ ਪਿਆਸ ਬੁਝਾਉਣ ਵਾਲੇ ਬੱਠਲ ਨੁਮਾਂ ਚਲ੍ਹੇ ਜੋ ਹਰ ਵਕਤ ਪਾਣੀ ਨਾਲ ਭਰੇ ਰਹਿੰਦੇ ਸਨ।ਅੱਜ ਆਪ ਦਰੱਖਤਾਂ ਦੇ ਸੁੱਕੇ ਪੱਤਿਆਂ ਨਾਲ ਭਰੇ ਪਿਆਸੇ ਕੁਰਲਾ ਰਹੇ ਸਨ।

ਅੰਦਰ ਝਾਕਿਆ ਤਾਂ ਦੋ- ਚਾਰ ਗੰਦਗੀ ਨਾਲ ਭਰੇ ਲਿਫਾਫੇ, ਆਪਣੇ ਹੋਰ ਸਾਥੀਆਂ ਦੀ ਉਡੀਕ ਵਿੱਚ ਆਖਰੀ ਸਾਹ ਲੈਂਦੇ ਪਾਣੀ 'ਚ ਮੂੰਹ ਚੁੱਕੀ ਅਡੋਲ ਖੜੇ ਸਨ। ਇਨਸਾਨਾਂ ਦੀ ਖੁਦਗਰਜੀ ਵੱਲ ਵੇਖ ਮੇਰੀਆ ਅੱਖਾਂ ਭਰ ਗਈਆਂ। ਦਿਲ ਕੀਤਾ ਦੋ ਘੜੀ ਹੋਰ ਬੈਠ ਲਵਾਂ। ਧਰਤੀ ਤੋ ਦੋ ਕੂ ਫੁੱਟ ਉੱਚੀ ਇਸ ਦੀ ਮੌਣ ਨਾਲ ਢੋਅ ਲਾ ਕੇ ਬੈਠ ਗਿਆ। ਮੈਨੂੰ ਯਾਦ ਆਇਆ ਸਾਡੇ ਸਮੇਂ ਖੂਹ ਨਾਲ ਸੰਬੰਧਤ ਹਿਸਾਬ ਦੇ ਦੋ ਸੁਆਲ ਬੜੇ ਮਸ਼ਹੂਰ ਹੋਇਆ ਕਰਦੇ ਸਨ। ਇੱਕ ਖੂਹ ਦਾ ਆਇਤਨ ਪਤਾ ਕਰਨਾ ਜਾਂ ਇਸ ਵਿਚੋਂ ਨਿਕਲੀ ਮਿੱਟੀ ਨਾਲ ਇਸ ਦੇ ਚਾਰੇ ਪਾਸੇ ਥੜ੍ਹਾ(ਮੌਣ) ਬਣਾਉਣਾ ਹੈ, ਦੂਜਾ ਥੜ੍ਹੇ ਦੀ ਉਚਾਈ ਪਤਾ ਕਰਨਾ। ਇਸੇ ਤਰਾਂ ਅੰਗਰੇਜ਼ੀ ਵਿੱਚ ਐਸਏ 'ਏ ਵੀਲੇਜ਼ ਵੈਲ' ਅਤੇ ਪੰਜਾਬੀ ਵਿੱਚ 'ਪਿੰਡ ਦੇ ਖੂਹ ਦਾ ਦ੍ਰਿਸ਼' ਲੇਖ ਕਾਫੀ ਪ੍ਰਚਲਿਤ ਹੁੰਦੇ ਸਨ। ਮੈ ਪੰਜਾਬੀ ਦਾ ਲੇਖ ਤਾਂ ਪੂਰੇ ਦਾ ਪੂਰਾ ਕਿੱਲੇ ਵਾਲੇ ਖੂਹ ਦਾ ਦ੍ਰਿਸ਼ ਹੀ ਲਿਖ ਦਿੰਦਾ। ਪਰ ਹੁਣ ਇਹ ਲੇਖ ਕੌਣ ਲਿਖੂ? ਜਦੋਂ ਖੂਹ ਹੀ ਅਲੋਪ ਹੋ ਗਏ ਤਾਂ ਇਹ ਸਭ ਕਿਤਾਬਾਂ ਵਿੱਚੋਂ ਆਪਣੇ ਆਪ ਖਤਮ ਹੋ ਜਾਵੇਗਾ।

ਸਾਹਮਣੇ ਵਾਲੀ ਗਲੀ 'ਚੋ ਪਿੰਡ ਦੀ ਵਿਰਾਸਤ ਦਾ ਨਾਮੋ ਨਿਸ਼ਾਨ ਮਿਟਾਉਣ ਲਈ ਮਹਿਖਾਸੁਰ ਵਾਂਗ ਮੂੰਹ ਅੱਡੀ ਆਉਂਦੀ ਜੇਸੀਵੀ ਨੂੰ ਦੇਖ, ਮੈ ਆਪ ਮੁਹਾਰੇ ਬੁੜ-ਬੁੜਾਉਂਦਾ ਚੋਧਰੀਆਂ ਵਾਲੀ ਗਲੀ ਨੂੰ ਚਲ ਪਿਆ। "ਬੰਦਾ ਅਕ੍ਰਿਤਘਣ ਹੋ ਗਿਆ।ਬੰਦਿਆ ,ਤੂੰ ਕੀ ਸੋਚਦੈਂ ਤੈਨੂੰ ਵਰਤਮਾਨ 'ਚ ਅਤੀਤ ਦੀ ਲੋੜ ਨਹੀਂ। ਜਿਸ ਤਰੱਕੀ ਦਾ ਤੂੰ ਮਾਣ ਕਰੀ ਬੈਠਾਂ,ਉਸ ਤਕ ਅਤੀਤ ਦੀਆਂ ਪੈੜਾਂ ਤੇ ਚਲ ਕੇ ਈ ਪਹੁੰਚਿਆਂ। ਯਾਦ ਰੱਖ ਵਰਤਮਾਨ ਦੀ ਕਾਮਯਾਬੀ ਦਾ ਰਾਸਤਾ ਭੂਤਕਾਲ ਵਿੱਚੋਂ ਹੀ ਨਿਕਲ ਕੇ ਆਉਦੈ। ਤੇਰੇ ਵਰਤਮਾਨ ਨੇ ਹਮੇਸ਼ਾਂ ਮੇਰੇ ਸਮਾਜ ਨੂੰ ਨਫਰਤਾਂ ਦੀ ਅੱਗ ਨਾਲ ਝੂਲਸਿਆ। ਮੇਰਾ ਭੂਤਕਾਲ ਹਾਲੇ ਵੀ ਪਿਆਰ ਤੇ ਮੁਹੱਬਤਾਂ ਦੀ ਖੁਸ਼ਬੂ ਦੇਈ ਜਾਂਦੈ"।

ਫੋਨ-9876036975

* * * * *

## ਉਡਣਾ ਸਿੱਖ ਉਡ ਗਿਆ




ਜੂਨ ਦੀ 18 ਤਰੀਖ ਅੱਧੀ ਰਾਤ ਨੂੰ ਉਡਣੇ ਸਿੱਖ ਨੇ ਐਸੀ ਉਡਾਰੀ ਮਾਰੀ ਕਿ ਉਸ ਨੇ ਵਾਪਸ ਆਉਣ ਦੀ ਬਿਜਾਏ ਅੰਬਰਾਂ ਦੇ ਤਾਰਿਆਂ ਵਿਚ ਸਥਾਨ ਕਾਇਮ ਕਰ ਲਿਆ। ਅਣਵੰਡੇ ਪੰਜਾਬ ਦੇ ਜ਼ਿਲ੍ਹਾ ਮੁਜ਼ੱਫਰਗੜ੍ਹ ਦੇ ਪਿੰਡ ਗੋਬਿੰਦਪੁਰਾ ਵਿੱਚ ਸ. ਸੰਪੂਰਨ ਸਿੰਘ ਅਤੇ ਮਾਤਾ ਵਧਾਵੀ ਕੌਰ ਦੇ ਗਰੀਬ ਕਿਸਾਨੀ ਪਰਿਵਾਰ ਵਿੱਚ 1932 ਵਿੱਚ ਜਨਮੇ ਮਿਲਖਾ ਸਿੰਘ ਨੇ 1947 ਦਾ ਉਜਾੜਾ ਆਪਣੇ ਪਿੰਡੇ 'ਤੇ ਹੰਢਾਇਆ ਜਿਸ ਦੌਰਾਨ ਉਸ ਦੇ ਮਾਤਾ-ਪਿਤਾ ਤੇ ਭਰਾ-ਭੈਣਾਂ ਉਸ ਦੀਆਂ ਅੱਖਾਂ ਸਾਹਮਣੇ ਹੀ ਮਾਰੇ ਗਏ। ਉਸ ਨੇ ਸੜਦੇ ਰੇਤਲੇ ਰਾਹਾਂ 'ਤੇ ਪੈਦਲ ਚੱਲਦਿਆਂ ਸਕੂਲੀ ਸਿੱਖਿਆ ਹਾਸਲ ਕੀਤੀ। ਪੰਜਾਬ ਵਿੱਚ ਆ ਕੇ ਉਸ ਨੇ ਕਈ ਧੱਕੇ ਖਾਧੇ ਪਰ ਆਪਣੀ ਦੌੜ ਲਾਉਣ ਦੀ ਚਾਹ ਨੂੰ ਕਾਇਮ ਰੱਖਿਆ। ਉਹ ਫੌਜ ਵਿੱਚ ਭਰਤੀ ਹੋ ਗਿਆ। ਉਨ੍ਹਾਂ ਨੇ 1956 ਤੇ 1964 ਵਿੱਚ ਓਲੰਪਿਕਸ ਖੇਡਾਂ ਵਿੱਚ ਭਾਰਤ ਦੀ ਨੁਮਾਂਇੰਦਗੀ ਕੀਤੀ। 1958 ਦੀਆਂ ਰਾਸ਼ਟਰਮੰਡਲ ਖੇਡਾਂ ਵਿੱਚ ਸੋਨ ਤਗਮਾ ਜਿੱਤਿਆ। ਏਸ਼ੀਆਈ ਖੇਡਾਂ ਵਿੱਚ ਚਾਰ ਵਾਰ ਸੋਨ ਤਮਗੇ ਜਿੱਤੇ। ਉਸ ਨੇ 100 ਮੀਟਰ, 200 ਮੀਟਰ, 400 ਮੀਟਰ ਤੇ 400 ਮੀਟਰ ਰਿਲੇਅ ਦੌੜਾਂ ਵਿੱਚ ਰਿਕਾਰਡ ਕਾਇਮ ਕੀਤੇ ਜਿਨ੍ਹਾਂ ਨੂੰ ਪਾਰ ਕਰਨ ਲਈ ਭਾਰਤੀ ਦੌੜਾਕ ਚਾਲੀ ਸਾਲ ਤੱਕ ਕੋਸ਼ਿਸ਼ ਕਰਦੇ ਰਹੇ। ਭਾਰਤ ਸਰਕਾਰ ਨੇ ਉਸ ਨੂੰ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ। ਸੈਣੀ ਭਵਨ ਦੇ ਪ੍ਰਬੰਧਕ ਆਪ ਨੂੰ ਹੰਝੂਆਂ ਭਰੀ ਸ਼ਰਧਾਂਜਲੀ ਭੇਟ ਕਰਦੇ ਹਨ।



## ਕਹਾਣੀ - ਔਰਤ

ਮਾਨਵਪ੍ਰੀਤ ਕੌਰ
ਯੂ.ਐਸ.ਏ

ਸ਼ਾਂਤੀ, ਉਸ ਦਾ ਨਾਂ ਉਹ ਦੇ ਸੁਭਾਅ ਨਾਲ ਮੇਲ ਖਾਂਦਾ ਸੀ। ਸਾਡੇ ਘਰ ਕਾਫੀ ਚਿਰ ਤੋਂ ਕੰਮ ਕਰ ਰਹੀ ਸੀ ਉਹ। ਕੰਮ ਇੰਨੀ ਸ਼ਾਂਤੀ ਤੇ ਠਰ੍ਹਮੇ ਨਾਲ ਕਰਦੀ ਕਿ ਘਰ 'ਚ ਉਸ ਦੀ ਮੌਜੂਦਗੀ ਦਾ ਪਤਾ ਈ ਨਾ ਚਲਦਾ।

ਜਦੋਂ ਆਮ ਕੰਮ ਵਾਲੀਆਂ ਦੀ ਤਰ੍ਹਾਂ ਉਸ ਨੇ ਵੀ ਬਹੁਤ ਛੁੱਟੀਆਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਮੈਂ ਉਸ ਨੂੰ ਕੰਮ ਤੋਂ ਕੱਢ ਦੇਣ ਦੀ ਧਮਕੀ ਦਿੱਤੀ, "ਐਸੇ ਨਹੀਂ ਚਲੇਗਾ ਸ਼ਾਂਤੀ, ਮੈਂ ਨੌਕਰੀ ਕਰਤੀ ਹੂੰ।ਮੇਰੇ ਲਿਏ ਤੋ ਤੂੰ ਮੁਸੀਬਤ ਖੜ੍ਹੀ ਕਰਤੀ ਹੋ"। ਮੈਂ ਨਾ ਚਾਹੁੰਦੀ ਹੋਈ ਵੀ ਉਸ 'ਤੇ ਬਰਸੀ।

" ਕਿਆ ਕਰੂੰ ਭਾਭੀ, ਘਰ ਵਾਲਾ ਬਹੁਤ ਬੀਮਾਰ ਹੈ, ਕਿਸੀ ਡਾਕਟਰ ਕੋ ਉਸ ਕੀ ਬੀਮਾਰੀ ਸਮਝ ਮੇਂ ਨਹੀਂ ਆਤੀ"। ਉਸ ਨੇ ਆਪਣੀ ਮਜ਼ਬੂਰੀ ਦੱਸੀ।

ਇਹ ਛੁੱਟੀਆਂ ਦਾ ਸਿਲਸਿਲਾ ਕਾਫੀ ਦੇਰ ਚੱਲਦਾ ਰਿਹਾ। ਮੈਂ ਵੀ ਉਸ ਨੂੰ ਕਈ ਡਾਕਟਰਾਂ ਦੇ ਪਤੇ ਦਿੱਤੇ। ਉਹ ਛੁੱਟੀਆਂ ਲੈ ਲੈ ਪੈਸੇ ਦੀ ਪ੍ਰਵਾਹ ਕੀਤੇ ਬਗੈਰ ਘਰਵਾਲੇ ਦਾ ਇਲਾਜ ਕਰਵਾਉਣ ਲੱਗੀ ਰਹੀ।

ਜਦੋਂ ਬਹੁਤ ਪ੍ਰੇਸ਼ਾਨ ਹੋ ਜਾਂਦੀ ਤਾਂ ਮੇਰੇ ਕੋਲੋਂ ਕੋਈ ਧਾਰਮਿਕ ਪੁਸਤਕ ਲੈ ਜਾਂਦੀ। "ਅਕਸ਼ਰ ਜੋੜ ਜੋੜ ਕਰ ਪੜ੍ਹ ਲੇਤੀ ਹੂੰ, ਘਰਵਾਲੇ ਕੋ ਕੁਛ ਅੱਛਾ ਲਗਤਾ ਹੈ, ਸੁਨ ਕਰ" ਉਹ ਦੱਸਦੀ।

ਸ਼ਾਂਤੀ ਦੀ ਤਪੱਸਿਆ ਦੇਖ ਮੈਨੂੰ ਆਪਣੀ ਮਜਬੂਰੀ ਭੁੱਲ ਜਾਂਦੀ। ਮੈਂ ਦਿਲੋਂ ਉਸ ਦੀ ਪ੍ਰਸ਼ੰਸਾ ਕਰ ਉਠਦੀ।

ਅਖੀਰ ਸ਼ਾਂਤੀ ਦੀ ਤਪੱਸਿਆ ਪੂਰੀ ਹੋਈ। ਉਸ ਦਾ ਘਰਵਾਲਾ ਉੱਠਣ-ਬੈਠਣ ਜੋਗਾ ਹੋ ਗਿਆ। ਹੁਣ ਸ਼ਾਂਤੀ ਹਰ ਰੋਜ਼ ਮੈਨੂੰ ਉਸ ਵਾਸਤੇ ਨੌਕਰੀ ਲੱਭਣ ਦੀ ਗੱਲ ਕਰਦੀ। ਸ਼ਾਂਤੀ ਦੀ ਸਾਰੀ ਦੁਨੀਆਂ ਬੱਸ ਉਸ ਤੱਕ ਹੀ ਸੀਮਿਤ ਲਗਦੀ ਸੀ।

ਇਸ ਦੌਰਾਨ ਸ਼ਾਂਤੀ ਦੇ ਤਿੰਨ ਪੁੱਤਾਂ ਵਿੱਚੋਂ ਇੱਕ ਨੇ ਆਪਹੁਦਰਾ ਹੋ ਕੇ ਇਕ ਮੁਸਲਮਾਨ ਕੁੜੀ ਨਾਲ ਵਿਆਹ ਕਰਵਾ ਲਿਆ। ਉਹ ਘਰੋਂ ਦੌੜ ਗਿਆ। ਸ਼ਾਂਤੀ ਦਾ ਘਰ ਇੱਕ ਵਾਰ ਫਿਰ ਉੱਪਰ-ਥੱਲੇ ਹੋ ਗਿਆ। ਪਰ ਉਹ ਡੋਲੀ ਨਹੀਂ। ਹੁਣ ਉਹ ਆਪਣੇ ਪੁੱਤਰ ਨੂੰ ਘਰ ਵਾਪਸ ਲਿਆਉਣ ਲਈ ਪੂਰਾ ਜ਼ੋਰ ਲਾ ਰਹੀ ਸੀ। ਪਰ ਉਸ ਦੇ ਘਰਵਾਲਾ ਇਸ ਦੇ ਬਿਲਕੁਲ ਖਿਲਾਫ਼ ਸੀ। ਉਹ ਆਪਣੇ ਬਾਗੀ ਮੁੰਡੇ ਤੇ ਨੂੰਹ ਨੂੰ ਘਰ 'ਚ ਕਦਮ ਨਹੀਂ ਰੱਖਣ ਦੇ ਰਿਹਾ ਸੀ।

ਥੱਕੀ ਹਾਰੀ ਸ਼ਾਂਤੀ ਹੁਣ ਵਿੱਚ-ਵਿਚਾਲੇ ਫਸ ਗਈ। ਅਖੀਰ ਉਹ ਥੋੜ੍ਹੇ ਦਿਨਾਂ ਲਈ ਆਪਣੇ ਪੁੱਤ-ਨੂੰਹ ਕੋਲ ਰਹਿਣ ਚਲੇ ਗਈ। ਉਹ ਭਲਾ ਆਪਣੇ ਜਾਏ ਤੋਂ ਕਿਵੇਂ ਮੂੰਹ ਮੋੜਦੀ।

ਇਸ ਵਾਰ ਸ਼ਾਂਤੀ ਦੀ ਤਪੱਸਿਆ ਸਫ਼ਲ ਨਾ ਹੋਈ। ਅਕਸਰ ਪਤੀ ਪ੍ਰਮੇਸ਼ਵਰ ਦੀ ਮੋਹਰ ਤੋਂ ਬਿਨਾਂ ਇਹ ਤਪੱਸਿਆ ਕਿਵੇਂ ਸਿਰੇ ਚੜ੍ਹ ਸਕਦੀ ਸੀ।

ਸ਼ਾਂਤੀ ਦੇ ਬਹੁਤ ਦਿਨਾਂ ਤੋਂ ਕੰਮ 'ਤੇ ਨਾ ਆਉਣ ਕਰਨ ਮੈਂ ਬਹੁਤ ਪ੍ਰੇਸ਼ਾਨ ਸੀ। ਇੰਨੇ 'ਚ ਸ਼ਾਂਤੀ ਦੇ ਘਰਵਾਲੇ ਦਾ ਮੈਨੂੰ ਫੋਨ ਆਇਆ, "ਮੇਰੀ ਸ਼ਾਂਤੀ ਸੇ ਬਾਤ ਕਰਵਾ ਦੋ ਜੀ"। " ਸ਼ਾਂਤੀ ਨਾਲ? ਮੈਨੂੰ ਕੀ ਪਤਾ ਵੋ ਕਹਾਂ ਹੈ, ਵੋ ਕੌਨ ਸਾ ਕਾਮ ਪਰ ਆ ਰਹੀ ਹੈ ਆਜ ਕੱਲ? ਮੁਝੇ ਤੋ ਤੁਮ ਬਤਾਓ ਕਿਆ ਚੱਲ ਰਹਾ ਹੈ ਯੇ" ਮੈਂ ਗੁੱਸੇ ਵਿੱਚ ਜਵਾਬ ਦਿੱਤਾ।

" ਅਵਾਰਾ ਔਰਤ ਹੈ ਜੀ ਵੋ। ਮੇਰੇ ਲੜਕੇ ਕੋ ਭੜਕਾ ਕਰ ਕਿਸੀ ਮੁਸਲਮਾਨ ਲੜਕੀ ਸੇ ਸ਼ਾਦੀ ਕਰਵਾ ਦੀ। ਅਬ ਸ਼ਾਇਦ ਇਧਰ-ਉਧਰ ਮੂੰਹ ਮਾਰਨੇ ਕੇ ਲਿਏ ਘਰ ਸੇ ਚਲੀ ਗਈ ਹੈ। ਜਬ ਮੈਂ ਬੀਮਾਰ ਥਾ ਜੀ, ਤਬ ਭੀ ਯੇ ਮੇਰੀ ਬੀਮਾਰੀ ਕੇ ਬਹਾਨੇ ਪਤਾ ਨਹੀਂ ਕਿੰਨੇ ਮਰਦੋਂ ਕੋ ਮਿਲਤੀ ਥੀ ਯੇ। ਕਿਆ ਬਤਾਊਂ ਮੇਰਾ ਤੋ ਘਰ ਉਜਾੜ ਦਿਆ ਇਸ ਔਰਤ ਨੇ"। ਕਹਿ ਕੇ ਉਸ ਨੇ ਫੋਨ ਰੱਖ ਦਿੱਤਾ।

ਮੈਂ ਕੁੱਝ ਦੇਰ ਫੋਨ ਕੰਨ ਨਾਲ ਲਾ ਕੇ ਹੀ ਖੜ੍ਹੀ ਰਹਿ ਗਈ। ਸ਼ਾਇਦ ਔਰਤ ਦਾ ਸ਼ਾਂਤੀ ਬਣਨਾ ਜਿੰਨਾ ਸੁਭਾਵਿਕ ਹੈ, ਆਦਮੀ ਲਈ ਮੁੜ ਮੁੜ ਰਾਮ ਬਣ ਕੇ ਸ਼ਾਂਤੀ ਦਾ ਤਿਆਗ ਕਰਨਾ ਵੀ ਉਤਨਾ ਹੀ ਅਸਾਨ ਰਹੇਗਾ।

❊ ❊ ❊ ❊ ❊

.........ਸਫਾ 26 ਦੀ ਬਾਕੀ

ਔਸਤ ਉਹੀ ਅੰਕੜਾ ਵਿਗਿਆਨ ਅਨੁਸਾਰ ਚਾਂਸ( chance) ਜਾਂ ਸੰਭਾਵਨਾ ਦੀ ਹੈ। ਜਾਪਦਾ ਹੈ ਜੋਤਿਸ਼ੀ ਅਸਪਸ਼ਟ ਭਾਸ਼ਾ ਦਾ ਆਸਰਾ ਲੈਂਦੇ ਹਨ। ਗੱਲ ਸਹੀ ਸਿੱਧ ਹੋ ਜਾਵੇ ਤਾਂ ਰੌਲਾ ਪਾ ਦਿੰਦੇ ਹਨ। ਗ਼ਲਤ ਸਿੱਧ ਹੋ ਜਾਵੇ ਤਾਂ ਚੁੱਪ ਵੱਟ ਲੈਂਦੇ ਹਨ ਜਾਂ ਕਿਤੇ ਲਾਂਭੇ ਹੋ ਜਾਂਦੇ ਹਨ। ਇਸ ਸਾਰੇ ਕੁੱਝ ਦੇ ਬਾਵਜੂਦ ਭਾਰਤ ਵਿੱਚ ਹਰ ਪੰਜ ਹਜ਼ਾਰ ਬੰਦਿਆਂ ਪਿੱਛੇ ਇੱਕ ਜੋਤਸ਼ੀ ਹੈ।

**ਅਪੀਲ**

**ਸੈਣੀ ਭਵਨ ਰੂਪਨਗਰ ਨਾਲ ਜੁੜੋ**

- ਇਸ ਦੇ ਲਾਇਫ ਮੈਂਬਰ ਬਣ ਕੇ ।
- ਮੈਗਜ਼ੀਨ "ਸੈਣੀ ਸੰਸਾਰ" ਦੇ ਪਾਠਕ ਬਣ ਕੇ।
- ਇਸਦੀ ਆਰਥਿਕ ਸਹਾਇਤਾ ਕਰ ਕੇ।
- ਇਸ ਵਿੱਚ ਚਲਦੇ ਕਿੱਤਾ ਸਿਖ਼ਲਾਈ ਕੇਂਦਰਾਂ ਵਿੱਚ ਸਿਖ਼ਲਾਈ ਲੈਣ ਲਈ ਆਪਣੇ ਬੱਚਿਆਂ ਨੂੰ ਦਾਖ਼ਲ ਕਰਵਾ ਕੇ।

## ਅਮਨ ? ਆਮੀਨ

ਸੰਤਵੀਰ, ਕੁਰਾਲੀ

ਜੀਵ ਪ੍ਰਾਕਿਰਤੀ ਦੀ ਸ੍ਰੇਸ਼ਟ ਰਚਨਾ ਹੈ ਅਤੇ ਜੀਵਾਂ ਵਿੱਚ ਮਨੁੱਖ ਨੂੰ ਸਰਵਸ੍ਰੇਸ਼ਟ ਮੰਨਿਆਂ ਜਾਂਦਾ ਹੈ। ਮਨੁੱਖ ਹੀ ਇੱਕ ਅਜਿਹਾ ਪ੍ਰਾਣੀ ਹੈ ਜਿਸ ਕੋਲ ਗਿਆਨ ਜਿਹਾ ਦੂਰਦਰਸ਼ੀ ਨੇਤਰ ਹੈ। ਉਸ ਕੋਲ ਮਨ ਜਿਹਾ ਸੂਖਮ ਯੰਤਰ ਅਤੇ ਉਹ ਚੇਤਨਾ ਜਿਹੀ ਦਿਵਯ ਸ਼ਕਤੀ ਦਾ ਮਾਲਕ ਹੈ। ਆਪਣੀਆਂ ਅਲੌਕਿਕ ਸ਼ਕਤੀਆਂ ਸਦਕੇ ਹੀ ਉਸ ਨੇ ਹਾਥੀ ਜਿਹੇ ਤਾਕਤਵਰ ਅਤੇ ਸ਼ੇਰ ਜਿਹੇ ਚੁਸਤ ਅਤੇ ਦਲੇਰ ਜਾਨਵਰਾਂ ਨੂੰ ਵੀ ਆਪਦੇ ਵੱਸ ਕੀਤਾ ਹੋਇਆ ਹੈ। ਨਿਰਸੰਦੇਹ ਉਹ ਇਸ ਧਰਤੀ ਦਾ ਸੁਆਮੀ ਹੈ-

ਅਵਰ ਜੋਨਿ ਤੇਰੀ ਪਰਿਹਾਰੀ<br>
ਇਸ ਧਰਤੀ ਮਹਿ ਤੇਰੀ ਸਿਕਦਾਰੀ।

ਭਾਰਤੀ ਦਰਸ਼ਨ ਅਨੁਸਾਰ ਮਾਨਸ ਦੇਹੀ ਦੁਰਲਭ ਹੈ। ਇਹ ਚੌਰਾਸੀ ਲੱਖ ਜੋਨੀ ਭੋਗਣ ਉਪਰੰਤ ਪ੍ਰਾਪਤ ਹੁੰਦੀ ਹੈ। ਇਸ ਤੋਂ ਇਲਾਵਾ ਪ੍ਰਭੂ-ਪਰਮਾਤਮਾ ਨਾਲ ਇੱਕਮਿਕ ਹੋਣ ਦਾ ਵੀ ਇਹੋ ਇੱਕ ਮੌਕਾ ਹੁੰਦਾ ਹੈ। ਇਸ ਲਈ ਇਸ ਜੋਨੀ ਨੂੰ ਸਾਰਥਕ ਬਣਾਉਣ ਲਈ ਨੇਕ ਕਰਮਾਂ ਅਤੇ ਪ੍ਰਭੂ ਭਗਤੀ 'ਤੇ ਜ਼ੋਰ ਦਿੱਤਾ ਜਾਂਦਾ ਹੈ। ਪਰ ਸੰਸਾਰ ਦੇ ਸਾਰੇ ਧਰਮ ਇਸ ਫਿਲਾਸਫੀ ਨਾਲ ਸਹਿਮਤ ਨਹੀ ਹਨ। ਕਈ ਧਰਮ ਪੁਨਰਜਨਮ ਵਿੱਚ ਵਿਸ਼ਵਾਸ ਹੀ ਨਹੀਂ ਰੱਖਦੇ ਅਤੇ ਕਈਆਂ ਦਾ ਵਿਚਾਰ ਹੈ ਕਿ ਮੁਰਦੇ ਕਬਰਾਂ ਵਿੱਚ ਪਏ ਕਿਆਮਤ ਦੇ ਦਿਨ ਦਾ ਇੰਤਜ਼ਾਰ ਕਰ ਰਹੇ ਹਨ। ਇਸ ਤੋਂ ਉਲਟ ਪਦਾਰਥਵਾਦੀ ਅਤੇ ਨਾਸਤਿਕ ਵਿਚਾਰਧਾਰਾ ਵਾਲੇ ਲੋਕਾਂ ਦਾ ਮੱਤ ਹੈ ਕਿ ਰਸਾਇਣਕ ਅਤੇ ਭੌਤਿਕ ਕ੍ਰਿਆਵਾਂ ਨਾਲ ਮਾਦਾ ਪੈਦਾ ਹੁੰਦਾ ਹੈ ਅਤੇ ਨਸ਼ਟ ਹੋ ਜਾਂਦਾ ਹੈ। ਉਹ ਰੱਬ ਅਤੇ ਪ੍ਰਾਕਿਰਤੀ ਨੂੰ ਵੱਖ ਵੱਖ ਨਹੀਂ ਸਮਝਦੇ। ਉਨ੍ਹਾਂ ਦੇ ਵਿਚਾਰ ਅਨੁਸਾਰ ਨਿਯਮਾਂ ਦੇ ਸੂਤਰ ਵਿੱਚ ਬੱਝੀ ਵਿਕਾਸ ਅਤੇ ਵਿਨਾਸ਼ ਦੀ ਲੀਲ੍ਹਾ ਨਾਲ ਸੰਤੁਲਨ ਕਾਇਮ ਰਖਦੀ ਹੋਈ ਕੁਦਰਤ ਹੀ ਇਸ ਸ੍ਰਿਸ਼ਟੀ ਦਾ ਸੰਚਾਲਨ ਕਰਦੀ ਹੈ। ਵਿਕਾਸ ਦੇ ਪੰਧ 'ਤੇ ਤੁਰੀ ਇਹ ਸ੍ਰਿਸ਼ਟੀ ਮੁੱਦਤਾਂ ਤੋਂ ਇਵੇਂ ਹੀ ਗਤੀਸ਼ੀਲ ਹੈ। ਇਸ ਵਿੱਚ ਗਿਣਾਤਮਕ ਅਤੇ ਗੁਣਾਤਮਕ ਤਬਦੀਲੀਆਂ ਵਾਪਰਦੀਆਂ ਰਹਿੰਦੀਆਂ ਹਨ। ਦੁਰਘਟਨਾਵਾਂ ਤਾਂ ਉਦੋਂ ਵਾਪਰਦੀਆਂ ਹਨ ਜਦੋਂ ਨਿਯਮ ਟੁੱਟਦੇ ਹਨ।

ਇਹ ਠੀਕ ਹੈ ਕਿ ਕੁਦਰਤ ਵੀ ਆਪਣੇ ਬਹੁਤੇ ਜਲਬੇ ਮਨੁੱਖ ਰਾਹੀਂ ਹੀ ਵਿਖਾਉਂਦੀ ਹੈ। ਵਿਗਿਆਨ ਦੀ ਮਦਦ ਨਾਲ ਮਨੁੱਖ ਨੇ ਕੁਦਰਤ ਦੇ ਅਨੇਕ ਗੁੱਝੇ ਭੇਦ ਖੋਲ੍ਹ ਦਿੱਤੇ ਹਨ। ਉਸ ਨੇ ਕੁਦਰਤ ਪ੍ਰਤੀ ਮਨੁੱਖ ਦੀਆਂ ਬਣੀਆਂ ਕਿੰਨੀਆਂ ਹੀ ਧਾਰਨਾਵਾਂ ਅਤੇ ਮਿੱਥਾਂ ਦਾ ਖੰਡਨ ਕਰ ਕੇ ਆਪਣੇ ਨਵੇਂ ਮਾਪਦੰਡ ਸਥਾਪਤ ਕੀਤੇ ਹਨ। ਅਜੇ ਕੁਦਰਤ ਦੇ ਸਾਰੇ ਰਹੱਸ ਵੀ ਨਹੀਂ ਖੁਲ੍ਹੇ ਅਤੇ ਮਨੁੱਖ ਦੀਆਂ ਕੋਸ਼ਿਸ਼ਾਂ ਵੀ ਖਤਮ ਨਹੀਂ ਹੋਈਆਂ। ਖੋਜਾਂ ਦਾ ਸਿਲਸਿਲਾ ਨਿਰੰਤਰ ਜਾਰੀ ਹੈ। ਇਸ ਵਿੱਚ ਅਤਿਕਥਨੀ ਨਹੀਂ ਕਿ ਵਿਗਿਆਨ ਨੇ ਸ੍ਰਿਸ਼ਟੀ ਨੂੰ ਵਿਕਾਸ ਦੀ ਸਿਖਰ 'ਤੇ ਖੜ੍ਹਾ ਕਰ ਦਿੱਤਾ ਹੈ। ਇਸ ਸਿਖਰ 'ਤੇ ਖਲੋ ਕੇ ਅੱਜ ਮਨੁੱਖ ਨੂੰ ਆਪਣੇ ਵਿਨਾਸ਼ ਦੀ ਖੌਫਨਾਕ ਤਸਵੀਰ ਵੀ ਨਜ਼ਰ ਆਉਣ ਲਗ ਪਈ ਹੈ। ਅੱਜ ਉਸ ਨੇ ਅਸਤਰਾਂ-ਸ਼ਸਤਰਾਂ ਦੇ ਰੂਪ ਵਿੱਚ ਐਨੀ ਕੁ ਤਬਾਹਕੁਨ ਸਮੱਗਰੀ ਵੀ ਇਕੱਠੀ ਕਰ ਲਈ ਹੈ ਜਿਸ ਨਾਲ ਕੁੱਝ ਹੀ ਪਲਾਂ ਵਿੱਚ ਲੱਖਾਂ ਸਾਲਾਂ ਦੀ ਮਿਹਨਤ ਨਾਲ ਕੀਤਾ ਵਿਕਾਸ ਵਿਨਾਸ਼ ਦਾ ਰੂਪ ਧਾਰਨ ਕਰ ਲਵੇਗਾ। ਅੱਜ ਅਸੀਂ ਵੇਖਦੇ ਹਾਂ ਕਿ ਇੱਕ ਨਿੱਕੇ ਜਿਹੇ ਵਾਇਰਸ ਜਿਸ ਨੂੰ ਮਨੁੱਖ ਨੇ ਕਰੋਨਾ ਦਾ ਨਾਂ ਦਿੱਤਾ ਹੈ, ਨੇ ਵਕਤ ਪਾ ਰੱਖਿਆ ਹੈ ਅਤੇ ਕੇਰਾਂ ਤਾਂ ਮਨੁੱਖ ਨੂੰ ਬੇਚਾਰਾ ਜਿਹਾ ਵੀ ਕਰ ਦਿੱਤਾ ਸੀ। ਜਿਕਰਯੋਗ ਹੈ ਕਿ ਇਸ ਵਾਇਰਸ ਦਾ ਵਜ਼ਨ ਗਰਾਮ ਦੇ ਹਜ਼ਾਰਵੇਂ ਹਿੱਸੇ ਤੋਂ ਵੀ ਘੱਟ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਇਸ ਵਾਇਰਸ ਦੀ ਉਪਜ ਵੀ ਮਨੁੱਖ ਦੀ ਉਸ ਨੀਤੀ ਦਾ ਹੀ ਹਿੱਸਾ ਹੈ ਜਿਸ ਨਾਲ ਉਹ ਬਿਨਾਂ ਕਿਸੇ ਹਥਿਆਰ ਤੋਂ ਦੁਨੀਆਂ ਦਾ ਸਭ ਤੋਂ ਤਾਕਤਵਰ ਮਨੁੱਖ ਬਣਨਾ ਚਾਹੁੰਦਾ ਹੈ।

ਦੂਜੇ ਮਹਾਂਯੁੱਧ ਵਿੱਚ ਅਮਰੀਕਾ ਵਲੋਂ ਜਪਾਨ ਦੇ ਦੋ ਨਗਰਾਂ-ਨਾਗਾਸਾਕੀ ਅਤੇ ਹੀਰੋਸ਼ੀਮਾਂ 'ਤੇ ਐਟਮ ਬੰਬ ਸੁੱਟੇ ਗਏ ਸਨ। ਬੰਬ ਸੁੱਟਣ ਵਾਲਾ ਫੌਜੀ ਅਫਸਰ ਐਟਮ ਬੰਬ ਦੀ ਤਬਾਹੀ ਵੇਖ ਕੇ ਦਿਮਾਗੀ ਤਵਾਜ਼ਨ ਖੋ ਬੈਠਾ ਸੀ। ਅੱਜ ਅਸੀਂ ਉਸ ਦਾ ਨਾਂ ਪਤਾ ਵੀ ਭੁੱਲ ਚੁੱਕੇ ਹਾਂ ਪਰ ਐਟਮ ਬੰਬ ਸੁੱਟਣ ਦੇ ਹੁਕਮ ਦੇਣ ਵਾਲੇ ਦੇਸ਼ ਨੇ ਇਸ ਤਬਾਹੀ ਤੋਂ ਕੋਈ ਸਬਕ ਨਹੀਂ ਸਿੱਖਿਆ, ਸਗੋਂ ਉਸ ਨੇ ਇਸ ਬੰਬ ਤੋਂ ਵੀ ਕਈ ਹਜ਼ਾਰ ਗੁਣਾ ਤਬਾਹੀ ਵਾਲੇ ਬੰਬ ਤਿਆਰ ਕਰ ਲਏ ਹਨ।

ਨੀਤੀ ਸ਼ਾਸਤਰ ਅਨੁਸਾਰ ਮੁਆਫ ਕਰਨਾ ਉਸ ਵਿਅਕਤੀ ਨੂੰ ਸ਼ੋਭਾ ਦਿੰਦਾ ਹੈ ਜਿਸ ਕੋਲ ਤਾਕਤ ਹੋਵੇ। ਕਮਜ਼ੋਰ ਵਿਅਕਤੀ ਵਲੋਂ ਮੁਆਫ ਕਰਨਾ ਉਸ ਦੀ ਕਮਜ਼ੋਰੀ ਤਸੱਵਰ ਕੀਤੀ ਜਾਂਦੀ ਹੈ। ਨੀਤੀ ਇਹ ਵੀ ਕਹਿੰਦੀ ਹੈ ਕਿ ਆਪ ਦੀ ਸਵੈਰੱਖਿਆ ਲਈ ਤਾਕਤ ਜ਼ਰੂਰੀ ਵੀ ਹੈ। ਅੱਜ ਕੱਲ੍ਹ ਤਾਕਤਵਰ ਉਸ ਦੇਸ਼ ਨੂੰ ਮੰਨਿਆਂ ਜਾਂਦਾ ਹੈ ਜਿਸ ਕੋਲ ਦੂਜੇ ਦੇਸ਼ ਨੂੰ ਧਮਕਾਉਣ ਦੇ ਲਈ ਵੱਧ ਤੋਂ ਵੱਧ ਸੈਨਿਕ ਬਲ ਅਤੇ ਮਾਰੂ ਹਥਿਆਰ ਹਨ। ਇਸ ਪ੍ਰਕਾਰ ਇਸੇ ਸੋਚ ਦੇ ਸਿੱਟੇ ਵਜੋਂ ਰਾਜ, ਸਾਮਰਾਜ, ਸ਼ਕਤੀਆਂ, ਮਹਾਂਸ਼ਕਤੀਆਂ ਹੋਂਦ ਵਿੱਚ ਆਈਆਂ। ਤਾਕਤਵਰ ਬਣਨ ਦੀ ਦੌੜ ਜਾਰੀ ਹੈ। ਜੇਕਰ ਇਤਿਹਾਸ ਦੇ ਪੰਨੇ ਫਰੋਲ ਕੇ ਵੇਖਿਆ ਜਾਵੇ ਅਤੇ ਆਦਿ ਕਾਲ ਤੋਂ ਮਨੁੱਖ ਦੀ ਵਿਕਾਸ ਯਾਤਰਾ ਵੱਲ ਨਜ਼ਰ ਮਾਰੀਏ ਤਾਂ ਇਸ ਸਫਰ ਵਿੱਚ ਸਭ ਤੋਂ ਵੱਧ ਜ਼ਿਕਰ ਜੰਗਾਂ ਦਾ ਹੈ। ਕਬੀਲੇ ਦੇ ਸਰਦਾਰਾਂ ਤੋਂ ਲੈ ਕੇ ਮਹਾਂਸ਼ਕਤੀਆਂ ਬਣਨ ਤੱਕ ਦੇ ਸਫਰ ਵਿੱਚ ਮਨੁੱਖ ਨੇ ਲੱਖਾਂ ਕਰੋੜਾਂ ਮਨੁੱਖਾਂ ਦਾ ਕਤਲ

ਕੀਤਾ ਹੈ। ਮੁੱਦਤਾਂ ਤੱਕ ਮਨੁੱਖ ਨੇ ਮਨੁੱਖ ਨੂੰ ਗੁਲਾਮ ਬਣਾ ਕੇ ਉਸ ਨੂੰ ਜਾਨਵਰਾਂ ਤੋਂ ਵੀ ਮਾੜਾ ਜੀਵਨ ਜਿਉਣ ਲਈ ਮਜ਼ਬੂਰ ਕਰ ਰੱਖਿਆ। ਸਰਵਸ਼੍ਰੇਸ਼ਟ ਪ੍ਰਾਣੀ ਦਾ ਅਸਲ ਚਿਹਰਾ ਬਹੁਤ ਹੀ ਖ਼ੂੰਖਾਰ ਅਤੇ ਭਿਆਨਕ ਹੈ। ਇਹ ਵੀ ਸੱਚ ਹੈ ਕਿ ਦੁਨੀਆਂ ਵਿੱਚ ਕਿਸੇ ਵੀ ਮਸਲੇ ਦਾ ਹੱਲ ਜੰਗ ਨਹੀਂ। ਜਿਹੜੇ ਮਸਲੇ ਸ਼ਾਂਤੀ ਨਾਲ ਗੱਲਬਾਤ ਕਰ ਕੇ ਹੱਲ ਨਹੀਂ ਹੋ ਸਕੇ ਉਹ ਜੰਗ ਨਾਲ ਵੀ ਹੱਲ ਨਹੀਂ ਹੋ ਸਕਦੇ। ਜੰਗ ਵਿੱਚ ਸਿਰਫ ਤਬਾਹੀ ਹੁੰਦੀ ਹੈ। ਜੰਗ ਮਗਰੋਂ ਸ਼ਾਂਤੀ ਜ਼ਰੂਰ ਹੁੰਦੀ ਹੈ ਪਰ ਮਾਤਮ ਜਿਹੀ। ਜੰਗ ਬਾਰੇ ਇੱਕ ਕਹਾਵਤ ਵੀ ਬਣੀ ਹੋਈ ਹੈ ਕਿ 'ਜਿੱਤੇ ਹੋਏ ਦੇ ਕੋਲੇ ਅਤੇ ਹਾਰੇ ਹੋਏ ਦੀ ਰਾਖ'।

ਲੜਨਾ-ਭਿੜਨਾ, ਖਿੱਚਣਾ-ਖੋਹਣਾ, ਹੱਸਣਾ-ਰੋਣਾ, ਈਰਖਾ-ਵਿਰੋਧ ਆਦਿ ਕੁੱਝ ਇੱਕ ਸੁਭਾਵਕ ਪ੍ਰਵਿਰਤੀਆਂ ਸਾਰੇ ਜੀਵਾਂ ਵਿੱਚ ਘੱਟ ਜਾਂ ਵੱਧ ਮਾਤਰਾ ਵਿੱਚ ਪਾਈਆਂ ਜਾਂਦੀਆਂ ਹਨ। ਨਿੱਕਾ ਜਿਹਾ ਬੱਚਾ ਜਦੋਂ ਸੁਰਤ ਸੰਭਾਲਦਾ ਹੈ ਤਾਂ ਉਹ ਦੂਜੇ ਬੱਚੇ ਤੋਂ ਖਿਡੌਣੇ ਖੋਹ ਕੇ ਅਨੰਦ ਮਹਿਸੂਸ ਕਰਦਾ ਹੈ। ਦੂਜੇ ਬੱਚੇ ਦੇ ਘਰੂਟ ਵੱਢ ਕੇ ਉਸ ਨੂੰ ਮਾਰ ਕੇ ਡਰਾ ਧਮਕਾ ਕੇ ਆਪਣੀ ਜਿੱਤ ਮਹਿਸੂਸ ਕਰਦਾ ਹੈ। ਜੀਵਾਂ ਦੀ ਇਹੋ ਪ੍ਰਵਿਰਤੀ ਵਧਦੀ ਹੋਈ ਯੁੱਧਾਂ-ਮਹਾਂਯੁੱਧਾਂ ਦਾ ਰੂਪ ਧਾਰਦੀ ਹੈ। ਅੱਜ ਇਤਿਹਾਸ ਦੇ ਪੰਨਿਆਂ 'ਤੇ ਜਿੱਥੇ ਜੰਗਜੂ ਵਿਅਕਤੀਆਂ ਜਿਵੇਂ ਅਕਬਰ, ਮਹਾਨ ਨਪੋਲੀਅਨ ਅਤੇ ਸਿਕੰਦਰ ਮਹਾਨ ਆਦਿ ਦਾ ਜ਼ਿਕਰ ਹੈ ਜਿਨ੍ਹਾਂ ਨੇ ਆਪਣੀ ਸ਼ਕਤੀ ਨਾਲ ਮਹਾਨ ਹੋਣ ਦਾ ਰੁਤਬਾ ਹਾਸਲ ਕੀਤਾ ਉੱਥੇ ਅਸ਼ੋਕ ਮਹਾਨ ਦਾ ਵੀ ਜ਼ਿਕਰ ਹੈ ਜਿਸ ਨੇ ਕਲਿੰਗਾ ਦੀ ਜੰਗ ਮਗਰੋਂ ਕੋਈ ਵੀ ਜੰਗ ਨਹੀਂ ਕੀਤੀ। ਬੁੱਧ ਮਤ ਧਾਰਨ ਕਰ ਕੇ ਅਹਿੰਸਾ ਦੇ ਹਥਿਆਰ ਨੂੰ ਹੀ ਆਪਣੀ ਸ਼ਕਤੀ ਬਣਾਇਆ।

ਅੱਜ ਜੰਗ ਦੇ ਬੱਦਲ ਸੰਸਾਰ ਦੇ ਕਿਸੇ ਨਾ ਕਿਸੇ ਹਿੱਸੇ ਵਿੱਚ ਮੰਡਰਾਉਂਦੇ ਰਹਿੰਦੇ ਹਨ ਅਤੇ ਵਰਸਦੇ ਵੀ ਰਹਿੰਦੇ ਹਨ। ਅੱਜ ਹਰ ਦੇਸ਼ ਆਪਣੀ ਆਪਣੀ ਬੁੱਕਲ ਵਿੱਚ ਤਬਾਹਕੁਨ ਸਮੱਗਰੀ ਲੈ ਕੇ ਆਪ ਦੇ ਤਾਕਤਵਰ ਹੋਣ ਦਾ ਭਰਮ ਪਾਲ ਰਿਹਾ ਹੈ। ਦੁਨੀਆਂ ਦੀ ਮਹਾਂਸ਼ਕਤੀ ਬਣਨ ਦੀ ਦੌੜ ਜਾਰੀ ਹੈ। ਅੱਜ ਜਦੋਂ ਜੰਗ ਦੇ ਬੱਦਲ ਕਿਸੇ ਨਾ ਕਿਸੇ ਖਿੱਤੇ ਵਿੱਚ ਤਬਾਹੀ ਮਚਾ ਰਹੇ ਹਨ ਉੱਥੇ ਅਮਨ ਦੀਆਂ ਗੱਲਾਂ ਵੀ ਹੁੰਦੀਆਂ ਰਹਿੰਦੀਆਂ ਹਨ। ਪਰ ਅਮਨ ਦੀਆਂ ਗੱਲਾਂ ਤਦ ਹੀ ਸਾਰਥਕ ਸਮਝੀਆਂ ਜਾ ਸਕਦੀਆਂ ਹਨ ਜਦੋਂ ਹਥਿਆਰ ਬਣਾਉਣ ਦੀ ਦੌੜ ਘਟੇਗੀ। ਅੱਜ ਦੁਨੀਆਂ ਦੇ ਅਜਿਹੇ ਮੁਲਕ ਵੀ ਹਨ ਜਿਨ੍ਹਾਂ ਦੀ ਆਰਥਿਕਤਾ ਦਾ ਅਧਾਰ ਹੀ ਜੰਗੀ ਸਮਾਨ ਦੀ ਵਿੱਕਰੀ ਹੈ।

ਜਿਹੜਾ ਦੇਸ਼ ਹਥਿਆਰ ਬਣਾਉਂਦਾ ਹੈ ਉਸ ਨੂੰ ਖਪਤ ਮੰਡੀ ਦੀ ਲੋੜ ਹੋਵੇਗੀ। ਜੇ ਦੁਨੀਆਂ ਵਿੱਚ ਅਸ਼ਾਂਤੀ ਰਹੇਗੀ ਤਾਂ ਹੀ ਸਵੈਰੱਖਿਆ ਦੇ ਨਾਂ 'ਤੇ ਹਥਿਆਰ ਵਿਕਣਗੇ। ਤਦ ਹੀ ਉਸ ਦੀ ਆਰਥਿਕਤਾ ਸਥਿਰ ਰਹਿ ਸਕੇਗੀ। ਅੱਜ ਜੇਕਰ ਅਸੀਂ ਵੱਖ ਵੱਖ ਦੇਸ਼ਾਂ ਦੇ ਰੱਖਿਆ-ਬਜਟਾਂ 'ਤੇ ਨਜ਼ਰ ਮਾਰਦੇ ਹਾਂ ਤਾਂ ਸਾਡੀਆਂ ਅੱਖਾਂ ਅੱਡੀਆਂ ਰਹਿ ਜਾਂਦੀਆਂ ਹਨ। ਜੰਗ ਦੀ ਸਮੱਗਰੀ 'ਤੇ ਬਹੁਤ ਖਰਚ ਕੀਤਾ ਜਾ ਰਿਹਾ ਹੈ। ਜੇਕਰ ਇਹ ਬਜਟ ਘਟਾ ਕੇ ਮਨੁੱਖਤਾ 'ਤੇ ਖਰਚ ਕੀਤਾ ਜਾਵੇ ਤਾਂ ਇਹ ਦੁਨੀਆਂ ਹੀ ਸਵਰਗ ਬਣ ਸਕਦੀ ਹੈ। ਅੱਜ ਜੇਕਰ ਹਰ ਦੇਸ਼,' ਨਾ ਕਾਹੂ ਸੇ ਦੋਸਤੀ ਨਾ ਕਾਹੂ ਸੇ ਵੈਰ' ਦੇ ਆਦਰਸ਼ 'ਤੇ ਤੁਰਨ ਲੱਗ ਪਏ ਤਾਂ ਹੀ ਅਮਨ ਸੰਭਵ ਹੈ। ਅੱਜ ਅਮਨ ਇੱਕ ਵੱਡਾ ਪ੍ਰਸ਼ਨ ਹੈ। ਕੀ ਅਮਨ ਸੰਭਵ ਹੈ? ਆਮੀਨ!

ਫੋਨ: 98149-52967

* * * * *

## ਸੰਵੇਦਨਸ਼ੀਲਤਾ ਦੀ ਮਿਸਾਲ

ਮਨੁਖੀ ਇਤਿਹਾਸ ਅਨੇਕ ਜ਼ਾਲਮਾਨਾਂ ਕਾਰਵਾਈਆਂ ਨਾਲ ਭਰਿਆ ਪਿਆ ਹੈ ਜਿਹੜੀਆਂ ਸਮੇਂ ਦੇ ਹਾਕਮਾਂ ਨੇ ਜਾਣੇ-ਅਣਜਾਣੇ ਵਿੱਚ ਕੀਤੀਆਂ ਸਨ। ਵਰਤਮਾਨ ਸਮੇਂ ਵਿੱਚ ਉੱਚ ਅਹੁਦਿਆਂ 'ਤੇ ਬਿਰਾਜਮਾਨ ਬਹੁਤ ਘੱਟ ਵਿਅਕਤੀ ਇਨ੍ਹਾਂ ਵਧੀਕੀਆਂ ਦੇ ਦੁੱਖ ਨੂੰ ਮਹਿਸੂਸ ਕਰ ਕੇ ਸ਼ਰਮਿੰਦਗੀ ਦਾ ਅਹਿਸਾਸ ਕਰਦੇ ਹਨ। ਕੈਨੇਡਾ ਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਜਿਹੇ ਸੰਵੇਦਨਸ਼ੀਲ ਵਿਅਕਤੀਆਂ ਵਿੱਚੋਂ ਇੱਕ ਹੈ। ਟਰੂਡੋ ਨੇ ਉਨ੍ਹਾਂ 215 ਮੂਲਵਾਸੀ ਬੱਚਿਆਂ ਦੀ ਯਾਦ 'ਚ ਆਪਣੀ ਸਰਕਾਰ ਵਲੋਂ ਅਫਸੋਸ ਦਾ ਪ੍ਰਗਟਾਵਾ ਕੀਤਾ ਹੈ ਜਿਨ੍ਹਾਂ ਦੇ ਮ੍ਰਿਤਕ ਸਰੀਰਾਂ ਦੇ ਪਿੰਜਰ ਬ੍ਰਿਟਿਸ਼ ਕੋਲੰਬੀਆ 'ਚ ਕੈਮਲੂਪਸ ਵਿਖੇ ਕੈਥੋਲਿਕ ਮੱਤ ਦੇ ਰੈਜ਼ੀਡੈਂਸ਼ਲ ਸਕੂਲ ਦੇ ਅਹਾਤੇ ਦੀ ਖੁਦਾਈ ਦੌਰਾਨ ਮਿਲੇ ਹਨ। ਸੰਨ 1890 ਤੋਂ 1969 ਦੇ ਦਰਮਿਆਨ ਕੈਨੇਡਾ ਦੀ ਧਰਤੀ 'ਤੇ ਕਬਜ਼ਾ ਕਰ ਕੇ ਹਕੂਮਤ ਚਲਾ ਰਹੇ ਗੋਰੇ ਭਾਈਚਾਰੇ ਨੇ ਉੱਥੋਂ ਦੇ ਮੂਲ ਵਾਸੀ ਲੋਕਾਂ ਦਾ ਬੀਜਨਾਸ਼ ਕਰਨ ਲਈ ਉਨ੍ਹਾਂ ਦੇ ਬੱਚਿਆਂ ਨੂੰ ਪਰਿਵਾਰਾਂ ਤੋਂ ਅਲੱਗ ਕਰ ਕੇ ਰੈਜ਼ੀਡੈਂਸ਼ਲ ਸਕੂਲਾਂ ਵਿੱਚ ਪੜ੍ਹਨ ਲਈ ਰੱਖਿਆ ਜਾਂਦਾ ਸੀ। ਉੱਥੇ ਸਮੇਂ ਸਮੇਂ ਮੌਤ ਦਾ ਸ਼ਿਕਾਰ ਹੁੰਦੇ ਰਹੇ ਬੱਚਿਆਂ ਦੇ ਸਰੀਰਾਂ ਨੂੰ ਦਫਨਾ ਦਿੱਤਾ ਜਾਂਦਾ ਸੀ ਅਤੇ ਮਾਪਿਆਂ ਤੱਕ ਇਸ ਦੀ ਭਿਣਕ ਨਹੀਂ ਪੈਣ ਦਿੱਤੀ ਜਾਂਦੀ ਸੀ।



ਜਸਟਿਨ ਟਰੂਡੋ ਨੇ ਮਨੁਖਤਾ ਵਿਰੁੱਧ ਇਸ ਇਤਿਹਾਸਿਕ ਜ਼ੁਲਮ ਪ੍ਰਤਿ ਦੁੱਖ ਪ੍ਰਗਟ ਕਰਦਿਆਂ ਰਾਜਧਾਨੀ ਓਟਾਵਾ ਵਿਖੇ ਸੰਸਦ ਦੀ ਇਮਾਰਤ ਸਮੇਤ ਦੇਸ਼ ਭਰ ਵਿੱਚ ਨੌਂ ਦਿਨਾਂ ਤੱਕ ਰਾਸ਼ਟਰੀ ਝੰਡੇ ਨੀਵੇਂ ਕਰਨ ਦਾ ਐਲਾਨ ਕੀਤਾ ਹੈ। ਜਸਟਿਨ ਟਰੂਡੋ ਦੀ ਮਨੁੱਖੀ-ਸੰਵੇਦਨਾ ਨੂੰ ਸਲਾਮ।



# ਕਿਸਾਨ ਅੰਦੋਲਨ - ਛੇ ਮਹੀਨਿਆਂ ਦਾ ਲੇਖਾ ਜੋਖਾ

ਡਾ. ਸੰਦੀਪ ਸਿੰਘ ਸੈਣੀ
ਮੋਹਾਲੀ

ਜੂਨ, 2020 ਵਿੱਚ ਕੇਂਦਰ ਸਰਕਾਰ ਵਲੋਂ ਖੇਤੀਬਾੜੀ ਆਡੀਨੈਂਸ ਜਾਰੀ ਕੀਤੇ ਗਏ। ਕਿਸਾਨਾਂ ਨੂੰ ਡਰ ਸਤਾਉਣ ਲੱਗਾ ਕਿ ਇਹ ਬਿੱਲ ਉਨ੍ਹਾਂ ਨੂੰ ਬਰਬਾਦ ਕਰ ਦੇਣਗੇ। ਪਹਿਲਾਂ ਤਾਂ ਕਿਸਾਨਾਂ ਨੇ ਪੰਜਾਬ ਸੂਬੇ ਭਰ ਵਿੱਚ ਪ੍ਰਦਰਸ਼ਨ ਕੀਤਾ। ਪੰਜਾਬ ਵਿੱਚ ਕਾਰਪੋਰੇਟ ਰਿਲਾਇੰਸ ਅਦਾਰਿਆਂ ਅਤੇ ਭਾਜਪਾ ਆਗੂਆਂ ਦੇ ਦਫਤਰਾਂ ਅੱਗੇ ਲਗਾਤਾਰ ਧਰਨੇ ਦਿੱਤੇ। ਔਰਤਾਂ, ਨੌਜਵਾਨਾਂ ਨੇ ਵਧ ਚੜ੍ਹ ਕੇ ਇਨ੍ਹਾਂ ਵਿੱਚ ਹਿੱਸਾ ਲਿਆ। ਹਰ ਇੱਕ ਤਬਕੇ ਨੇ ਆਪਣੀ ਸ਼ਿਰਕਤ ਕੀਤੀ। ਨੌਜਵਾਨਾਂ ਵਿੱਚ ਉਤਸ਼ਾਹ ਦੇਖਣ ਵਾਲਾ ਸੀ। ਪੰਜਾਬ ਵਿੱਚ ਰੇਲ ਚੱਕਾ ਜਾਮ ਕੀਤਾ ਗਿਆ। ਜਦੋਂ ਗੱਲ ਕਿਸੇ ਤਣ-ਪੱਤਣ ਨਾ ਲੱਗੀ ਤਾਂ 26-27 ਨਵੰਬਰ ਨੂੰ ਦਿੱਲੀ ਵੱਲ ਕੂਚ ਕੀਤਾ ਗਿਆ। ਹਰਿਆਣਾ ਸਰਕਾਰ ਵਲੋਂ ਕਿਸਾਨਾਂ ਦੇ ਰਸਤੇ ਵਿੱਚ ਕਈ ਤਰ੍ਹਾਂ ਦੇ ਰੋੜੇ ਅਟਕਾਏ ਗਏ। ਅੱਥਰੂ ਗੈਸ ਦੇ ਗੋਲੇ, ਪਾਣੀ ਦੀਆਂ ਬੁਛਾੜਾਂ ਦੀ ਪ੍ਰਵਾਹ ਕੀਤੇ ਬਗੈਰ ਇਨ੍ਹਾਂ ਕਿਸਾਨਾਂ ਨੇ ਹਰਿਆਣਾ ਦੀਆਂ ਸਰਹੱਦਾਂ ਨੂੰ ਪਾਰ ਕੀਤਾ ਅਤੇ ਦਿੱਲੀ ਦੀਆਂ ਬਰੂਹਾਂ 'ਤੇ ਡੇਰੇ ਲਗਾ ਲਏ। ਦੇਖਾ-ਦੇਖੀ ਵਿੱਚ ਹੋਰ ਸੂਬਿਆਂ ਦੇ ਕਿਸਾਨਾਂ ਨੇ ਵੀ ਦਿੱਲੀ ਵੱਲ ਵਹੀਰਾਂ ਘੱਤ ਲਈਆਂ। ਫਿਰ ਇਹ ਅੰਦੋਲਨ ਜਨ-ਅੰਦੋਲਨ ਬਣ ਗਿਆ। ਇਸ ਨੂੰ ਵਿਦੇਸ਼ਾਂ ਵਿੱਚੋਂ ਵੀ ਭਰਪੂਰ ਸਮਰਥਨ ਮਿਲਿਆ। ਕਿਸਾਨਾਂ ਦੇ ਸਿਦਕ ਤੇ ਸਿਰੜ ਸਦਕਾ ਹੁਣ ਤੱਕ ਬਹੁਤ ਹੀ ਸ਼ਾਂਤਮਈ ਢੰਗ ਨਾਲ ਚੱਲ ਰਿਹਾ ਹੈ। ਖੇਤੀ, ਸੂਬਿਆਂ ਦਾ ਵਿਸ਼ਾ ਹੈ ਪਰ ਕੇਂਦਰ ਸਰਕਾਰ ਨੇ ਸੂਬਿਆਂ ਤੋਂ ਉਲਟ ਚੱਲ ਕੇ ਬਿਨਾਂ ਸਲਾਹ ਮਸ਼ਵਰਾ ਕੀਤੇ ਖੇਤੀ ਬਿੱਲ ਕਿਉਂ ਬਣਾਏ। ਖੇਤੀ ਮੰਤਰੀ ਦੀਆਂ ਕਿਸਾਨਾਂ ਨਾਲ 11 ਮੀਟਿੰਗਾਂ ਹੋਈਆਂ ਜੋ ਕਿਸੇ ਤਣਪੱਤਣ ਨਾ ਲੱਗੀਆਂ। ਪਹਿਲੇ ਹੀ ਦਿਨ ਤੋਂ ਕੇਂਦਰੀ ਮੰਤਰੀ ਇਨ੍ਹਾਂ ਬਿੱਲਾਂ ਦੀ ਵਕਾਲਤ ਕਰਦੇ ਆ ਰਹੇ ਹਨ। ਮੰਤਰੀ ਨੇ ਕਿਹਾ ਕਿ ਸਰਕਾਰ ਬਿੱਲਾਂ ਵਿੱਚ ਸੋਧ ਕਰਨ ਨੂੰ ਤਿਆਰ ਹੈ, ਪਰ ਇਨ੍ਹਾਂ ਕਾਨੂੰਨਾਂ ਵਿੱਚ ਕੁੱਝ ਵੀ ਗਲਤ ਨਹੀਂ ਹੈ। ਸਰਕਾਰ ਇਨ੍ਹਾਂ ਕਾਨੂੰਨਾਂ ਨੂੰ ਰੱਦ ਨਹੀਂ ਕਰੇਗੀ। ਐਮ.ਐਸ.ਪੀ ਖਤਮ ਨਹੀ ਹੋਵੇਗੀ। ਕੇਂਦਰ ਸਰਕਾਰ ਵਾਰ ਵਾਰ ਕਹਿੰਦੀ ਹੈ ਕਿ ਇਹ ਬਿੱਲ ਕਿਸਾਨਾਂ ਲਈ ਲਾਹੇਵੰਦ ਹਨ। ਜੇ ਇਹ ਬਿੱਲ ਕਿਸਾਨਾਂ ਲਈ ਲਾਹੇਵੰਦ ਹਨ ਤਾਂ ਸਰਕਾਰ ਕਾਨੂੰਨਾਂ ਵਿੱਚ ਸੋਧ ਕਰਨ ਲਈ ਕਿਉਂ ਤਿਆਰ ਹੈ? ਜਦੋਂ ਕਿਸਾਨ ਆਪਣਾ ਫਾਇਦਾ ਕਰਵਾਉਣਾ ਨਹੀ ਚਾਹੁੰਦੇ ਤਾਂ ਸਰਕਾਰ ਧੱਕੇ ਨਾਲ ਕਿਸਾਨਾਂ ਦੇ ਗਲ਼ ਇਹ ਕਾਨੂੰਨ ਕਿਉਂ ਮੜ੍ਹ ਰਹੀ ਹੈ? ਕਿਸਾਨਾਂ ਨੂੰ ਮੰਡੀਆਂ ਖਤਮ ਹੋਣ ਦਾ ਵੀ ਡਰ ਹੈ। ਕੇਂਦਰ ਸਰਕਾਰ ਦੇ ਵਜ਼ੀਰ ਕਹਿੰਦੇ ਹਨ ਕਿ ਕਿਸਾਨਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਦਿੱਲੀ ਦੀਆਂ ਬਰੂਹਾਂ 'ਤੇ ਟਰੈਕਟਰ ਮਾਰਚ ਕੱਢਿਆ ਗਿਆ। ਪਗੜੀ ਸੰਭਾਲ ਜੱਟਾ ਦਿਵਸ, ਕਿਸਾਨਾਂ ਦੇ ਮਸੀਹਾ ਛੋਟੂ ਰਾਮ ਦੀ ਜਯੰਤੀ ਵੀ ਬਰੂਹਾਂ 'ਤੇ ਮਨਾਈ ਗਈ। 500 ਤੋਂ ਵੱਧ ਕਿਸਾਨਾਂ ਨੇ ਸ਼ਹੀਦੀ ਵੀ ਦਿੱਤੀ ਹੈ। ਕਿਸਾਨ ਸਮਝਦਾਰ ਹਨ। ਭੋਲੇ-ਭਾਲੇ ਹਨ। ਇਹ ਖੇਤੀ ਕਾਨੂੰਨਾਂ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਹਨ। ਆਖਿਰ ਸਰਕਾਰ ਐਮ.ਐਸ.ਪੀ ਨੂੰ ਕਾਨੂੰਨੀ ਜਾਮਾ ਕਿਉਂ ਨਹੀਂ ਪਹਿਨਾਉਣਾ ਚਾਹੁੰਦੀ? ਕੇਂਦਰ ਸਰਕਾਰ ਆਪਣੀ ਅੜੀ ਕਿਉਂ ਨਹੀ ਛੱਡ ਰਹੀ? ਦਿੱਲੀ ਦੀਆਂ ਬਰੂਹਾਂ 'ਤੇ ਬੈਠਿਆਂ ਕਿਸਾਨਾਂ 'ਤੇ ਸਰਕਾਰ ਵਲੋਂ ਤਸ਼ੱਦਦ ਵੀ ਢਾਹੇ ਗਏ। ਸਰਕਾਰ ਨੂੰ ਇਤਿਹਾਸ ਵੱਲ ਝਾਤੀ ਮਾਰ ਲੈਣੀ ਚਾਹੀਦੀ ਹੈ ਕਿ ਜਦੋਂ 1960 ਵਿੱਚ ਦੇਸ਼ ਨੂੰ ਅਨਾਜ ਦੀ ਥੁੜ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਅਤੇ ਸਾਨੂੰ ਵਿਦੇਸ਼ਾਂ ਮੂਹਰੇ ਹੱਥ ਫੈਲਾਉਣੇ ਪੈ ਰਹੇ ਸਨ ਤਾਂ ਉਹ ਸਾਡੇ ਅੱਗੇ ਕਈ ਸ਼ਰਤਾਂ ਰੱਖ ਦਿੰਦੇ ਸਨ। ਫਿਰ ਸਾਡੇ ਪੰਜਾਬ ਅਤੇ ਹਰਿਆਣਾ ਦੇ ਕਿਸਾਨ ਵੀਰਾਂ ਨੇ ਆਪਣੀ ਮਿਹਨਤ ਸਦਕਾ ਵਧੀਆ ਖਾਦਾਂ ਤੇ ਬੀਜਾਂ ਦੀ ਵਰਤੋਂ ਕਰ ਕੇ ਝੋਨੇ, ਕਣਕ ਦੀ ਰਿਕਾਰਡ ਤੋੜ ਉਪਜ ਕੀਤੀ ਸੀ। ਸਰਕਾਰ ਇਸ ਅੰਦੋਲਨ ਨੂੰ ਜਿੰਨਾਂ ਲੰਬਾ ਖਿੱਚੇਗੀ, ਇਹ ਹੋਰ ਪ੍ਰਚੰਡ ਹੁੰਦਾ ਜਾਵੇਗਾ। ਇਸ ਦਾ ਸਰਕਾਰ ਨੂੰ ਹੀ ਨੁਕਸਾਨ ਹੋਵੇਗਾ। ਜਮਹੂਰੀਅਤ ਵਿੱਚ ਕਿਸੇ ਵੀ ਕਾਨੂੰਨ 'ਤੇ ਦੁਬਾਰਾ ਵਿਚਾਰ ਕਰਨਾ ਸੰਭਵ ਹੈ।

* * * * *

## ਪੰਜਾਬ ਦੀ ਮਾਣਮੱਤੀ ਸਫਲਤਾ

ਇਸ ਸਮੇਂ ਜਦੋਂ ਕੋਵਡ ਬਿਮਾਰੀ ਨੇ ਪੂਰੇ ਦੇਸ਼ ਨੂੰ ਮਧੋਲਿਆ ਪਿਆ ਹੈ, ਪੰਜਾਬ ਨੇ ਸਕੂਲੀ ਸਿੱਖਿਆ ਖੇਤਰ ਵਿੱਚ ਪਹਿਲਾ ਸਥਾਨ ਹਾਸਲ ਕਰ ਕੇ ਕ੍ਰਿਸ਼ਮਾ ਕਰ ਵਿਖਾਇਆ ਹੈ। ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਵਲੋਂ ਸਾਲ 2019-20 ਲਈ ਜਾਰੀ 'ਕਾਰਗੁਜ਼ਾਰੀ ਦਰਜਾਬੰਦੀ ਇੰਡੈਕਸ' ਰਿਪੋਰਟ ਅਨੁਸਾਰ ਪੰਜਾਬ ਦੇ ਸਕੂਲ਼ ਸਿੱਖਿਆ ਵਿਭਾਗ ਨੇ 70 ਇੰਡੀਕੇਟਰਾਂ ਦੇ ਅਧਾਰ 'ਤੇ 1000 ਵਿੱਚੋਂ 929 ਅੰਕ ਲੈ ਕੇ ਦੇਸ਼ ਵਿੱਚ ਪਹਿਲੀ ਪੋਜ਼ੀਸ਼ਨ ਮੱਲੀ ਹੈ। ਇਸ ਤੋਂ ਬਾਅਦ ਚੰਡੀਗੜ੍ਹ(912), ਤਾਮਿਲਨਾਡੂ (906), ਕੇਰਲ (901) ਅਤੇ ਅੰਡੇਮਾਨ-ਨਿੱਕੋਬਾਰ (901) ਆਉਂਦੇ ਹਨ। ਇਸ ਸੂਚੀ ਵਿੱਚ ਸਭ ਤੋਂ ਥੱਲੇ ਰਹਿਣ ਵਾਲੇ ਲੱਦਾਖ ਦੇ 545 ਅੰਕ ਹਨ। ਗੁਜਰਾਤ 884 ਅੰਕ ਲੈ ਕੇ ਪਿਛਲੇ ਸਾਲ ਦੂਜੇ ਸਥਾਨ ਤੋਂ ਖਿਸਕ ਕੇ ਅੱਠਵੇਂ ਸਥਾਨ 'ਤੇ ਚਲਾ ਗਿਆ ਹੈ। ਇਸ ਵਰਗੀਕਰਣ ਚਾਰ ਉੱਪਖੇਤਰਾਂ ਵਿੱਚ ਪ੍ਰਾਪਤੀਆਂ ਦੇ ਆਧਾਰ ਤੇ ਕੀਤਾ ਗਿਆ ਹੈ। ਇੱਕ, ਅਕਸੈਸ (ਪਹੁੰਚ) ਦੂਜਾ ਬੁਨਿਆਦੀ ਢਾਂਚਾ ਤੇ ਸਹੂਲਤਾਂ ; ਤੀਜਾ, ਸਮਾਨਤਾ ਚੌਥਾ, ਗੁਣਵੱਤਾ । ਇਸ ਨਾਲ ਕਿਸੇ ਸੂਬੇ ਵਿੱਚ ਸਕੂਲਾਂ ਦੀਆਂ ਖਾਮੀਆਂ ਲੱਭਣ ਅਤੇ ਭਵਿੱਖ ਵਿੱਚ ਇਨ੍ਹਾਂ ਨੂੰ ਦੂਰ ਕਰਨ ਵਿੱਚ ਮੱਦਦ ਮਿਲੇਗੀ। ਪੰਜਾਬ ਨੇ ਹਰ ਖੇਤਰ ਵਿੱਚ 20% ਬਿਹਤਰੀ ਨਾਲ ਪਹਿਲਾ ਸਥਾਨ ਹਾਸਲ ਕੀਤਾ ਹੈ।

## ਇਤਿਹਾਸਕ ਬੀਚ-ਵੈਂਚੁਰਾ ਕੈਲੇਫੋਰਨੀਆ

**ਦਵਿੰਦਰ ਸਿੰਘ ਜਟਾਣਾ**
98760-62736



ਕੈਲੇਫੋਰਨੀਆਂ ਆਪਣੇ ਖੁਸ਼ਗਵਾਰ ਤੇ ਸੁਹਾਵਣੇ ਮੌਸਮਾਂ ਕਰ ਕੇ ਅਮਰੀਕਾ ਦੀ ਬਿਹਤਰੀਨ ਸਟੇਟ ਵਜੋਂ ਦੁਨੀਆਂ ਭਰ ਵਿੱਚ ਜਾਣਿਆਂ ਜਾਂਦਾ ਹੈ। ਇੱਥੋਂ ਦੀ ਜਰਖੇਜ਼ ਧਰਤੀ, ਪਹਾੜ, ਮੈਦਾਨੀ ਇਲਾਕੇ, ਝੀਲਾਂ, ਨੈਸ਼ਨਲ ਪਾਰਕ ਤੇ ਸਮੁੰਦਰੀ ਕੰਢਿਆਂ 'ਤੇ ਸਾਫ ਸੁਥਰੀਆਂ ਬੀਚਾਂ ਇਸ ਦੇ ਸੁਹੱਪਣ ਵਿੱਚ ਵਾਧਾ ਕਰਦੇ ਹਨ। ਇੱਥੋਂ ਦੇ ਫ਼ਲਾਂ ਦੀਆਂ ਬਣੀਆਂ ਵਾਈਨਾਂ ਦਰਜਨਾਂ ਕਿਸਮ ਦੇ ਸਵਾਦ ਸਾਂਭੀ ਬੈਠੀਆਂ ਹਨ, ਜਿਨ੍ਹਾਂ ਵਿੱਚ ਅੰਗੂਰ, ਬੈਰੀਜ਼, ਪੀਚ, ਸਟਰਾਅ ਬੈਰੀ ਆਦਿ ਮਸ਼ਹੂਰ ਹਨ। ਇੱਥੇ ਦਰਜਨਾਂ ਕਿਸਮ ਦੇ ਰਸ ਭਰੇ ਸੰਤਰੇ, ਪਲਮ, ਅੰਗੂਰਾਂ ਤੋਂ ਇਲਾਵਾ ਹਜ਼ਾਰਾਂ ਏਕੜਾਂ ਵਿੱਚ ਬਦਾਮ ਤੇ ਹੋਰ ਸੁੱਕੇ ਫਲਾਂ ਦੀ ਖੇਤੀ ਦੀ ਭਰਮਾਰ ਹੈ। ਇਨ੍ਹਾਂ ਫਾਰਮਾਂ 'ਤੇ ਪੰਜਾਬੀਆਂ ਦਾ ਲਗਭਗ ਕਬਜ਼ਾ ਹੈ।

ਕੈਲੇਫੋਰਨੀਆਂ ਸਵਾ ਸੌ ਸਾਲ ਪਹਿਲਾਂ ਮੈਕਸੀਕੋ ਦਾ ਹਿੱਸਾ ਸੀ ਜੋ ਬਾਅਦ ਵਿੱਚ ਅਮਰੀਕਾ ਨੇ ਹਥਿਆ ਲਿਆ ਜਿਸ ਨਾਲ ਅੱਧਾ ਹਿੱਸਾ ਮੈਕਸੀਕੋ ਕੋਲ ਹੈ ਤੇ ਅੱਧਾ ਅਮਰੀਕਾ ਦੇ ਕਬਜ਼ੇ ਵਿੱਚ। ਇਸ ਦਾ ਮੁੱਖ ਕਾਰਨ ਸਾਨ ਫਰਾਂਸਿਸਕੋ ਇਲਾਕੇ ਵਿੱਚ ਸੋਨੇ ਦੀਆਂ ਖਾਣਾਂ ਦਾ ਹੋਣਾ ਸੀ। ਇਨ੍ਹਾਂ ਕਰ ਕੇ ਹੀ ਇਸ ਨੂੰ ਗੋਲਡਨ ਸਟੇਟ ਵੀ ਕਿਹਾ ਜਾਂਦਾ ਹੈ। ਸਾਨ ਫਰਾਂਸਿਸਕੋ ਵਿੱਚ ਸਮੁੰਦਰ ਅੰਦਰ ਮੀਲਾਂ ਲੰਮਾ ਪੁਲ ਬਣਾਇਆ ਗਿਆ ਹੈ ਜਿਸ ਦਾ ਨਾਂ ਗੋਲਡਨ ਗੇਟ ਬਰਿੱਜ ਹੈ। ਇਹ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਹੈ। ਇਸ ਤੋਂ ਇਲਾਵਾ ਕੈਲੇਫੋਰਨੀਆਂ ਦੀ ਧਰਤੀ ਵਿੱਚ ਹਜ਼ਾਰਾਂ ਤੇਲ ਖੂਹ ਹਨ ਜਿਨ੍ਹਾਂ ਦੀ ਵਰਤੋਂ ਅਮਰੀਕਨ ਸਰਕਾਰਾਂ ਬਹੁਤ ਹੀ ਕਿਫ਼ਾਇਤ ਨਾਲ ਕਰਦੀਆਂ ਹਨ। ਗੱਲ ਕੀ ਦੁਨੀਆਂ ਵਿੱਚ ਇਹ ਖਿੱਤਾ ਫਲਾਂ, ਫਸਲਾਂ, ਵਾਈਨੀਰੀਜ਼, ਤੇਲ ਤੇ ਸੁੱਕੇ ਫਲਾਂ ਦਾ ਭੰਡਾਰ ਹੈ।

ਇੱਥੋਂ ਦੀਆਂ ਬੀਚਾਂ ਬੇਹਦ ਸਾਫ ਸੁਥਰੀਆਂ, ਮਨਮੋਹਕ ਤੇ ਖੂਬਸੂਰਤ ਹਨ। ਇੱਥੋਂ ਦੇ ਰੈਸਤਰਾਂ ਦੁਨੀਆਂ ਭਰ ਦੇ ਸਵਾਦੀ ਖਾਣਿਆਂ ਨਾਲ ਘੁਮੱਕੜਾਂ ਲਈ ਤਿਆਰ ਬਰ ਤਿਆਰ ਰਹਿੰਦੀ ਹਨ। ਇਨ੍ਹਾਂ ਦੇ ਨੇੜਿਓਂ ਲੰਘਦਿਆਂ ਸੀਅ ਫੂਡ, ਸਲਮਨ, ਟੂਨਾ ਆਦਿ ਦੀ ਮਹਿਕ ਫ਼ਿਜ਼ਾ ਵਿੱਚ ਘੁਲੀ ਭੁੱਖ ਨੂੰ ਦੂਣਾ ਚੌਣਾ ਕਰ ਦਿੰਦੀ ਹੈ। ਯੂ.ਐਸ.101 ਹਾਈਵੇਅ ਜੋ ਸਮੁੰਦਰੀ ਤੱਟ 'ਤੇ ਲਾਸ ਏਂਜਲਜ਼ ਤੇ ਸਾਨ-ਫਰਾਂਸਿਸਕੋ ਨੂੰ ਜੋੜਦਾ ਹੈ, ਇਸ ਦੇ ਨਾਲ ਨਾਲ ਬੀਚਾਂ ਦੀ ਬਹੁਤਾਤ ਹੈ। ਸਿਰੇ ਤੱਕ ਸੈਲਾਨੀ ਇਨ੍ਹਾਂ ਦਾ ਆਨੰਦ ਮਾਣਦੇ ਹਨ। ਇਨ੍ਹਾਂ ਵਿੱਚੋਂ ਇੱਕ ਹੈ-ਵੈਂਚੁਰਾ ਬੀਚ। ਭਾਵੇਂ ਅਠ੍ਹਾਰਵੀਂ ਸਦੀ ਦੇ ਅਖੀਰਲੇ ਦਹਾਕੇ ਵਿੱਚ ਬਿਉਨਾਵੈਂਚੁਰਾ ਸਪੇਨੀ ਮਿਸ਼ਨ ਨੇ ਇੱਥੇ ਇੱਕ ਚਰਚ ਸਥਾਪਤ ਕੀਤੀ ਪ੍ਰੰਤੂ ਕਈ ਦਹਾਕਿਆਂ ਤੱਕ ਆਲੇ ਦੁਆਲੇ ਦੀਆਂ ਕਿਸਾਨੀ ਲੋੜਾਂ ਦੀ ਪੂਰਤੀ, ਉਨ੍ਹਾਂ ਦੀ ਉਪਜ ਨੂੰ ਮੰਡੀ ਤੱਕ ਲੈ ਜਾਣ ਦੀ ਕੋਈ ਠੀਕ ਵਿਵਸਥਾ ਨਹੀਂ ਸੀ। ਸਾਮਾਨ ਦੀ ਢੋਅ ਢੁਆਈ ਸਮੁੰਦਰੀ ਰਸਤਿਆਂ 'ਤੇ ਸੀਮਤ ਸਾਧਨਾਂ ਰਾਹੀਂ ਹੀ ਕੀਤੀ ਜਾਂਦੀ ਸੀ। ਇਸ ਜ਼ਰੂਰਤ ਨੂੰ ਮੁੱਖ ਰਖਦਿਆਂ 1871-72 ਵਿੱਚ ਇੱਥੇ ਲੱਕੜੀ ਦਾ 1700 ਫੁੱਟ ਦੇ ਕਰੀਬ ਲੰਮਾ ਅਤੇ 25-30 ਫੁੱਟ ਉੱਚਾ ਪੀਅਰ ਬਣਨਾ ਸ਼ੁਰੂ ਹੋਇਆ। ਸਮੁੰਦਰ ਅੰਦਰ 1700 ਫੁੱਟ ਜਾਂਦਾ ਇਹ ਪੀਅਰ ਵਪਾਰਕ ਸਾਮਾਨ ਆਦਿ ਨੂੰ ਲੋਡਿੰਗ ਅਨਲੋਡਿੰਗ ਲਈ ਵਰਤੋਂ ਵਿੱਚ ਆਉਣ ਲੱਗਾ। ਆਲੇ ਦੁਆਲੇ ਦੇ ਖੇਤਾਂ ਵਿੱਚ ਤੇਲ ਦੇ ਭੰਡਾਰ ਸਨ ਜਿਸ ਨੂੰ ਦੇਖਦਿਆਂ ਤੇਲ ਕੰਪਨੀਆਂ ਨੇ 1875 ਵਿੱਚ ਆਪਣਾ ਬਿਜ਼ਨਸ ਸ਼ੁਰੂ ਕਰ ਲਿਆ। ਇੱਸੇ ਦੀ ਕੜੀ ਵਜੋਂ ਉਨ੍ਹਾਂ ਤਜ਼ਾਰਤੀ ਖਰਚਿਆਂ ਨੂੰ ਘਟਾਉਣ ਲਈ 40 ਮੀਲ ਲੰਮੀ ਤੇਲ ਪਾਈਪ ਸੈਂਟਾ ਕਲਾਮ ਰੀਜਨ ਤੱਕ ਵਿਛਾ ਦਿੱਤੀ ਜਿੱਥੇ ਵੱਡੇ ਵੱਡੇ ਟੈਂਕਰਾਂ ਵਿੱਚ ਤੇਲ ਸਟੋਰ ਕੀਤਾ ਜਾਣ ਲੱਗਾ। ਹੌਲੀ ਹੌਲੀ ਵੈਂਚੁਰਾ ਘੋੜਾ-ਵੈਗਨਾਂ ਨਾਲ ਖਿੱਚ ਕੇ ਗਲਾਸ, ਹਾਰਡਵੇਅਰ, ਕੋਲਾ, ਮਿੱਟੀ ਦਾ ਤੇਲ, ਖੰਡ, ਕਾਫੀ,ਚਾਹ, ਖਿਡੌਣੇ ਤੇ ਫਰਨੀਚਰ ਦਾ ਆਦਾਨ ਪ੍ਰਦਾਨ ਕਰਨ ਵਾਲਾ ਕੇਂਦਰ ਬਣ ਗਿਆ। ਇੱਥੇ ਆਲੇਦੁਆਲੇ ਦੇ ਖੇਤਰ ਵਿੱਚ ਸੰਤਰਾ, ਮੱਕੀ, ਬਾਜਰਾ ਆਦਿ ਦਾ ਵਪਾਰ ਲਾਸ ਏਂਜਲਜ਼ ਅਤੇ ਦੂਜੇ ਪਾਸੇ ਸਾਨ ਫਰਾਂਸਿਸਕੋ ਨਾਲ ਹੋਣ ਲੱਗਾ।




ਅਜੋਕੇ ਸਮੇਂ ਵਿੱਚ ਜਦੋਂ ਨਵੀਂ ਤਕਨਾਲੋਜੀ ਸਿਖਰਾਂ 'ਤੇ ਹੈ ਇਹ ਕੰਮ ਤੇਜ਼ ਰਫਤਾਰ ਮਾਲ ਗੱਡੀਆਂ, ਟਰੱਕਾਂ ਤੇ ਪਾਣੀ ਵਿੱਚ ਚੱਲਣ ਵਾਲੇ ਸਮੁੰਦਰੀ ਵਾਹਨਾਂ ਨਾਲ ਹੋਣ ਲੱਗਾ ਹੈ। ਵੈਂਚੁਰਾ ਇੱਕ ਕਾਉਂਟੀ ਬਣ ਚੁੱਕਾ ਹੈ। ਇੱਥੋਂ ਦੀ ਬੀਚ ਉੱਤੇ ਸੈਲਾਨੀ ਪਾਣੀ ਖੇਡਾਂ ਦਾ ਅਨੰਦ ਮਾਣਦੇ ਹਨ। ਪੀਅਰ ਦੇ ਸ਼ੁਰੂ ਵਿੱਚ ਬੀਚ ਹਾਊਸ ਇਮਾਰਤ ਵਿੱਚ ਰੈਸਤੋਰਾਂ, ਗਿਫਟ ਸ਼ਾਪ ਆਦਿ ਸੁਸ਼ੋਭਤ ਹਨ। ਸਮੁੰਦਰ ਵਿੱਚ ਸਤਾਰਾਂ-ਅਠਾਰਾਂ ਸੌ ਫੁੱਟ ਅੰਦਰ ਤੱਕ ਜਾਂਦੀ ਪੀਅਰ 'ਤੇ ਲੋਕਲ ਲੋਕ ਅਤੇ ਸੈਲਾਨੀ ਸਾਰਾ ਦਿਨ ਸੈਰ ਕਰ ਕੇ ਆਸੇ ਪਾਸੇ ਦੂਰ ਦੂਰ ਤੱਕ ਸਮੁੰਦਰੀ ਲਹਿਰਾਂ ਦਾ ਆਨੰਦ ਮਾਣਦੇ ਹਨ। ਪੀਅਰ ਦੇ ਦੋਹੀਂ ਪਾਸੀਂ ਮੱਛੀ ਪਕੜਨ ਦੇ ਸ਼ੌਕੀਨ ਆਪਣੀਆਂ ਕੁੰਡੀਆਂ ਦਰਿਆ ਵਿੱਚ ਸੁੱਟ ਕੇ ਬੈਠੇ ਰਹਿੰਦੇ ਹਨ। ਵੈਂਚੁਰਾ ਹਾਰਬੋਰ ਪਿੰਡ ਤੋਂ ਚੈਨਲ ਆਈਲੈਂਡ ਤੱਕ ਕਰਿਊਜ਼ ਦੀ ਸੈਰ ਦਾ ਵੀ ਲੁਤਫ ਲਿਆ ਜਾ ਸਕਦਾ ਹੈ। ਇਸ ਤਰ੍ਹਾਂ ਵੈਂਚੁਰਾ ਹਾਰਬਰ ਪਿੰਡ, ਪੀਅਰ, ਬੀਚ ਤੇ ਪਾਣੀ ਖੇਡਾਂ ਨਾਲ ਲੈਸ ਇਹ ਸ਼ਹਿਰ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣ ਚੁੱਕਾ ਹੈ।

## ਪੰਜਾਬੀਆਂ ਦੀ ਸ਼ਾਨ ਵੱਖਰੀ

• ਜਾਪਾਨ ਦੀ ਰਾਜਧਾਨੀ ਟੋਕੀਓ ਵਿਖੇ ਜੁਲਾਈ ਵਿੱਚ ਹੋਣ ਵਾਲੀਆਂ ਉਲੰਪਿਕ ਖੇਡਾਂ ਵਿੱਚ ਭਾਗ ਲੈਣ ਵਾਲੀ ਭਾਰਤੀ ਹਾਕੀ ਦੀ ਟੀਮ ਲਈ ਚੁਣੇ ਗਏ 16 ਖਿਡਾਰੀਆਂ ਵਿੱਚ 8 ਪੰਜਾਬ ਦੇ ਖਿਡਾਰੀ ਹਨ। ਇਸ ਟੀਮ ਦੇ ਕਪਤਾਨ ਜਲੰਧਰ ਲਾਗੇ ਪਿੰਡ ਮਿੱਠਾਪੁਰ ਦੇ ਵਸਨੀਕ ਮਨਪ੍ਰੀਤ ਸਿੰਘ ਹਨ। ਇਨ੍ਹਾਂ ਵਿੱਚੋਂ ਤਿੰਨ ਖਿਡਾਰੀ - ਮਿੱਠਾਪੁਰ(ਜਲੰਧਰ) ਦੇ ਮਨਦੀਪ ਸਿੰਘ, ਖੁਸਰੋਪੁਰ(ਜਲੰਧਰ) ਦੇ ਹਾਰਦਿਕ ਸਿੰਘ ਅਤੇ ਬੁਤਾਲਾ(ਅੰਮ੍ਰਿਤਸਰ) ਦੇ ਦਿਲਪ੍ਰੀਤ ਸਿੰਘ ਕੇਸਾਧਾਰੀ ਸਿੱਖ ਹਨ। ਹੋਰ ਖਿਡਾਰੀਆਂ ਵਿੱਚ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਖੇਲਰਾਂ ਤੋਂ ਗੁਰਜੰਟ ਸਿੰਘ, ਪਿੰਡ ਟਿਮੋਵਾਲ ਤੋਂ ਹਰਮਨਪ੍ਰੀਤ ਸਿੰਘ, ਅਟਾਰੀ ਤੋਂ ਸ਼ਮਸ਼ੇਰ ਸਿੰਘ ਅਤੇ ਫਰੀਦਕੋਟ ਦੇ ਰੁਪਿੰਦਰਪਾਲ ਸਿੰਘ ਸ਼ਾਮਿਲ ਹਨ। ਸਾਰੇ ਪੰਜਾਬੀ ਇਨ੍ਹਾਂ ਖਿਡਾਰੀਆਂ 'ਤੇ ਬਹੁਤ ਮਾਣ ਕਰਦਿਆਂ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਇਨ੍ਹਾਂ ਨੂੰ ਆਪਣੀ ਖੇਡ ਪ੍ਰਤਿਭਾ ਪ੍ਰਗਟ ਕਰਨ ਦਾ ਬਲ ਬਖ਼ਸ਼ੇ।

❈ ❈ ❈ ❈ ❈

*ਔਕਸਫਾਮ ਇੰਡੀਆ ਨੇ ਆਪਣੀ '**ਇਨਇਕੁਐਲਟੀ ਵਾਇਰਸ ਰਿਪੋਰਟ**' ਵਿੱਚ ਖੁਲਾਸਾ ਕੀਤਾ ਹੈ ਕਿ ਸਾਲ 2020-21 ਦੌਰਾਨ ਕੋਵਡ ਮਹਾਂਮਾਰੀ ਦੇ ਫੈਲਣ ਨਾਲ ਸਰਕਾਰਾਂ ਵਲੋਂ ਕੀਤੀਆਂ ਤਾਲਾਬੰਦੀਆਂ ਕਾਰਨ ਭਾਰਤ ਦੇ 8 ਕਰੋੜ ਤੋਂ ਵੱਧ ਲੋਕ ਗਰੀਬੀ ਦੀ ਰੇਖਾ ਤੋ ਹੇਠਾਂ ਧੱਕੇ ਗਏ ਪਰ ਅਰਬਪਤੀਆਂ ਦੀ ਦੌਲਤ 35% ਵਧੀ ਹੈ। ਇੱਕ ਅੰਦਾਜ਼ੇ ਅਨੁਸਾਰ ਇਸ ਮਹਾਂਮਾਰੀ ਦੌਰਾਨ ਜਿੰਨੀ ਕਮਾਈ ਭਾਰਤ ਦੇ ਚੋਟੀ ਦੇ 11 ਅਰਬਪਤੀਆਂ ਨੇ ਕੀਤੀ ਹੈ ਉਸ ਨਾਲ ਦੇਸ਼ ਦੇ ਸਾਰੇ ਗਰੀਬਾਂ ਨੂੰ 10 ਸਾਲ ਤੱਕ ਮਗਨਰੇਗਾ ਅਧੀਨ ਰੁਜ਼ਗਾਰ ਦਿੱਤਾ ਜਾ ਸਕਦਾ ਹੈ। ਜੇ ਇਨ੍ਹਾਂ ਅਰਬਪਤੀਆਂ ਦੀ ਕਮਾਈ 'ਤੇ 1% ਟੈਕਸ ਲਗਾ ਦਿੱਤਾ ਜਾਵੇ ਤਾਂ ਦੇਸ਼ ਦੀਆਂ ਨੌਂ ਲੱਖ ਆਸ਼ਾ ਕਾਮਿਆਂ ਨੂੰ ਪੰਜ ਸਾਲ ਲਈ ਤਨਖਾਹ ਦਿੱਤੀ ਜਾ ਸਕਦੀ ਹੈ। ਇਸ ਸਮੇਂ ਮੁਕੇਸ਼ ਅੰਬਾਨੀ ਪ੍ਰਤਿ ਘੰਟਾ 90 ਕਰੋੜ ਰੁਪਏ ਦੀ ਕਮਾਈ ਕਰ ਰਿਹਾ ਸੀ ਜਦੋਂ ਕਿ ਦੇਸ਼ ਦੇ 24% ਲੋਕ 3000 ਰੁਪਏ ਮਹੀਨਾ ਕਮਾ ਰਹੇ ਸਨ। ਇੰਨੀ ਕਮਾਈ ਇੱਕ ਮਜ਼ਦੂਰ 10000 ਸਾਲਾਂ ਵਿੱਚ ਕਰ ਸਕੇਗਾ। ਜਾਂ ਇਹ ਕਹੋ ਕਿ ਅੰਬਾਨੀ ਦੀ ਇੱਕ ਸਕਿੰਟ ਦੀ ਕਮਾਈ ਮਜ਼ਦੂਰ ਦੀ ਤਿੰਨ ਸਾਲਾਂ ਦੀ ਕਮਾਈ ਬਰਾਬਰ ਹੈ। ਮੁਕੇਸ਼ ਅੰਬਾਨੀ ਦੀ ਜਾਇਦਾਦ 72% ਵਧ ਕੇ 5837 ਬਿਲੀਅਨ ਰੁਪਏ ਹੋ ਗਈ ਹੈ ਜਿਸ ਨਾਲ ਉਹ ਵਿਸ਼ਵ ਦਾ ਚੌਥੇ ਨੰਬਰ ਦਾ ਅਮੀਰ ਬਣ ਗਿਆ ਹੈ।

* ਔਕਸਫੌਮ ਇਕ ਗਲੋਬਲ ਸੰਸਥਾ ਹੈ ਜਿਹੜੀ ਗਰੀਬਾਂ ਨਾਲ ਹੁੰਦੀ ਬੇਨਿਆਈ ਵਿਰੁੱਧ ਕੰਮ ਕਰਦੀ ਹੈ

## ਪੰਜਾਬੀਆਂ ਦੀ ਬੱਲੇ ਬੱਲੇ



• ਪੰਜਾਬ ਦੇ ਸ਼ਹਿਰ ਮੋਹਾਲੀ ਦੇ ਜੰਮਪਲ ਅਤੇ ਹੁਣ ਅਮਰੀਕਾ ਦੇ ਟੈਕਸਾਸ ਸ਼ਹਿਰ ਦੇ ਵਾਸੀ ਹਰਵੀਰ ਸਿੰਘ ਸੋਹੀ ਨੇ ਆਇਰਨ ਮੈਨ ਬਣ ਕੇ ਦੇਸ਼ ਅਤੇ ਸੂਬੇ ਦਾ ਨਾਮ ਉੱਚਾ ਕੀਤਾ ਹੈ। ਉਸ ਨੇ ਅਮਰੀਕਾ ਦੇ ਸ਼ਹਿਰ ਹਵਾਈ ਵਿੱਚ ਹੋਈ 'ਆਇਰਨਮੈਨ ਵਿਸ਼ਵ ਚੈਂਪੀਅਨਸ਼ਿਪ' ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। ਇਸ ਪ੍ਰਤਿਯੋਗਤਾ ਵਿੱਚ ਦੋ ਕਿਲੋਮੀਟਰ ਤੈਰਾਕੀ, 90 ਕਿਲੋਮੀਟਰ ਸਾਈਕਲਿੰਗ ਅਤੇ 21 ਕਿਲੋਮੀਟਰ ਦੌੜ ਦੇ ਤਿੰਨ ਮੁਕਾਬਲੇ ਹੋਏ ਸਨ। ਇਸ ਪ੍ਰਤਿਯੋਗਤਾ ਵਿੱਚ ਵਿਸ਼ਵ ਭਰ ਦੇ ਖਿਡਾਰੀਆਂ ਨੇ ਹਿੱਸਾ ਲਿਆ ਹੈ।



• ਯੂ.ਕੇ. ਦੇ ਸੂਬਾ ਸਕਾਟਲੈਂਡ ਦੀ ਪੰਜਾਬਣ ਸ਼੍ਰੀਮਤੀ ਪਾਮ ਗੋਸਲ ਜੋ ਕਿ ਗਲਾਸਗੋ ਸ਼ਹਿਰ ਦੀ ਜੰਮਪਲ ਹੈ, ਉਸ ਦੇਸ਼ ਦੀ ਮੈਂਬਰ ਪਾਰਲੀਮੈਂਟ ਮੈਂਬਰ ਚੁਣੀ ਗਈ ਹੈ। ਉਹ ਇਹ ਅਹੁਦਾ ਹਾਸਲ ਕਰਨ ਵਾਲੀ ਪਹਿਲੀ ਸਿੱਖ ਗੈਰ ਗੋਰੀ ਔਰਤ ਹੈ। ਉਸ ਨੇ ਆਪਣੀ ਸਿੱਖੀ ਵਿਚਾਰਧਾਰਾ ਦਾ ਵਿਸ਼ਵ ਪੱਧਰ 'ਤੇ ਪ੍ਰਦਸ਼ਰਨ ਕਰਦਿਆਂ ਪੰਜਾਬੀ ਬੋਲੀ ਵਿੱਚ ਆਪਣੇ ਹੱਥ ਵਿਚ ਗੁਰਬਾਣੀ ਦਾ ਗੁਟਕਾ ਫੜ ਕੇ ਮੂਲ ਮੰਤਰ ਕਰਦਿਆਂ ਪੰਜਾਬੀ ਵਿੱਚ ਓਥ ਲਈ ਹੈ। ਸ਼੍ਰੀਮਤੀ ਪਾਮ ਗੋਸਲ ਬਿਜ਼ਨਸ ਮੈਨਜਮੈਂਟ ਵਿੱਚ ਪੀ.ਐੱਚ.ਡੀ. ਕਰ ਰਹੀ ਹੈ। ਉਹ ਕਈ ਸਮਾਜਸੇਵੀ ਸੰਸਥਾਵਾਂ ਦੀ ਅਹੁਦੇਦਾਰ ਹੈ ਅਤੇ ਉਸ ਨੇ ਕਈ ਸਨਮਾਨ ਹਾਸਲ ਕੀਤੇ ਹੋਏ ਹਨ।

## ਭਾਰਤ ਦਾ ਮਾਣ



ਅਮਰੀਕਾ ਦੇ ਟੈਕਸਾਸ ਹਾਈ ਸਕੂਲ਼ ਵਿੱਚ ਪੜ੍ਹਦੀ ਭਾਰਤੀ ਮੂਲ ਦੀ ਵਿਦਿਆਰਥਣ ਸੋਹੀ ਸੰਜੇ ਪਟੇਲ ਨੇ ਅੰਤਰਰਾਸ਼ਟਰੀ ਵਿਗਿਆਨ ਤੇ ਇੰਜਨੀਅਰਿੰਗ ਪ੍ਰਦਰਸ਼ਨੀ ਵਿੱਚ ਪੌਲੀਉਰਥੀਨ ਰਸਾਇਣ ਨਾਲ ਵਾਤਾਵਰਨ ਅਨੁਕੂਲ ਝੱਗ ਬਣਾ ਕੇ ਪੈਟ੍ਰਿਕ ਐਚ ਹਰਡ ਸਥਿਰਤਾ ਪੁਰਸਕਾਰ-2021 ਹਾਸਲ ਕੀਤਾ ਹੈ। ਇਹ ਝੱਗ ਮੀਥਾਈਲ ਆਈਸੋਸਾਈਨੇਟ ਗੈਸ ਤੋਂ ਬਣਦੀ ਹੈ ਜਿਸ ਨਾਲ 1984 ਵਿੱਚ ਭੋਪਾਲ ਵਿਖੇ ਮਨੁੱਖੀ ਤ੍ਰਾਸਦੀ ਵਾਪਰੀ ਸੀ। ਅਮਰੀਕਾ ਦੀ ਵਾਤਾਵਰਨ ਸੁਰੱਖਿਆ ਏਜੰਸੀ ਨੇ ਇਹ ਇਨਾਮ ਦਿੱਤਾ ਹੈ।

# ਮਨੁੱਖੀ ਦਰਦ ਦਾ ਅਹਿਸਾਸ

ਦੁਨੀਆਂ ਦੇ ਸਭ ਤੋਂ ਵੱਧ ਤਾਕਤਵਰ ਦੇਸ਼ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਇੱਕ ਸੱਤ ਸਾਲਾ ਅਫਰੀਕਨ ਮੂਲ ਦੀ ਕਾਲੀ ਲੜਕੀ ਸਾਹਮਣੇ ਝੁਕ ਕੇ ਮਾਫੀ ਮੰਗੀ ਹੈ। ਇਸ ਦਾ ਜ਼ਿਕਰ ਕਰਦਿਆਂ ਰਾਸ਼ਟਰਪਤੀ ਨੇ ਕਿਹਾ,"ਮੈਂ ਜੌਰਜ ਦੀ ਧੀ ਜਿਆਨਾ ਫਲੌਇਡ ਨੂੰ ਕਿਹਾ ਸੀ ਕਿ ਤੇਰੇ ਪਿਤਾ ਦੀ ਹੱਤਿਆ ਨਾਲ ਦੁਨੀਆਂ ਭਰ ਵਿੱਚ ਬਦਲਾਅ ਸ਼ੁਰੂ ਹੋਇਆ ਹੈ"। ਰਾਸ਼ਟਰਪਤੀ ਦਾ ਕਸੂਰ ਕੇਵਲ ਇੰਨਾਂ ਹੈ ਕਿ ਉਸ ਤੋਂ ਪਹਿਲੇ ਰਾਸ਼ਟਰਪਤੀ ਦੇ ਸਮੇਂ ਪਿਛਲੇ ਸਾਲ ਦੇ ਮਈ ਮਹੀਨੇ ਵਿੱਚ ਸਿਆਹਫਾਮ ਲੜਕੀ ਦੇ ਪਿਤਾ ਜੌਰਜ ਫਲੌਇਡ(46 ਸਾਲ) ਦੀ ਇੱਕ ਪੁਲਿਸ ਅਧਿਕਾਰੀ ਤੋਂ ਪੁੱਛਗਿੱਛ ਦੌਰਾਨ ਗੈਰਕਾਨੂੰਨੀ ਢੰਗ ਵਰਤਦਿਆਂ ਮੌਤ ਹੋ ਗਈ ਸੀ। ਉਸ ਸਮੇਂ ਜੋਅ ਬਾਇਡਨ ਅਜੇ ਰਾਸ਼ਟਰਪਤੀ ਵੀ ਨਹੀ ਸਨ ਬਣੇ। ਹੁਣ 21 ਅਪ੍ਰੈਲ, 2021 ਨੂੰ ਇੱਕ ਸਾਲ ਤੋਂ ਵੀ ਘੱਟ ਵਕਫੇ ਅੰਦਰ ਅਮਰੀਕਾ ਦੀ ਗਰੈਂਡ ਜਿਊਰੀ ਨੇ ਇਹ ਘਨਾਉਣਾ ਕਾਰਾ ਕਰਨ ਵਾਲੇ ਪੁਲਿਸ ਅਧਿਕਾਰੀ ਡੈਰਕ ਚੋਵਨ ਨੂੰ ਦੋਸ਼ੀ ਕਰਾਰ ਦੇ ਦਿੱਤਾ ਹੈ। ਇਸ ਅਧਿਕਾਰੀ ਨੂੰ 40 ਸਾਲ ਦੀ ਕੈਦ ਹੋ ਸਕਦੀ ਹੈ। ਇਸ ਫੈਸਲੇ 'ਤੇ ਪ੍ਰਤਿਕਿਰਿਆ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਫਲੌਇਡ ਦੀ ਮੌਤ ਚਿੱਟੇ ਦਿਨ ਵਿੱਚ ਹੋਇਆ ਕਤਲ ਸੀ। ਉਨ੍ਹਾਂ ਕਿਹਾ, " ਅਸੀਂ ਇੱਥੇ ਹੀ ਨਹੀ ਰੁਕ ਸਕਦੇ। ਅਸਲ ਬਦਲਾਅ ਲਿਆਉਣ ਲਈ ਸਾਨੂੰ ਹੁਣੇ ਬਹੁਤ ਕੁੱਝ ਕਰਨਾ ਹੋਵੇਗਾ। ਇਹ ਫੈਸਲਾ ਦੁਰਲਭ ਅਤੇ ਅਮਰੀਕਾ ਵਿੱਚ ਨਿਆਂ ਵੱਲ ਇੱਕ ਵੱਡਾ ਕਦਮ ਹੈ"। ਅਮਰੀਕਾ ਦੀ ਉੱਪਰਾਸ਼ਟਰਪਤੀ ਕਮਲਾ ਹੈਰਿਸ ਨੇ ਕਿਹਾ," ਹਾਲੇ ਵੀ ਇਸ ਨਾਲ ਦਰਦ ਦੂਰ ਨਹੀਂ ਕੀਤਾ ਜਾ ਸਕਦਾ। ਇਹ ਫੈਸਲਾ ਸਾਨੂੰ ਬਰਾਬਰ ਨਿਆਂ ਦੇ ਇਕ ਕਦਮ ਨੇੜੇ ਲੈ ਕੇ ਆਇਆ ਹੈ ਪਰ ਸੱਚ ਇਹ ਹੈ ਕਿ ਹੁਣੇ ਸਾਨੂੰ ਹੋਰ ਬਹੁਤ ਕੁੱਝ ਕਰਨਾ ਪਵੇਗਾ"। ਜੌਰਜ ਫਲੌਇਡ 'ਤੇ ਇੱਕ ਸਟੋਰ ਦੇ ਕਰਮਚਾਰੀ ਨੇ ਦੋਸ਼ ਲਗਾਇਆ ਸੀ ਕਿ ਉਸ ਨੇ ਸਾਮਨ ਖਰੀਦਣ ਸਮੇਂ ਨਕਲੀ ਨੋਟ ਦਿੱਤਾ ਸੀ। ਇਸ ਕਾਰਨ ਮਿਨੇਪੋਲਿਸ ਦੀ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਸੀ। ਉਸ ਦੀ ਪੁੱਛ ਪੜਤਾਲ ਕਰਨ ਸਮੇਂ ਪੁਲਿਸ ਅਧਿਕਾਰੀ ਨੇ ਫਲੌਇਡ ਦੀ ਧੌਣ 'ਤੇ ਗੋਡਾ ਰੱਖ ਕੇ ਨੌਂ ਮਿੰਟ ਤੋਂ ਵੱਧ ਸਮੇਂ ਤੱਕ ਦਬਾਈ ਰੱਖਿਆ ਸੀ ਜਦੋਂਕਿ ਉਹ ਵਾਰ ਵਾਰ ਇਹੀ ਕਹਿੰਦਾ ਰਿਹਾ ਕਿ ਉਸ ਨੂੰ ਸਾਹ ਲੈਣ ਵਿੱਚ ਤਕਲੀਫ ਹੋ ਰਹੀ ਹੈ। ਇਸ ਕਰੂਰਤਾ ਕਾਰਨ ਫਲੌਇਡ ਦੀ ਮੌਤ ਹੋ ਗਈ ਸੀ। ਇਸ ਕਤਲ ਨੂੰ ਨਸਲਵਾਦੀ ਕਾਰਾ ਕਹਿ ਕੇ ਵਿਸ਼ਵ ਭਰ ਵਿੱਚ ਪ੍ਰਦਰਸ਼ਨ ਹੋਏ ਸਨ।



ਇਹ ਹੈ ਅਸਲ ਮਾਇਨਿਆਂ ਵਿੱਚ ਲੋਕਤੰਤਰੀ ਦੇਸ਼ ਦੇ ਮੁਖੀ ਦੀ ਸੰਵੇਦਨਸ਼ੀਲਤਾ ਅਤੇ ਮਨੁੱਖੀ ਦਰਦ ਦਾ ਅਹਿਸਾਸ ਅਤੇ ਨਿਆਂ ਪ੍ਰਨਾਲੀ ਦੀ ਚੁਸਤੀ। ਇਸ ਘਟਨਾ ਦਾ ਮੁਕਾਬਲਾ ਆਪਣੇ ਦੇਸ਼ ਦੇ ਨੇਤਾਵਾਂ ਨਾਲ ਕਰੀਏ ਤਾਂ ਸ਼ਰਮ ਮਹਿਸੂਸ ਹੁੰਦੀ ਹੈ। ਕਹਿਣ ਨੂੰ ਤਾਂ ਸਾਡਾ ਦੇਸ਼ ਵੀ ਲੋਕਤੰਤਰੀ ਹੈ ਅਤੇ ਸਾਡਾ ਵਿਰਸਾ ਵੀ ਧਾਰਮਿਕ ਹੈ। ਪਰ ਇੱਥੇ ਸੈਕੜੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਹਜ਼ਾਰਾਂ ਹੀ ਨਿਰਦੋਸ਼ ਮਾਰੇ ਜਾਣ ਦੇ ਬਾਵਜ਼ੂਦ ਮਜਾਲ ਹੈ ਕਿ ਦੇਸ਼ ਦੇ ਮੁਖੀ ਨੇ ਕਦੇ ਲੋਕਾਂ ਦੇ ਦਰਦ ਨੂੰ ਮਹਿਸੂਸ ਕਰਦਿਆਂ ਦੋ ਸ਼ਬਦ ਵੀ ਬੋਲੇ ਹੋਣ। ਇੱਥੇ ਤਾਂ ਸ਼ੱਕਅਧੀਨ ਫੜੇ ਵਿਅਕਤੀ ਬਿਨਾਂ ਮੁਕੱਦਮਾ ਚਲਾਏ ਹੀ ਕਈ ਕਈ ਸਾਲ ਜੇਲ੍ਹਾਂ ਵਿੱਚ ਸੜਦੇ ਹਨ। ਅਦਾਲਤਾਂ ਤੋਂ ਇਨਸਾਫ ਦੀ ਮੰਗ ਕਰਦੇ ਲੋਕ ਮਰ ਜਾਂਦੇ ਹਨ।

✻ ✻ ✻ ✻ ✻

........ਸਫਾ 25 ਦੀ ਬਾਕੀ

ਲਾਈਨ ਦੀ ਵਰਤੋਂ ਕਰਨ ਲਈ ਇਸ ਦੀ ਮੁਰੰਮਤ ਦੀ ਲੋੜ ਸੀ। ਇਸ ਲਈ 1947 ਵਿੱਚ ਇਸ ਰੇਲ ਲਾਈਨ ਨੂੰ ਬੰਦ ਕਰ ਦਿੱਤਾ ਗਿਆ। ਇਸ ਦਾ ਬਰਮਾ ਵਾਲਾ ਪਾਸਾ ਤੁੜਵਾ ਕੇ ਇਸ ਦਾ ਸਾਰਾ ਸਮਾਨ ਥਾਈਲੈਂਡ ਦੀ ਸਰਕਾਰ ਨੂੰ ਵੇਚ ਦਿੱਤਾ ਗਿਆ। ਸੰਨ 1957 ਤੋਂ ਥਾਈਲੈਂਡ ਦੇ ਨੌਂਗ ਪਲਾ ਡੱਕ ਤੋਂ ਨਾਮ ਟੌਕ ਤੱਕ 130 ਕਿਲੋਮੀਟਰ ਲੰਮੀ ਰੇਲਵੇ ਲਾਈਨ ਵਰਤੋਂ ਵਿੱਚ ਹੈ। ਇਸ ਕੰਮ ਵਿੱਚ ਮਨੁੱਖੀ ਜਾਨਾਂ ਦਾ ਨੁਕਸਾਨ ਦਿਲ ਕੰਬਾਊ ਹੈ। ਇਸ ਵਿੱਚ ਕੰਮ ਕਰਨ ਵਾਲੇ 29% ਬ੍ਰਿਟਿਸ਼, 31% ਅਸਟ੍ਰੇਲੀਅਨ, 23% ਅਮਰੀਕਨ ਅਤੇ 19% ਡੱਚ ਕੈਦੀ ਫੌਜੀ ਮਾਰੇ ਗਏ। ਇਸ ਤੋਂ ਇਲਾਵਾ 90% ਏਸ਼ੀਅਨ ਕਾਮਿਆਂ ਦੀਆਂ ਜਾਨਾਂ ਚਲੀਆਂ ਗਈਆਂ। ਇਸ ਰੇਲ ਪ੍ਰਾਜੈਕਟ ਨੂੰ ਮਨੁੱਖਤਾ ਵਿਰੁੱਧ ਜੁਲਮ ਵਾਲਾ ਕਾਰਜ ਮੰਨਿਆਂ ਗਿਆ। ਇਸ ਕਾਰਨ ਜੰਗ ਖਤਮ ਹੋਣ ਤੋਂ ਬਾਅਦ ਕਾਮਿਆਂ 'ਤੇ ਜ਼ੁਲਮ ਕਰਨ ਬਦਲੇ 111 ਜਾਪਾਨੀ ਅਧਿਕਾਰੀਆਂ 'ਤੇ ਮੁਕੱਦਮਾ ਚਲਾਇਆ ਗਿਆ ਜਿਨ੍ਹਾਂ ਵਿੱਚੋਂ 32 ਨੂੰ ਮੌਤ ਦੀ ਸਜ਼ਾ ਹੋਈ।

ਇਹ ਰੇਲਵੇ ਲਾਈਨ ਬਣਾਉਣ ਲਈ ਲੱਖਾਂ ਬੇਕਸੂਰ ਤੇ ਮਿਹਨਤਕਸ਼ ਕਾਮਿਆਂ ਦੀਆਂ ਮੌਤਾਂ ਹੋਈਆਂ, ਇਸ ਕਾਰਨ ਹੀ ਇਹ ਰੇਲਵੇ ਲਾਈਨ ਇਤਿਹਾਸ ਵਿੱਚ ਮੌਤ ਰੇਲਵੇ ਵਜੋਂ ਜਾਣੀ ਜਾਂਦੀ ਹੈ।

## ਸੈਣੀ ਲਿਖਾਰੀ

ਅੰਕ 40 ਦੇ ਪੰਨਾ 40 ਤੋਂ ਅੱਗੇ

**ਸੰਜੀਵ ਸਿੰਘ ਸੈਣੀ, ਵਾਰਤਾਕਾਰ,** # ਗੀਤਾ ਭਵਨ, ਭਗਤ ਸਿੰਘ ਨਗਰ, ਬਰਵਾਲਾ ਰੋਡ, ਡੇਰਾ ਬਸੀ ਜ਼ਿਲ੍ਹਾ-ਮੋਹਾਲੀ,ਫੋਨ-7888966168

**ਥੰਮਣ ਸਿੰਘ ਸੈਣੀ; ਕਵੀ;** ਪਿੰਡ-ਕੋਟਲੀ ਸੈਫੀਆਂ; ਜ਼ਿਲ੍ਹਾ-ਗੁਰਦਾਸਪੁਰ; # 1427, ਫੇਜ਼-2; ਮੋਹਾਲੀ ਫੋਨ-9815366041

**ਦਲਜੀਤ ਕੌਰ ਸੈਣੀ (ਡਾ.); ਕਵੀ;** ਹਵੇਲੀ ਕਲਾਂ(ਰੋਪੜ); # 2571, 40ਸੀ ਚੰਡੀਗੜ੍ਹ; 9463743144;

**ਦਵਿੰਦਰ ਸਿੰਘ ਗਿਹਲਨ; ਵਾਰਤਾਕਾਰ;** ਪਿੰਡ-ਜਿਆ ਨੱਥਾ; ਤਹਿ.ਦਸੂਆ; ਜ਼ਿਲ੍ਹਾ-ਹੁਸ਼ਿਆਰਪੁਰ ਫੋਨ-9463262223

**ਦਵਿੰਦਰ ਸਿੰਘ ਜਟਾਣਾ; ਵਾਰਤਾਕਾਰ;** ਪਿੰਡ-ਜਟਾਣਾ; ਜ਼ਿਲ੍ਹਾ-ਰੂਪਨਗਰ # ਜ਼ੈਲ ਸਿੰਘ ਨਗਰ,ਰੂਪਨਗਰ; ਫੋਨ-9876062736

**ਧਰਮ ਸਿੰਘ ਤਾਲਾਪੁਰੀ; ਕਵੀ;** ਪਿੰਡ-ਤਾਲਾਪੁਰ; ਜ਼ਿਲ੍ਹਾ-ਰੂਪਨਗਰ; # 2209 ਸੈਕ.68, ਮੋਹਾਲੀ; ਫੋਨ-9988544734

ਨਵਤੇਜ ਪੁਆਧੀ(ਸਵ.); ਕਹਾਣੀਕਾਰ; ਪਿੰਡ-ਭਿਉਰਾ; ਜ਼ਿਲ੍ਹਾ-ਰੂਪਨਗਰ # ਦਿੱਲੀ

**ਨਰਿੰਦਰ 'ਨਿੰਦੀ'; ਕਵੀ ਤੇ ਕਲਾਕਾਰ;** ਪਿੰਡ-ਜਟਾਣਾ,ਜ਼ਿਲ੍ਹਾ-ਰੂਪਨਗਰ; # 108,ਚੰਡੀਗੜ੍ਹ ਹਾਊਸਿੰਗ ਬੋਰਡ,ਸੈਕ.51-9855702108

**ਨਿਰਮਲ ਸਿੰਘ ਨਿਰਮਲ(ਸਵ.); ਕਵੀ;** ਪਿੰਡ-ਫਤਿਹਪੁਰ ਨੁਸ਼ਹਿਰਾ; ਜ਼ਿਲ੍ਹਾ- ਹੁਸਿਆਰਪੁਰ; # 534 ਗਿ.ਜੈ.ਸਿੰਘ ਨਗਰ,ਰੂਪਨਗਰ

**ਨੀਲਮ ਸੈਣੀ; ਕਵੀ;** ਪਿੰਡ-ਮੂਣਕ ਕਲਾਂ; ਜ਼ਿਲ੍ਹਾ-ਹੁਸ਼ਿਆਰਪੁਰ; # ਹੇਵਰਡ; ਕੈਲੇਫੋਰਨੀਆਂ; ਯੂ.ਐਸ.ਏ.

**ਪ੍ਰਿਤਪਾਲ ਸਿੰਘ ਜਟਾਣਾ: ਕਵੀ;** ਪਿੰਡ-ਜਟਾਣਾ ਜ਼ਿਲ੍ਹਾ-ਰੋਪੜ; #1104, 49 ਬੀ, ਚੰਡੀਗੜ੍ਹ; 9915342742

**ਪ੍ਰੀਤਮ ਸੈਣੀ(ਡਾ.) ਸਵ.; ਆਲੋਚਕ ਅਤੇ ਵਾਰਤਾਕਾਰ;** ਪਿੰਡ-ਕਰਵਾਲ; ਜ਼ਿਲ੍ਹਾ-ਸਿਆਲਕੋਟ(ਪਾਕਿਸਤਾਨ); ਸੰਗਰੂਰ ਪਾਲੀ ਲਸਾੜਾ, ਸਾਬੀ ਪਾਬਲ਼ਾ; ਕਵੀ; ਪਿੰਡ-ਲਸਾੜਾ;ਜ਼ਿਲ੍ਹਾ-ਜਲੰਧਰ ਫੋਨ-9878827435,9872952093,

**ਬਲਬੀਰ ਸਿੰਘ ਸੈਣੀ; ਕਵੀ;** ਪਿੰਡ-ਕਥਵਾ; ਜ਼ਿਲ੍ਹਾ-ਕੁਰੂਕਸ਼ੇਤਰ; ਹਰਿਆਣਾ; # ਨੰਗਲ ਟਾਊਨਸ਼ਿਪ ਜ਼ਿਲ੍ਹਾ-ਰੂਪਨਗਰ; 9464647540

**ਬਰਜਿੰਦਰ ਸਿੰਘ ਹਮਦਰਦ; ਕਵੀ;** ਜਲੰਧਰ; ਅਜੀਤ ਪਬਲੀਕੇਸ਼ਨ, ਜਲੰਧਰ

**ਬਲਜੀਤ ਸਿੰਘ ਸੈਣੀ; ਕਵੀ;** ਪਿੰਡ-ਲੋਹਗੜ੍ਹ ਫਿੱਡੇ; ਜ਼ਿਲ੍ਹਾ-ਰੂਪਨਗਰ # 743, ਸੈਕ. 63, ਮੋਹਾਲੀ; ਫੋਨ-9888515261

**ਬਲਵੰਤ ਸਿੰਘ ਸਨੇਹੀ;(ਸਵ.); ਕਵੀ;** ਪਿੰਡ-ਲੋਦੀ ਮਾਜਰਾ,ਜ਼ਿਲ੍ਹਾ-ਰੂਪਨਗਰ;# 688,ਅਰਬਣ ਅਸਟੇਟ, ਜਲੰਧਰ

**ਭੁਪਿੰਦਰ ਸਿੰਘ (ਸਵ.); ਕਹਾਣੀਕਾਰ;** ਪਿੰਡ ਮਹਿਤਪੁਰ (ਉਲੱਦਣੀ); ਜ਼ਿਲ੍ਹਾ ਨਵਾਂਸ਼ਹਿਰ

**ਭਾਗ ਸਿੰਘ ਰਾਹੀ; ਕਵੀ;** ਪਿੰਡ-ਮਹਿਤਪੁਰ (ਉਲੱਦਣੀ); ਜ਼ਿਲ੍ਹਾ-ਨਵਾਂਸ਼ਹਿਰ;

**ਮਲਕੀਅਤ ਸਿੰਘ ਮਹਿਤਪੁਰੀ; ਕਵੀ;** ਪਿੰਡ-ਮਹਿਤਪੁਰ; ਜ਼ਿਲ੍ਹਾ- ਨਵਾਂਸ਼ਹਿਰ # 266 ਗਿ.ਜੈ.ਸਿੰ ਨਗਰ ਰੂਪਨਗਰ ਫੋਨ- 9501420266

**ਮਾਨ ਸਿੰਘ ਮਾਨ (ਗਿਆਨੀ) ਸਵ. ਸਟੇਜੀ ਕਵੀ;** ਪਿੰਡ-ਝੱਲੀਆਂ ਖੁਰਦ; ਜ਼ਿਲ੍ਹਾ-ਰੂਪਨਗਰ

**ਮਲਕੀਅਤ ਸਿੰਘ ਸੈਣੀ(ਡਾ.);ਵਾਰਤਾਕਾਰ;** ਪਿੰਡ-ਸ਼੍ਰੀਹਰਗੋਬਿੰਦਪੁਰ;ਜ਼ਿਲ੍ਹਾ-ਗੁਰਦਾਸਪੁਰ;#ਨਿਊ ਮਿਹਰ ਸਿੰਘ ਕਲੋਨੀ,ਪਟਿਆਲਾ;9417120251

**ਮਨਜੀਤ ਕੌਰ ਅੰਬਾਲਵੀ; ਕਵੀ;** ਪਿੰਡ- ਖਿਜ਼ਰਾਬਾਦ, ਜ਼ਿਲ੍ਹਾ-ਰੂਪਨਗਰ; # 43ਏ ਮਤੀ ਦਾਸ ਨਗਰ ਅੰਬਾਲਾ ਛਾਉਣੀ ਫੋਨ- 9416271625

**ਮਨਜੀਤ ਕੌਰ ਬੋਲ਼ਾ; ਕਵੀ;** # 264,ਬੋਲ਼ਾ ਨਿਵਾਸ; ਕ੍ਰਿਸ਼ਨ ਨਗਰ, ਬੰਗਾ; ਜ਼ਿਲ੍ਹਾ- ਨਵਾਂਸ਼ਹਿਰ; ਫੋਨ-9463875813

**ਮਨਜੀਤ ਸਿੰਘ ਤੰਬੜ; ਵਾਰਤਾਕਾਰ;** ਪਿੰਡ-ਪੰਜੌੜ; ਜ਼ਿਲ੍ਹਾ-ਹੁਸ਼ਿਆਰਪੁਰ; ਫੋਨ-9876036975;ਈ.ਮੇਲ-manjittamber54@yahoo.com

**ਮਹਿੰਦਰ ਸਿੰਘ ਐਡਵੋਕੇਟ; ਵਾਰਤਾਕਾਰ;** ਪਿੰਡ-ਭਲਿਆਣ; ਜ਼ਿਲ੍ਹਾ-ਰੂਪਨਗਰ; # ਗੁਰੂ ਤੇਗ ਬਹਾਦਰ ਨਗਰ,ਰੂਪਨਗਰ ਫੋਨ-9464451910

**ਮਿਹਰ ਸਿੰਘ( ਪ੍ਰੋ.) ਕਹਾਣੀਕਾਰ;** ਪਿੰਡ-ਕਰਤਾਰਪੁਰ, ਜ਼ਿਲ੍ਹਾ-ਪਟਿਆਲਾ # 1931; ਫੇਜ਼-10; ਮੋਹਾਲੀ; ਫੋਨ-9855071931

**ਰਣਬੀਰ ਸਿੰਘ ਬਲਗੀਰ(ਡਾ.); ਵਾਰਤਾਕਾਰ;** ਪਿੰਡ-ਭੁੰਗਰਨੀ; ਜ਼ਿਲ੍ਹਾ-ਹੁਸ਼ਿਆਰਪੁਰ;# ਦਸਮੇਸ਼ ਨਗਰ,ਖਰੜ; ਜ਼ਿਲ੍ਹਾ-ਮੋਹਾਲੀ-8146237155

**ਰਣਜੀਤ ਸਿੰਘ(ਡਾ) ; ਵਾਰਤਾਕਾਰ ;** ਪਿੰਡ-ਸੂਰਾਂਪੁਰ; ਜ਼ਿਲ੍ਹਾ-ਨਵਾਂਸ਼ਹਿਰ #3317, ਅਰਬਨ ਅਸਟੇਟ, ਲੁਧਿਆਣਾ ਫੋਨ-9417087328

**ਰਤਨ ਸਿੰਘ ਸਹੌੜਾਂ( ਸਵ.); ਕਵੀ;** ਪਿੰਡ-ਸਹੌੜਾਂ; ਜ਼ਿਲ੍ਹਾ-ਮੋਹਾਲੀ;

41
July - Sep. 2021

Estb. 1971

# ਸੈਣੀ ਸੰਸਾਰ
# Saini Sansar

PUBLISHERS
KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001
ਮੁੱਲ : 30 ਰੁਪਏ